ISSN 2394-8507
ਭੇਟਾ : ₹ ੫/-


ਮਾਸਿਕ

# ਗੁਰਮਤਿ ਪ੍ਰਕਾਸ਼

ਜਿਲਦ : ੬੭ ਹਾੜ-ਸਾਵਣ ਸੰਮਤ ਨਾਨਕਸ਼ਾਹੀ ੫੫੫ ਜੁਲਾਈ ੨੦੨੩ ਅੰਕ : ੪
Vol. : 67 July 2023 Issue : 4

ਗੁਰਦੁਆਰਾ ਸ੍ਰੀ ਬੰਗਲਾ ਸਾਹਿਬ, ਦਿੱਲੀ





ਭਾਈ ਤਾਰੂ ਸਿੰਘ ਜੀ ਨੂੰ ਸ਼ਹੀਦ ਕੀਤੇ ਜਾਣ ਦਾ ਦ੍ਰਿਸ਼

ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਹਾੜ-ਸਾਵਣ, ਸੰਮਤ ਨਾਨਕਸ਼ਾਹੀ ੫੫੫ ਜੁਲਾਈ 2023

ਜਿਲਦ ੬੭ (Vol. 67) ਅੰਕ ੪ (Issue 4)

*ਸੰਪਾਦਕ*
**ਸਤਵਿੰਦਰ ਸਿੰਘ**
*ਸਹਾਇਕ ਸੰਪਾਦਕ*
**ਬਿਕਰਮਜੀਤ ਸਿੰਘ**

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

*Secretary*
*Dharam Parchar Committee*
*(S.G.P.C.)*
*Sri Amritsar-143006*

ਫੋਨ: 0183-2553956-59 ਐਕਸ 304 ਫੈਕਸ: 0183-2553919

website : www.sgpc.net
e-mail :gurmatparkashmonthly@gmail.com,
gyan_gurmat@yahoo.com

ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| 'ਸਿੱਖ' ਸ਼ਬਦ ਨਾਲ ਵਰਨ-ਵੰਡ ਦੀ ਪਛਾਣ ਗ਼ੈਰ-ਸਿਧਾਂਤਕ ਹੈ | -ਸਤਵਿੰਦਰ ਸਿੰਘ ਫੂਲਪੁਰ | ੮ |
| ਬਾਲਾ ਪ੍ਰੀਤਮ: ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | -ਸ੍ਰੀ ਰਮੇਸ਼ ਬੱਗਾ ਚੋਹਲਾ | ੧੧ |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਅਸਥਾਨ | -ਡਾ. ਪਰਮਵੀਰ ਸਿੰਘ | ੧੫ |
| ਗੁਰਬਾਣੀ (ਕਵਿਤਾ) | -ਸ. ਮਹਿੰਦਰ ਸਿੰਘ | ੩੪ |
| ਪਹਿਲਾ ਸਿੱਖ ਹੁਕਮਰਾਨ - ਬਾਬਾ ਬੰਦਾ ਸਿੰਘ ਬਹਾਦਰ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੩੫ |
| ਧਰਮ ਪ੍ਰਚਾਰ ਲਈ ਗੁਰਦੁਆਰੇ ਕੀ ਭੂਮਿਕਾ ਨਿਭਾਉਣ | -ਡਾ. ਇੰਦਰਜੀਤ ਸਿੰਘ ਗੋਗੋਆਣੀ | ੫੧ |
| ਸੰਸਾਰ ਵਿਚ ਪ੍ਰੀਤ ਦਾ ਕਾਲ | -ਪ੍ਰੋ. ਪੂਰਨ ਸਿੰਘ | ੫੪ |
| ਸ਼ਹੀਦ ਭਾਈ ਮਨੀ ਸਿੰਘ ਜੀ | -ਗਿ. ਸੋਹਣ ਸਿੰਘ ਸੀਤਲ | ੫੯ |
| ਭਾਈ ਤਾਰੂ ਸਿੰਘ ਪੂਹਲਾ ਜੀ ਦੀ ਸ਼ਹੀਦੀ | -ਡਾ. ਅਮਰਜੀਤ ਕੌਰ ਇੱਬਣ ਕਲਾਂ | ੬੫ |
| ਗੁਰਬਾਣੀ ਵਿਚ ਗਿਆਨ | -ਡਾ. ਤੇਜਿੰਦਰ ਪਾਲ ਸਿੰਘ | ੬੭ |
| ਊਡੇ ਊਡਿ ਆਵੈ ਸੈ ਕੋਸਾ | -ਸ. ਰਣਜੀਤ ਸਿੰਘ | ੭੯ |
| ਬਹੁਪੱਖੀ ਸ਼ਖ਼ਸੀਅਤ: ਬੀਬੀ ਜੋਗਿੰਦਰ ਕੌਰ ਜੀ . . . | -ਡਾ. ਰਣਜੀਤ ਕੌਰ ਪੰਨਵਾਂ | ੮੪ |
| ਖੁਸ਼ੀ, ਤੰਦਰੁਸਤੀ ਅਤੇ ਖੁਸ਼ਹਾਲੀ | -ਸ. ਜਗਜੀਤ ਸਿੰਘ ਦੋਰਾਹਾ | ੮੭ |
| ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ (ਕਵਿਤਾ) | -ਡਾ. ਹਰੀ ਸਿੰਘ ਜਾਚਕ | ੮੯ |
| ਪੁਸਤਕ ਰੀਵਿਊ | | ੯੦ |
| ਪਰਾਰਥਨਾਤੀਤ ਦਾਨ ਭਾਈ ਤਾਰੂ ਸਿੰਘ ਜੀ ਸ਼ਹੀਦ (ਕਵਿਤਾ) | -ਸ੍ਰੀ ਰਵਿੰਦਰ ਨਾਥ ਟੈਗੋਰ | ੯੧ |
| ਖ਼ਬਰਨਾਮਾ | | |
| ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ | | ੯੮ |

# ਗੁਰਬਾਣੀ ਵਿਚਾਰ

*ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥*
*ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥*
*ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥*
*ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥*
*ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥*
*ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥*
*ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ॥*
*ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ॥*
*ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥੬॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ 'ਬਾਰਹ ਮਾਹਾ ਮਾਂਝ' ਦੀ ਇਸ ਪਾਵਨ ਪਉੜੀ ਦੁਆਰਾ ਸਾਉਣ ਮਹੀਨੇ ਦੀ ਵਰਖਾ ਰੁੱਤ ਤੇ ਇਸ ਨਾਲ ਸੰਬੰਧਿਤ ਬਿੰਬਾਵਲੀ ਰਾਹੀਂ ਜੀਵ ਦੇ ਪਰਮਾਤਮਾ ਰੂਪੀ ਪਤੀ ਨਾਲ ਸਦੀਵੀ ਮਿਲਾਪ ਕਰਨ ਦਾ ਗੁਰਮਤਿ ਗਾਡੀ ਮਾਰਗ ਬਖ਼ਸ਼ਿਸ਼ ਕਰਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਸਾਉਣ ਮਹੀਨੇ ਦੀ ਰੁੱਤ ਇੰਨੀ ਰਸ ਵਾਲੀ ਤੇ ਹਰੀ-ਭਰੀ ਹੈ ਕਿ ਇਸ ਵਿਚ ਜੀਵ-ਇਸਤਰੀ ਦਾ ਪਤੀ-ਪਰਮਾਤਮਾ ਨਾਲ ਸਹਿਜੇ ਹੀ ਪਿਆਰ ਬਣ ਜਾਂਦਾ ਹੈ। ਇਸ ਵਿਚ ਉਸ ਦਾ ਮਨ ਅਤੇ ਸਰੀਰ ਭਾਵ ਉਸ ਦਾ ਸਮੁੱਚਾ ਆਪਾ ਪਰਮਾਤਮਾ ਦੇ ਸੱਚੇ ਰੰਗ ਵਿਚ ਰੰਗੀਜ ਕੇ ਉਸ ਦੇ ਸਦੀਵੀ ਜੀਵਨ ਪ੍ਰਦਾਨ ਕਰਨ ਵਾਲੇ ਨਾਮ ਨੂੰ ਆਪਣਾ ਇੱਕੋ-ਇੱਕ ਆਸਰਾ ਬਣਾ ਲੈਂਦਾ ਹੈ। ਜੀਵ-ਇਸਤਰੀ ਨੂੰ ਨਿਰੋਲ ਸੰਸਾਰਿਕਤਾ ਝੂਠੀ ਮਹਿਸੂਸ ਹੋਣ ਲੱਗਦੀ ਹੈ ਤੇ ਇਸ ਸੰਸਾਰ ਦੇ ਮਨ ਨੂੰ ਮੋਹ ਲੈਣ ਵਾਲੇ ਪਦਾਰਥ ਤੇ ਧਨ-ਦੌਲਤ ਆਦਿ ਕਿਸੇ ਕੰਮ ਨਾ ਆ ਸਕਣ ਵਾਲੇ ਦਿੱਸਣ ਲੱਗਦੇ ਹਨ। ਉਸ ਨੂੰ ਇਹ ਮਹਿਸੂਸ ਹੋ ਜਾਂਦਾ ਹੈ ਕਿ ਪਰਮਾਤਮਾ ਦੇ ਸੱਚੇ ਨਾਮ ਦਾ ਤੁਪਕਾ ਹੀ ਸੱਚੇ ਗੁਰੂ ਨੂੰ ਮਿਲ ਕੇ ਪੀਣ ਦੇ ਯੋਗ ਹੈ। ਉਸ ਨੂੰ ਇਹ ਅਨੁਭੂਤੀ ਵੀ ਹੋ ਜਾਂਦੀ ਹੈ ਕਿ ਸਾਰੀ ਬਨਸਪਤੀ ਮਾਲਕ ਪਰਮਾਤਮਾ ਨਾਲ ਜੁੜ ਕੇ ਹੀ ਵਿਗਸਦੀ-ਮਹਿਕਦੀ ਹੈ, ਇਹ ਅਸੀਮ ਸਮਰੱਥਾ ਉਸ ਅਕਾਲ ਪੁਰਖ ਦੀ ਹੀ ਹੈ। ਸਾਉਣ ਦੀ ਸੁਹਾਵਣੀ ਰੁੱਤ ਵਿਚ ਜੀਵ-ਇਸਤਰੀ ਦਾ ਮਨ ਤਾਂ ਮਾਲਕ ਨੂੰ ਮਿਲਣ ਵਾਸਤੇ ਤਾਂਘ ਰੱਖਦਾ ਹੈ ਐਪਰ ਆਪਣੀ ਮਿਹਰ ਕਰ ਕੇ ਆਪਣੇ ਨਾਲ ਮਿਲਾਉਣ ਵਾਲਾ ਉਹ ਮਾਲਕ ਆਪ ਹੀ ਹੈ। ਮੈਂ ਜੀਵ-ਇਸਤਰੀ ਆਪਣੀਆਂ ਉਨ੍ਹਾਂ ਸਹੇਲੀਆਂ ਤੋਂ ਵਾਰੇ-ਬਲਿਹਾਰੇ ਜਾਂਦੀ ਹਾਂ ਜਿਨ੍ਹਾਂ ਸਾਉਣ ਦੀ ਸੁਹਾਵਣੀ ਬਹਾਰ ਦਾ ਲਾਹਾ ਲੈਂਦਿਆਂ ਮਾਲਕ ਨੂੰ ਹਾਸਲ ਕਰ ਲਿਆ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਮਿਲਾਪ ਦੀ ਤਾਂਘ ਰੱਖਣ ਵਾਲੀ ਜੀਵ-ਇਸਤਰੀ ਬੇਨਤੀ ਜੋਦੜੀ ਕਰਦੀ ਹੈ ਕਿ ਹੇ ਨਾਨਕ! ਕਿਰਪਾ ਬਖ਼ਸ਼ਿਸ਼ ਕਰੋ, ਮੈਨੂੰ ਗੁਰ-ਸ਼ਬਦ ਦੁਆਰਾ ਸੁਆਰ ਲਵੋ ਕਿਉਂਕਿ ਇਕ ਗੁਰੂ-ਸ਼ਬਦ ਹੀ ਹੈ ਜੋ ਜਗਿਆਸੂ ਨੂੰ ਸੁਆਰਨ ਵਾਲਾ ਹੈ। ਜਿਨ੍ਹਾਂ ਜੀਵ-ਇਸਤਰੀਆਂ ਨੇ ਆਪਣੇ ਹਿਰਦੇ ਰੂਪੀ ਗਲ਼ ਵਿਚ ਮਾਲਕ ਪਰਮਾਤਮਾ ਦੀ ਯਾਦ ਰੂਪੀ ਸੱਚੇ ਨਾਮ ਦਾ ਹਾਰ ਪਹਿਨ ਲਿਆ ਹੈ, ਸਾਉਣ ਦਾ ਮਹੀਨਾ ਸਹੀ ਅਰਥਾਂ ਵਿਚ ਉਨ੍ਹਾਂ ਦੀ ਮਾਲਕ ਨਾਲ ਇਕਮਿਕਤਾ ਬਣਾਉਣ 'ਚ ਸਹਾਈ ਹੁੰਦਾ ਹੈ। ■

ਸੰਪਾਦਕੀ...

# ਮਾਤਾਵਾਂ ਧਾਰਮਿਕ ਆਦਰਸ਼ਾਂ ਦੀਆਂ ਰਾਹ-ਦਸੇਰੀਆਂ ਬਣਨ

*ਵਰਤਮਾਨ ਵਿਚ ਅਸੀਂ ਜੇਕਰ ਆਪਣੇ ਆਲੇ-ਦੁਆਲੇ ਵੱਲ ਝਾਤ ਮਾਰੀਏ ਤਾਂ ਅੱਜ ਸਾਨੂੰ ਗੁਰੂ ਸਾਹਿਬਾਨ ਦੀਆਂ ਉਮੰਗਾਂ ਵਾਲੇ ਆਦਰਸ਼ਕ ਸਮਾਜ ਦੀ ਅਣਹੋਂਦ ਹੀ ਨਜ਼ਰ ਆਉਂਦੀ ਹੈ। ਇਸ ਸਮਾਜਿਕ ਨਿਘਾਰ ਨੇ ਮਨੁੱਖਤਾ ਦੇ ਨੈਤਿਕ ਪੱਧਰ ਨੂੰ ਬਹੁਤ ਨੀਵਿਆਂ ਕਰ ਛੱਡਿਆ ਹੈ। ਅਜਿਹੀ ਦਸ਼ਾ ਵਿਚ ਧਰਮੀ ਸਮਾਜ ਦੀ ਸਿਰਜਣਾ ਹੀ ਸਾਰੀਆਂ ਸਮਾਜਿਕ ਬੁਰਾਈਆਂ ਦਾ ਸਾਰਥਕ ਸਮਾਧਾਨ ਹੋ ਸਕਦੀ ਹੈ। ਧਰਮ ਦੇ ਪ੍ਰਚਾਰ ਪ੍ਰਸਾਰ ਲਈ ਜਿੱਥੇ ਧਾਰਮਿਕ ਸੰਸਥਾਵਾਂ, ਪ੍ਰਚਾਰਕ, ਕਥਾ-ਵਾਚਕ ਆਦਿ ਆਪੋ-ਆਪਣਾ ਬਣਦਾ ਸਰਦਾ ਯੋਗਦਾਨ ਪਾ ਰਹੇ ਹਨ, ਉੱਥੇ ਸਾਡੀਆਂ ਮਾਤਾਵਾਂ ਇਸ ਕਾਰਜ ਵਿਚ ਸਭ ਨਾਲੋਂ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। ਜੇਕਰ ਅਸੀਂ ਗੁਰਮਤਿ ਅਨੁਸਾਰੀ ਆਦਰਸ਼ਕ ਧਰਮੀ ਸਮਾਜ ਦੀ ਸਿਰਜਣਾ ਕਰਨੀ ਚਾਹੁੰਦੇ ਹਾਂ ਤਾਂ ਸਭ ਤੋਂ ਪਹਿਲਾਂ ਗੁਰਮਤਿ ਦੀ ਰੋਸ਼ਨੀ ਵਿਚ ਬਚਪਨ ਨੂੰ ਸਵਾਰਨਾ ਹੋਵੇਗਾ, ਜਿਸ ਤਰ੍ਹਾਂ ਫਸਲ ਬੀਜਣ ਲੱਗਿਆਂ ਪਨੀਰੀ ਦਾ ਵਿਸ਼ੇਸ਼ ਰੂਪ ਵਿਚ ਪਾਲਣ-ਪੋਸ਼ਣ ਕੀਤਾ ਜਾਂਦਾ ਹੈ ਕਿਉਂਕਿ ਜੇਕਰ ਪਨੀਰੀ ਸਿਹਤਮੰਦ ਤੇ ਅਰੋਗ ਹੋਵੇਗੀ ਤਾਂ ਹੀ ਫਸਲ ਤੋਂ ਵਧੀਆ ਝਾੜ ਦੀ ਆਸ ਰੱਖੀ ਜਾ ਸਕਦੀ ਹੈ। ਇਸੇ ਤਰ੍ਹਾਂ ਬੱਚੇ ਸਮਾਜ ਦੀ ਪਨੀਰੀ ਹਨ ਅਤੇ ਜੇਕਰ ਗੁਰਬਾਣੀ ਦੀ ਖੁਰਾਕ ਅਤੇ ਧਾਰਮਿਕ ਸੰਸਕਾਰਾਂ ਦੀ ਵਾੜ ਦੇ ਕੇ ਬੱਚਿਆਂ ਦੀ ਪਰਵਰਿਸ਼ ਕੀਤੀ ਜਾਵੇ ਤਾਂ ਭਵਿੱਖ ਵਿਚ ਧਰਮੀ ਸਮਾਜ ਦੀ ਸਿਰਜਣਾ ਸੰਭਵ ਹੋ ਸਕਦੀ ਹੈ। ਇਹ ਕਾਰਜ ਮਾਤਾਵਾਂ ਹੀ ਕਰ ਸਕਦੀਆਂ ਹਨ। ਮਾਂ ਨੂੰ ਬੱਚੇ ਦਾ ਪਹਿਲਾ ਅਧਿਆਪਕ ਮੰਨਿਆ ਜਾਂਦਾ ਹੈ। ਬੱਚੇ ਦੀ ਸ਼ਖ਼ਸੀਅਤ ਮਾਤਾਵਾਂ ਦੁਆਰਾ ਬਚਪਨ ਵਿਚ ਦਿੱਤੇ ਸੰਸਕਾਰਾਂ ਉੱਪਰ ਨਿਰਭਰ ਕਰਦੀ ਹੈ। ਮਨੋਵਿਗਿਆਨੀ ਵੀ ਇਹ ਗੱਲ ਮੰਨਦੇ ਹਨ ਕਿ ਬਚਪਨ ਵਿਚ ਦਿੱਤੇ ਸੰਸਕਾਰਾਂ ਦਾ ਅਸਰ ਚਿਰਕਾਲ ਤਕ ਰਹਿੰਦਾ ਹੈ। ਅਸੀਂ ਜਦੋਂ ਪੁਰਾਤਨ ਸਿੱਖਾਂ ਦੇ ਉੱਚੇ, ਸੁੱਚੇ ਆਦਰਸ਼ਕ ਕਿਰਦਾਰ ਵੱਲ ਦੇਖਦੇ ਹਾਂ ਤਾਂ ਤੁਲਨਾਤਮਕ ਪੱਧਰ ’ਤੇ ਅੱਜ ਸਾਡੇ ਕਿਰਦਾਰ ਦੇ ਮੁਕਾਬਲੇ ਭਾਰੀ ਅੰਤਰ ਨਜ਼ਰ ਆਉਂਦਾ ਹੈ। ਹੁਣ ਜੇਕਰ ਅਸੀਂ ਇਸ ਅੰਤਰ ਦੇ ਕਾਰਨਾਂ ਨੂੰ ਤਲਾਸ਼ਣ ਦਾ ਯਤਨ ਕਰੀਏ ਤਾਂ ਇਸ ਪਿੱਛੇ ਪੁਰਾਤਨ ਮਾਤਾਵਾਂ ਦਾ ਆਪਣਾ ਗੁਰਸਿੱਖੀ ਕਿਰਦਾਰ ਅਤੇ ਆਪਣੇ ਬੱਚਿਆਂ ਨੂੰ ਦਿੱਤੀ ਜਾਂਦੀ ਗੁਰਮਤਿ ਦੀ ਗੁੜਤੀ ਮੁੱਖ ਕਾਰਨ ਨਜ਼ਰ ਆਵੇਗੀ।*

*ਪੁਰਾਤਨ ਮਾਤਾਵਾਂ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰ ਕੇ ਜਦੋਂ ਦੁੱਧ ਰਿੜਕਣ, ਆਟਾ ਗੁੰਨਣ ਲਗਦੀਆਂ ਤਾਂ ਗੁਰਬਾਣੀ ਦਾ ਪਾਠ ਅਰੰਭ ਕਰ ਲੈਂਦੀਆਂ ਅਤੇ ਅੰਨ ਪਾਣੀ ਤਿਆਰ ਕਰਦਿਆਂ ਨਿਤਨੇਮ ਸੰਪੂਰਨ ਕਰ ਲੈਂਦੀਆਂ ਸਨ। ਇਸ ਤਰ੍ਹਾਂ ਦਹੀਂ, ਲੱਸੀ, ਮੱਖਣ ਦੇ ਵਿਚ ਸੁਖਮਨੀ ਸਾਹਿਬ ਦੀ ਬਾਣੀ ਦਾ ਅੰਮ੍ਰਿਤ ਘੁਲ ਜਾਂਦਾ, ਆਟੇ ਵਿਚ ਜਪੁ ਬਾਣੀ ਦਾ ਰਸ ਗੁੰਨ੍ਹਿਆ ਜਾਂਦਾ। ਪੂਰੀ ਰਸੋਈ ਅੰਮ੍ਰਿਤ-ਮਈ ਬਣ ਜਾਂਦੀ। ਅਜਿਹਾ ਅੰਮ੍ਰਿਤ ਭੋਜਨ ਛਕ ਕੇ ਪੂਰੇ ਪਰਵਾਰ ਦੀਆਂ ਰਗਾਂ ਅੰਦਰ ਧਰਮ ਦੀ ਰੌਂਅ ਚੱਲ ਪੈਂਦੀ। ਅਜਿਹੇ ਗੁਰਬਾਣੀ ਦੇ ਰਸ ਨਾਲ ਭਰਪੂਰ ਪਰਵਾਰਾਂ ਵਾਲਾ ਸਮਾਜ ਗੁਰੂ ਸਾਹਿਬਾਨ ਦੇ ਆਸ਼ਿਆਂ ਵਾਲਾ ਧਰਮੀ ਸਮਾਜ ਹੋ*

*ਨਿਬੜਦਾ ਸੀ। ਅਜਿਹੇ ਸਮਾਜ ਅੰਦਰ ਦਸਾਂ ਨਹੁੰਆਂ ਦੀ ਕਿਰਤ ਨੂੰ ਸਤਿਕਾਰਿਆ ਜਾਂਦਾ ਅਤੇ ਪਾਪ ਦੀ ਕਮਾਈ ਨੂੰ ਗੁਰਬਾਣੀ ਦੀ ਪੰਕਤੀ* **ਉਸੁ ਸੂਅਰ ਉਸੁ ਗਾਇ** *ਅਨੁਸਾਰ ਹਰਾਮ ਸਮਝਿਆ ਜਾਂਦਾ ਸੀ। ਪੁਰਾਤਨ ਮਾਤਾਵਾਂ ਜਦੋਂ ਆਪਣੇ ਲਾਲਾਂ ਨੂੰ ਗੋਦ ਅੰਦਰ ਲੈ ਕੇ ਨਾਮ-ਬਾਣੀ ਦੀ ਗੁੜਤੀ ਦਿੰਦੀਆਂ ਤਾਂ ਅਜਿਹੀ ਪਰਵਰਿਸ਼ ਪਾ ਕੇ ਉੱਚੇ ਆਚਰਣ ਵਾਲੇ, ਨਾਮ-ਰਸੀਏ ਸਿੱਖ ਸਮਾਜ ਅੰਦਰ ਆਦਰਸ਼ਕ ਮਿਸਾਲ ਬਣ ਕੇ ਵਿਚਰਦੇ। ਇਨ੍ਹਾਂ ਧਰਮੀ ਮਾਤਾਵਾਂ ਦੀ ਨਿੱਘੀ ਪਰਵਿਰਸ਼ ਦੇ ਸਦਕਾ ਹੀ ਧਰਮ ਹੇਤ ਸੀਸ ਦੇਣ ਵਾਲੇ, ਬੰਦ-ਬੰਦ ਕਟਾਉਣ ਵਾਲੇ, ਖੋਪਰੀਆਂ ਲਹਾਉਣ ਵਾਲੇ, ਚਰਖੀਆਂ 'ਤੇ ਚੜ੍ਹਨ ਵਾਲੇ, ਆਰਿਆਂ ਨਾਲ ਚੀਰੇ ਜਾਣ ਵਾਲੇ, ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਣ ਵਾਲੇ ਧਰਮੀ ਜਿਊੜੇ ਨਿੱਤ ਦੀ ਅਰਦਾਸ ਵਿਚ ਯਾਦ ਕੀਤੇ ਜਾਂਦੇ ਹਨ।*

*ਅੱਜ ਜੇਕਰ ਗੁਰੂ ਸਾਹਿਬਾਨ ਦੇ ਆਦਰਸ਼ਾਂ ਵਾਲਾ ਸਮਾਜ ਸਿਰਜਣਾ ਹੈ ਤਾਂ ਅਜੋਕੀਆਂ ਮਾਤਾਵਾਂ ਨੂੰ ਬੀਬੀ ਭਾਨੀ ਜੀ ਵਾਲੇ ਉੱਚ ਆਦਰਸ਼ ਦੀਆਂ ਧਾਰਨੀ ਹੋ ਕੇ ਗੁਰੂ ਸਾਹਿਬਾਨ ਦੇ ਵਾਰਸਾਂ ਆਪਣੇ ਪੁੱਤਰਾਂ ਨੂੰ ਇਹ ਅਸੀਸਾਂ ਦੇਣੀਆਂ ਪੈਣਗੀਆਂ ਕਿ* ***ਹੇ ਪੁੱਤਰ! ਤੈਨੂੰ ਮਾਂ ਦੀ ਇਹ ਅਸੀਸ ਹੈ- ਤੈਨੂੰ ਪਰਮਾਤਮਾ ਅੱਖ ਝਮਕਣ ਜਿਤਨੇ ਸਮੇਂ ਲਈ ਭੀ ਨਾਂਹ ਭੁੱਲੇ, ਤੂੰ ਜਗਤ ਦੇ ਮਾਲਕ ਪ੍ਰਭੂ ਦਾ ਨਾਮ ਜਪਦਾ ਰਹੁ। . . . ਹੇ ਪੁੱਤਰ! ਸਤਿਗੁਰੂ ਤੇਰੇ ਉੱਤੇ ਦਇਆਵਾਨ ਰਹੇ, ਗੁਰੂ ਨਾਲ ਤੇਰਾ ਪਿਆਰ ਬਣਿਆ ਰਹੇ। . . . ਹੇ ਪੁੱਤਰ! ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਸਦਾ ਪੀਂਦਾ ਰਹੁ, ਸਦਾ ਲਈ ਤੇਰਾ ਉੱਚਾ ਆਤਮਕ ਜੀਵਨ ਬਣਿਆ ਰਹੇ।*** *ਜੇਕਰ ਬਚਪਨ ਵਿਚ ਹੀ ਬੱਚਿਆਂ ਦੇ ਦੁਆਲੇ ਅਜਿਹੀਆਂ ਅਸੀਸਾਂ ਦਾ ਚੌਗਿਰਦਾ ਸਿਰਜਿਆ ਜਾਵੇ ਤਾਂ ਯਕੀਨਨ ਬੱਚੇ ਵੱਡੇ ਹੋ ਕੇ ਗੁਰਮਤਿ ਰਹਿਣੀ ਦੇ ਧਾਰਨੀ, ਗੁਰੂ-ਘਰ ਦੇ ਪ੍ਰੇਮੀ ਅਤੇ ਉੱਚੇ ਆਦਰਸ਼ਾਂ ਦੇ ਮਾਲਕ ਬਣਨਗੇ।*

*ਸਾਨੂੰ ਲੋੜ ਹੈ ਕਿ ਸਿੱਖ ਮਾਤਾਵਾਂ ਸਿੱਖੀ ਦੇ ਪ੍ਰਚਾਰ ਅਤੇ ਆਦਰਸ਼ਕ ਸਮਾਜ ਦੀ ਘਾੜਤ ਲਈ ਇਕ ਲਹਿਰ ਬਣ ਕੇ ਸਾਹਮਣੇ ਆਉਣ। ਆਪ ਮਾਤਾ ਭਾਗੋ ਜੀ, ਬੀਬੀ ਭਾਨੀ ਜੀ ਦੀਆਂ ਵਾਰਸ ਬਣ ਕੇ ਆਪਣੇ ਬੱਚਿਆਂ ਨੂੰ ਆਪਣੇ ਅਮੀਰ ਗੁਰਮਤਿ ਵਿਰਸੇ ਨਾਲ ਜੋੜਨ। ਜਿਨ੍ਹਾਂ ਬੱਚਿਆਂ ਨੂੰ ਮਾਤਾਵਾਂ ਆਪਣੀ ਨਿੱਘੀ ਗੋਦ ਵਿਚ ਲੈ ਕੇ ਗੁਰਬਾਣੀ ਪੜ੍ਹਨ, ਉੱਚੇ ਆਚਰਣ ਦੀ ਸਿੱਖਿਆ ਦੇਣ, ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਦੇ ਸਾਕੇ ਸੁਣਾਉਣ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਜੀ ਦੀਆਂ ਲਾਸਾਨੀ ਸ਼ਹਾਦਤਾਂ ਦਾ ਇਤਿਹਾਸ ਸੁਣਾਉਣ ਤਾਂ ਵੱਡੇ ਹੋ ਕੇ ਇਨ੍ਹਾਂ ਬੱਚਿਆਂ ਦੇ ਸਿਰਾਂ ਉੱਪਰ ਕਦੇ ਕੈਂਚੀਆਂ ਨਹੀਂ ਚੱਲ ਸਕਦੀਆਂ। ਅਜਿਹੀ ਪਰਵਰਿਸ਼ ਪਾ ਕੇ ਇਹ ਬੱਚੇ ਪਤਿਤਪੁਣਾ, ਨਸ਼ਾ, ਭਰੂਣ ਹੱਤਿਆ, ਦਹੇਜ਼ ਪ੍ਰਥਾ, ਫੈਸ਼ਨਪ੍ਰਸਤੀ ਆਦਿ ਵਰਗੀਆਂ ਅਨੇਕਾਂ ਅਲਾਮਤਾਂ ਅਤੇ ਸਮਾਜਿਕ ਬੁਰਾਈਆਂ ਤੋਂ ਮੁਕਤ ਆਦਰਸ਼ਕ ਸਮਾਜ ਦੀ ਸਿਰਜਣਾ ਕਰਨ ਦੇ ਸਮਰੱਥ ਹੋ ਸਕਦੇ ਹਨ। ਅੱਜ ਸਮਾਜ ਅੰਦਰ ਪ੍ਰਚਲਿਤ ਲੱਚਰਤਾ ਵਿੱਚੋਂ ਕੱਢ ਕੇ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੇ ਵਾਰਸ ਬਣਾਉਣਾ ਮਾਤਾਵਾਂ ਦੇ ਹੱਥ ਵਸ ਹੈ। ਮਾਤਾਵਾਂ ਹੀ ਆਪਣੇ ਬੱਚੇ ਦਾ ਗੁਰਸਿੱਖੀ ਵਾਲਾ ਕਿਰਦਾਰ ਘੜਨ ਲਈ ਸਮਰੱਥ ਹਨ।*

*ਸਤਵਿੰਦਰ ਸਿੰਘ ਫੂਲਪੁਰ*
*ਮੋ: ੯੯੧੪੪-੧੯੪੯੪*

ਸੰਪਾਦਕੀ ਲੇਖ...

# 'ਸਿੱਖ' ਸ਼ਬਦ ਨਾਲ ਵਰਨ-ਵੰਡ ਦੀ ਪਛਾਣ ਗ਼ੈਰ-ਸਿਧਾਂਤਕ ਹੈ

*-ਸਤਵਿੰਦਰ ਸਿੰਘ ਫੂਲਪੁਰ**

ਪਿਛਲੇ ਦਿਨੀਂ ਸਿੱਖ ਇਤਿਹਾਸ ਦੀਆਂ ਲਿਖਤਾਂ ਵਿਚ 'ਬ੍ਰਾਹਮਣ ਸਿੱਖ' ਸ਼ਬਦ ਦਾ ਪ੍ਰਚਲਣ ਸਾਹਮਣੇ ਆਇਆ ਹੈ। 'ਗੁਰੂ ਜੀ ਦੇ ਬ੍ਰਾਹਮਣ ਸਿੱਖ ਸ਼ਹੀਦ' ਲਿਖ ਕੇ ਸ਼ਹੀਦਾਂ ਨੂੰ ਜਾਤ-ਪਾਤ ਵਿਚ ਵੰਡਣ ਦੀ ਕੋਸ਼ਿਸ਼ ਕੀਤੀ ਗਈ ਹੈ। ਸਿੱਖ ਸਾਹਿਤ ਵਿਚ ਅਜਿਹੇ ਸ਼ਬਦਾਂ ਦੀ ਘੁਸਪੈਠ ਸਿੱਖ ਧਰਮ ਨੂੰ ਵਰਨ-ਵੰਡ ਵੱਲ ਧੱਕਣ ਦੀ ਸਾਜ਼ਿਸ਼ ਜਾਪਦੀ ਹੈ। ਅਜਿਹਾ ਚਾਹੇ ਸਿਧਾਂਤਕ ਨਾ-ਸਮਝੀ ਕਾਰਨ ਹੋਇਆ ਹੈ ਜਾਂ ਫਿਰ ਪੰਥ-ਵਿਰੋਧੀ ਸੋਚੀ ਸਮਝੀ ਸਾਜ਼ਿਸ਼ ਦਾ ਹਿੱਸਾ ਹੈ, ਦੋਨੋ ਹਾਲਾਤਾਂ ਵਿਚ ਅਜਿਹਾ ਸਿਧਾਂਤਕ ਹਮਲਾ ਪੰਥ ਲਈ ਘਾਤਕ ਹੈ।

ਇਸ ਮਸਲੇ ਬਾਰੇ ਗੰਭੀਰ ਹੋਣਾ ਤਾਂ ਵੀ ਜ਼ਰੂਰੀ ਹੋ ਜਾਂਦਾ ਹੈ ਕਿਉਂਕਿ ਪਿਛਲੇ ਦਿਨੀਂ ਸੋਸ਼ਲ ਮੀਡੀਆ ਉੱਪਰ, ਇਕ ਪੰਥ-ਵਿਰੋਧੀ ਜਥੇਬੰਦੀ ਦੀ ਇਕ ਅਵਾਜ਼ ਰਿਕਾਰਡਿੰਗ(Voice Recording) ਸੁਣੀ ਗਈ, ਜਿਸ ਵਿਚ ਉਹ ਕਹਿ ਰਹੇ ਹਨ ਕਿ ਸਿੱਖ ਲਿਟਰੇਚਰ ਨੂੰ ਇਸਤੇਮਾਲ ਕਰ ਕੇ ਇਨ੍ਹਾਂ ਕੋਲੋਂ ਹੀ ਇਨ੍ਹਾਂ ਦੀ ਪਛਾਣ ਖੋਹ ਲੈਣੀ ਹੈ।

ਹੁਣ ਜੇਕਰ ਇਸ ਅਵਾਜ਼ ਰਿਕਾਰਡਿੰਗ ਦੀ ਕੜੀ ਨੂੰ 'ਬ੍ਰਾਹਮਣ ਸਿੱਖ' ਦੀ ਕੜੀ ਨਾਲ ਜੋੜ ਕੇ ਵੇਖੀਏ ਤਾਂ ਬਹੁਤ ਕੁਝ ਸਪੱਸ਼ਟ ਹੋ ਜਾਂਦਾ ਹੈ। ਜੇਕਰ ਅਜਿਹੇ ਮਸਲਿਆਂ ਬਾਰੇ ਸੰਜੀਦਗੀ ਨਾ ਦਿਖਾਈ ਗਈ ਤਾਂ ਇਹ ਕੱਲ ਨੂੰ 'ਖੱਤਰੀ ਸਿੱਖ', 'ਵੈਸ਼ ਸਿੱਖ' ਅਤੇ 'ਸ਼ੂਦਰ ਸਿੱਖ' ਲਿਖ ਕੇ ਸਾਨੂੰ ਜਾਤ-ਪਾਤ, ਵਰਨ-ਵੰਡ ਦੀ ਉਸੇ ਦਲਦਲ ਵਿਚ ਲਿਆ ਖੜ੍ਹਾ ਕਰਨਗੇ ਜਿਸ ਜਾਤ-ਵਰਨ ਦੀ ਦਲਦਲ ਵਿੱਚੋਂ ਕੱਢਣ ਲਈ ਗੁਰੂ ਸਾਹਿਬਾਨ ਨੇ ਅਥਾਹ ਘਾਲਣਾਵਾਂ ਘਾਲੀਆਂ ਸਨ।

ਬੇਸ਼ੱਕ ਕੁੱਝ ਮਹਾਨ ਸ਼ਹੀਦਾਂ ਦਾ ਪਿਛੋਕੜ ਬ੍ਰਾਹਮਣ ਜਾਤੀ ਵਿੱਚੋਂ ਸੀ ਪਰ ਜਦ ਉਹ ਗੁਰੂ ਜੀ ਦੀ ਸ਼ਰਣ ਵਿਚ ਆ ਗਏ, ਗੁਰੂ ਦੇ ਹੋ ਗਏ ਤਾਂ ਪਿਛਲੀ ਜਾਤ ਖਤਮ ਹੋ ਗਈ।

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਕਰ ਅੱਠੇ ਧਾਤਾਂ ਇਕ ਪਾਰਸ ਨੂੰ ਛੁਹਿਕੇ ਸੁਖੈਨ ਹੀ ਇਕ ਧਾਤ(ਸੋਨਾ) ਹੋ ਜਾਂਦੀਆਂ ਹਨ ਇਕੁਰ ਹੀ ਚਾਰੇ ਮਜ਼ਹਬ ਚਾਰੇ ਵਰਨ ਗੁਰੂ ਨੂੰ ਮਿਲ ਕੇ ਗੁਰਮੁਖ ਬਣ ਜਾਂਦੇ ਹਨ, ਭਾਵ ਪਿਛਲਾ ਮਜ਼ਹਬ ਵਰਨ

*ਸੰਪਾਦਕ, ਗੁਰਮਤਿ ਪ੍ਰਕਾਸ਼ ਅਤੇ ਗੁਰਮਤਿ ਗਿਆਨ। ਮੋ: +੯੧੯੯੧੪੪੧੯੪੮੪

ਖਤਮ ਹੋ ਜਾਂਦਾ ਹੈ।

*ਮਜਹਬ ਵਰਨ ਸਪਰਸੁ ਕਰਿ ਅਸਟਧਾਤੁ ਇਕੁ ਧਾਤੁ ਸੁ ਖੇਤੈ।*

*(ਵਾਰ ੩੯:੫)*

ਭਾਈ ਗੁਰਦਾਸ ਜੀ ਹੋਰ ਲਿਖਦੇ ਹਨ, "ਗੁਰੂ ਜੀ ਨੇ ਚਰਨ ਧੋਣ ਦੀ ਰਹੁਰੀਤ ਕਰ ਕੇ ਚਰਣਾਮ੍ਰਿਤ(ਚਰਨ ਪਾਹੁਲ) ਸਿੱਖਾਂ ਨੂੰ ਪਿਲਾਯਾ(ਭਾਵ ਨਿਮਰਤਾ ਤੇ ਭਗਤੀ ਸਿਖਾਈ) ਅਤੇ ਚਾਰ ਵਰਨਾਂ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦ੍ਰ ਦਾ ਭੇਦ ਖਤਮ ਕਰ ਕੇ ਇਕ ਵਰਨ ਕੀਤਾ ਭਾਵ ਸਹੋਦਰਤਾ ਸਿਖਾਈ:

*ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ...*
*ਚਾਰਿ ਵਰਨਿ ਇਕੁ ਵਰਨੁ ਕਰਾਇਆ।* *(ਵਾਰ ੧:੨੩)*

ਜਦੋਂ ਭਾਈ ਮੰਝ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਕੋਲੋਂ ਸਿੱਖੀ ਦੀ ਦਾਤ ਮੰਗੀ ਸੀ ਤਾਂ ਸਤਿਗੁਰਾਂ ਨੇ ਬਚਨ ਕੀਤਾ ਸੀ ਭਾਈ ਸਿੱਖੀ 'ਤੇ ਸਿੱਖੀ ਨਹੀਂ ਟਿਕਦੀ, ਭਾਵ ਆਪਣੇ ਪਿਛੋਕੜਲੇ ਵਿਸ਼ਵਾਸ (ਸਖੀ-ਸਰਵਰ) ਦਾ ਤਿਆਗ ਕਰ ਕੇ ਆਓ।

ਸੋ ਭਾਵ ਸਪੱਸ਼ਟ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਮੇਂ ਤੋਂ ਹੀ ਸਤਿਗੁਰ ਕੈ ਜਨਮਿਆਂ ਦਾ, ਗੁਰੂ ਧਾਰਨ ਕਰਨ ਵਾਲਿਆਂ ਦਾ ਪਿਛਲਾ ਧਰਮ, ਵਰਨ(ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ) ਆਦਿ ਦੇ ਵਿਸ਼ਵਾਸ ਦਾ ਤਿਆਗ ਲਾਜ਼ਮੀ ਸੀ ਕਿਉਂਕਿ ਸਿੱਖ-ਧਰਮ ਇਕ ਨਿਰਮਲ ਪੰਥ, ਨਿਆਰਾ ਪੰਥ ਹੈ। ਸਿੱਖ ਧਰਮ ਦਾ ਅੰਗ ਬਣ ਕੇ ਪਿਛਲੇ ਧਰਮ ਦਾ ਰਲਾ ਪ੍ਰਵਾਨ ਨਹੀਂ।

ਸਿੱਖ ਇਤਿਹਾਸ, ਸਿਧਾਂਤ, ਮਰਯਾਦਾ, ਪਰੰਪਰਾ ਆਦਿ ਕਿਸੇ ਪੱਖ ਤੋਂ ਵੀ 'ਬ੍ਰਾਹਮਣ ਸਿੱਖ' ਸ਼ਬਦ ਸਹੀ ਨਹੀਂ। ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਵਿਚ ਸਿੱਖ ਦੀ ਤਾਰੀਫ਼ ਲਿਖੀ ਹੈ, "ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।"(ਪੰਨਾ ੯)

ਅੱਗੇ ਅੰਮ੍ਰਿਤ ਸੰਸਕਾਰ ਦੇ (ਟ) ਅੰਦਰਾਜ ਵਿਚ ਖਾਲਸੇ ਦੀ ਰਹਿਤ ਬਾਰੇ ਦੱਸਦਿਆਂ ਲਿਖਿਆ ਹੈ, "... ਅੱਜ ਤੋਂ ਤੁਸੀਂ 'ਸਤਿਗੁਰ ਕੈ ਜਨਮੇ ਗਵਨੁ ਮਿਟਾਇਆ' ਹੈ ਅਤੇ ਖਾਲਸਾ ਪੰਥ ਵਿਚ ਸ਼ਾਮਲ ਹੋਏ ਹੋ। ...ਤੁਸੀਂ ਪਿਛਲੀ ਕੁਲ, ਕਿਰਤ, ਕਰਮ, ਧਰਮ ਦਾ ਤਿਆਗ ਕਰਕੇ ਅਰਥਾਤ ਪਿਛਲੀ ਜ਼ਾਤ-ਪਾਤ, ਜਨਮ, ਦੇਸ਼, ਮਜ੍ਹਬ ਦਾ ਖ਼ਿਆਲ ਤਕ ਛੱਡ ਕੇ ਨਿਰੋਲ ਖਾਲਸਾ ਬਣ ਗਏ ਹੋ।"... *(ਸਿੱਖ ਰਹਿਤ ਮਰਯਾਦਾ* ਪੰਨਾ ੨੯-੩੦)

'ਸਿੱਖ ਰਹਿਤ ਮਰਯਾਦਾ' ਦੀਆਂ ਉਕਤ ਦੋ ਉਦਾਹਰਨਾਂ ਤੋਂ ਸਿਧਾਂਤਕ ਨੁਕਤਾ

ਸਪੱਸ਼ਟ ਹੋ ਜਾਂਦਾ ਹੈ ਕਿ ਸਿੱਖ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ ਅਤੇ ਕੋਈ ਵੀ ਵਿਅਕਤੀ ਸਿੱਖ ਧਰਮ ਗ੍ਰਹਿਣ ਕਰਨ ਤੋਂ ਬਾਅਦ ਪਿਛਲੀ ਜਾਤ, ਜਨਮ, ਮਜ਼੍ਹਬ (ਧਰਮ) ਨੂੰ ਮੰਨਣਾ ਤਾਂ ਦੂਰ ਦੀ ਗੱਲ ਉਸ ਦਾ ਖਿਆਲ ਤਕ ਨਹੀਂ ਕਰਦਾ। ਸਤਿਗੁਰ ਦੇ ਘਰ ਜੰਮਣ ਤੋਂ ਭਾਵ ਇਹੋ ਹੈ ਕਿ ਪਿਛਲੀ ਕੁਲ, ਕਿਰਤ, ਕਰਮ, ਧਰਮ ਦਾ ਤਿਆਗ ਕਰ ਕੇ ਨਵੇਂ ਸਿਰਿਉਂ ਗੁਰੂ ਸਾਹਿਬ ਜੀ ਦੀ ਮਤ ਅਨੁਸਾਰ ਜੀਵਨ ਬਣਾਉਣਾ।

ਅਸੀਂ ਧਰਮਾਂ ਦੇ ਇਤਿਹਾਸ ਵਿਚ ਵੇਖਦੇ ਹਾਂ ਕਿ ਜਦੋਂ ਵੀ ਕੋਈ ਨਵਾਂ ਧਰਮ ਹੋਂਦ ਵਿਚ ਆਉਂਦਾ ਹੈ ਤਾਂ ਸੁਭਾਵਿਕ ਹੈ ਕਿ ਉਹ ਪਹਿਲਾਂ ਤੋਂ ਧਰਤੀ ਉੱਪਰ ਮੌਜੂਦ ਕਿਸੇ ਧਰਮ ਦੇ ਵਿੱਚੋਂ ਹੀ ਇਕ ਨਵੀਂ ਵਿਚਾਰਧਾਰਾ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਉਸ ਨਵੇਂ ਧਰਮ ਦੇ ਪੈਰੋਕਾਰ ਬਣਨ ਵਾਲੇ ਆਪਣੇ ਪਹਿਲੇ ਧਰਮ ਦੀ ਵਿਚਾਰਧਾਰਾ, ਉਸ ਦੇ ਵਿਸ਼ਵਾਸਾਂ ਦਾ ਤਿਆਗ ਕਰ ਕੇ ਨਵੇਂ ਧਰਮ ਦੇ ਨਰੋਏ ਵਿਸ਼ਵਾਸਾਂ ਨੂੰ ਧਾਰਨ ਕਰਦੇ ਹਨ। ਇਸਾਈ ਧਰਮ ਅਤੇ ਇਸਲਾਮ ਧਰਮ ਯਹੂਦੀ ਧਰਮ ਵਿੱਚੋਂ ਨਿਕਲੇ ਹਨ। ਹੁਣ ਇਸਾਈ; ਇਸਾਈ ਹੀ ਹੈ ਅਤੇ ਮੁਸਲਮਾਨ; ਮੁਸਲਮਾਨ ਹੀ ਹੈ। ਧਰਮ ਦੇ ਅੰਦਰੂਨੀ ਵਿਸ਼ਵਾਸਾਂ ਦੇ ਵਖਰੇਵੇਂ ਕਾਰਨ ਸੁੰਨੀ ਮੁਸਲਮਾਨ ਜਾਂ ਸ਼ੀਆ ਮੁਸਲਮਾਨ ਤਾਂ ਹਨ, ਪਰ ਕਿਸੇ ਨੇ 'ਯਹੂਦੀ ਮੁਸਲਮਾਨ' ਸ਼ਬਦ ਨਹੀਂ ਸੁਣਿਆ ਹੋਣਾ। ਕਿਸੇ ਇੱਕ ਧਰਮ ਦੀ ਪਛਾਣ ਇੱਕੋ ਜਗ੍ਹਾ ਹੋ ਸਕਦੀ ਹੈ 'ਯਹੂਦੀ' ਜਾਂ 'ਮੁਸਲਮਾਨ', 'ਬ੍ਰਾਹਮਣ' ਜਾਂ 'ਸਿੱਖ'। ਜਿਸ ਤਰ੍ਹਾਂ ਧਰਮਾਂ ਦੇ ਇਤਿਹਾਸ ਵਿਚ 'ਯਹੂਦੀ ਇਸਾਈ' ਜਾਂ 'ਯਹੂਦੀ ਮੁਸਲਮਾਨ' ਕੋਈ ਸ਼ਬਦ ਨਹੀਂ ਉਸੇ ਤਰ੍ਹਾਂ 'ਬ੍ਰਾਹਮਣ ਸਿੱਖ' ਵੀ ਬਿਬੇਕਹੀਣ ਅਤੇ ਗ਼ੈਰ-ਸਿਧਾਂਤਕ ਸ਼ਬਦ ਹੈ।

ਸਿੱਖੀ ਦਾ ਕਿਸੇ ਜਾਤ, ਵਰਨ, ਧਰਮ ਨਾਲ ਕੋਈ ਵਿਰੋਧ ਨਹੀਂ। ਗੁਰਬਾਣੀ ਵਿਚ ਜਪ, ਤਪ, ਸੀਲ, ਸੰਤੋਖ ਵਾਲੇ ਬ੍ਰਾਹਮਣ ਲਈ ਸਤਿਕਾਰਤ ਸ਼ਬਦ ਵਰਤੇ ਹਨ। ਸਾਰਿਆਂ ਦਾ ਸਤਿਕਾਰ ਹੈ ਪਰ ਸਿਧਾਂਤਕ ਅਵੱਗਿਆ ਕਦਾਚਿਤ ਪ੍ਰਵਾਨ ਨਹੀਂ। ਸਿੱਖ ਕੇਵਲ ਸਿੱਖ ਹੀ ਹੈ। ਹਾਂ! ਸਿੱਖ ਸ਼ਬਦ ਦੇ ਨਾਲ ਖੇਤਰੀ ਜਾਂ ਕਿੱਤਾਮੁਖੀ ਪਛਾਣ ਤਾਂ ਲੱਗ ਸਕਦੀ ਹੈ, ਜਿਵੇਂ ਸਿੰਧੀ ਸਿੱਖ, ਨਾਨਕ ਪੰਥੀ ਸਿੱਖ, ਸਿਕਲੀਗਰ ਵਣਜਾਰੇ ਸਿੱਖ ਆਦਿ। ਪਰ ਕੋਈ ਵੱਖਰੀ ਧਾਰਮਿਕ ਪਛਾਣ ਸਿੱਖ ਦੇ ਨਾਲ ਲਗਾਉਣੀ ਸਿਧਾਂਤਕ ਉਲੰਘਣਾ ਹੈ। ਸਿੱਖ ਸਾਹਿਤ ਵਿਚ ਅਜਿਹੇ ਸ਼ਬਦਾਂ ਦੀ ਘੁਸਪੈਠ ਤੋਂ ਪੰਥ ਨੂੰ ਸੁਚੇਤ ਹੋਣ ਦੀ ਲੋੜ ਹੈ।

■

# ਬਾਲਾ ਪ੍ਰੀਤਮ: ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

*-ਸ੍ਰੀ ਰਮੇਸ਼ ਬੱਗਾ ਚੋਹਲਾ**

ਦੁਨਿਆਵੀ ਤੌਰ 'ਤੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਭਾਵੇਂ ਬਚਪਨ ਦੀਆਂ ਬਰੂਹਾਂ 'ਤੇ (ਸਵਾ ਕੁ ਪੰਜ ਸਾਲ) ਹੀ ਵਿਚਰ ਰਹੇ ਸਨ ਪਰ ਵਿਸ਼ੇਸ਼ ਗੁਣਾਂ ਅਤੇ ਸਿੱਖੀ ਦੀ ਸਮਝ ਸਦਕਾ ਗੁਰੂ ਪਿਤਾ ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਉਨ੍ਹਾਂ ਨੂੰ ਗੁਰੂ-ਘਰ ਦੀ ਵਡੇਰੀ ਅਤੇ ਉਚੇਰੀ ਜ਼ਿੰਮੇਵਾਰੀ ਸੰਭਾਲ ਦਿੱਤੀ। ਆਪ ਜੀ ਵੱਲੋਂ ਜਿਥੇ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਗਿਆ, ਉਥੇ ਆਪਣੇ ਗੁਰੂ-ਕਾਲ (ਢਾਈ ਕੁ ਸਾਲ) ਵਿਚ ਕੁਝ ਅਜਿਹੀਆਂ ਪਿਰਤਾਂ ਵੀ ਪਾਈਆਂ ਜਿਨ੍ਹਾਂ ਸਦਕਾ ਰੋਜ਼ਾਨਾ ਸਰਬੱਤ ਦੇ ਭਲੇ ਲਈ ਕੀਤੀ ਜਾਣ ਵਾਲੀ ਅਰਦਾਸ ਵਿਚ ਉਨ੍ਹਾਂ ਦੇ ਨਾਮ ਦਾ ਜ਼ਿਕਰ 'ਜਿਸੁ ਡਿਠੈ ਸਭਿ ਦੁਖ ਜਾਇ' ਕਰਕੇ ਕੀਤਾ ਜਾਂਦਾ ਹੈ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ੭ ਜੁਲਾਈ, ੧੬੫੬ ਈ. (੮ ਸਾਵਣ ਸੰਮਤ ੧੭੧੩) ਨੂੰ ਪਿਤਾ ਗੁਰੂ ਹਰਿਰਾਇ ਜੀ ਅਤੇ ਮਾਤਾ ਕਿਸ਼ਨ ਕੌਰ ਜੀ (ਕ੍ਰਿਸ਼ਨ ਕੌਰ ਜੀ) ਦੇ ਗ੍ਰਹਿ ਸ੍ਰੀ ਕੀਰਤਪੁਰ ਸਾਹਿਬ ਵਿਖੇ ਹੋਇਆ।

ਜਿੱਥੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਮੁਖੜੇ ਦੀ ਦਿੱਖ ਮਨਾਂ ਨੂੰ ਮੋਹਣ ਵਾਲੀ ਸੀ, ਉੱਥੇ ਉਨ੍ਹਾਂ ਦਾ ਹਿਰਦਾ ਵੀ ਅਤਿ ਕੋਮਲ ਸੀ। ਆਪ ਜੀ ਦੇ ਬਚਪਨ ਦਾ ਵਧੇਰੇ ਸਮਾਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਛਤਰ-ਛਾਇਆ ਹੇਠ ਬਤੀਤ ਹੋਣ ਕਰਕੇ ਆਪ ਜੀ ਦੇ ਸੁਭਾਅ ਅਤੇ ਨਿਭਾਅ ਉੱਪਰ ਗੁਰੂ-ਪਿਤਾ ਦਾ ਕਾਫੀ ਡੂੰਘਾ ਪ੍ਰਭਾਵ ਸੀ। ਇਸ ਪ੍ਰਭਾਵ ਸਦਕਾ ਹੀ ਸ੍ਰੀ(ਗੁਰੂ) ਹਰਿਕ੍ਰਿਸ਼ਨ ਜੀ ਆਈ ਸੰਗਤ ਨੂੰ ਲੰਗਰ-ਪਾਣੀ ਛਕਾਉਣ ਦੀ ਸੇਵਾ ਵਿਚ ਜੁਟੇ ਰਹਿੰਦੇ ਸਨ।

ਰਾਜਸੀ ਲਾਹਾ ਲੈਣ ਦੀ ਤਾਕ ਵਿਚ ਧੀਰ ਮੱਲ ਨੇ ਗੁਰੂ-ਘਰ ਦੇ ਖ਼ਿਲਾਫ ਉਸ ਵੇਲੇ ਦੇ ਹਾਕਮ ਔਰੰਗਜ਼ੇਬ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਔਰੰਗਜ਼ੇਬ ਵੀ ਧੀਰ ਮੱਲ ਦੀਆਂ ਕਈ ਸ਼ਿਕਾਇਤਾਂ ਨੂੰ ਇੱਕ ਕੰਨ ਰਾਹੀਂ ਸੁਣ ਕੇ ਦੂਜੇ ਕੰਨ ਰਾਹੀਂ ਬਾਹਰ ਕੱਢ ਦਿੰਦਾ ਸੀ ਪਰ ਜਦੋਂ ਉਸ ਨੂੰ ਇਸ ਗੱਲ ਦਾ ਇਲਮ ਹੋਇਆ ਕਿ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਹੈ ਤਾਂ ਉਸ ਨੇ ਗੁਰੂ ਜੀ ਨੂੰ ਦਿੱਲੀ ਆਉਣ ਲਈ ਸੰਮਨ ਭੇਜ ਦਿੱਤੇ। ਸੰਗਤ ਨਾਲ ਸਲਾਹ- ਮਸ਼ਵਰਾ ਕਰਨ ਤੋਂ ਬਾਅਦ ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਮਿਲਣ ਤੋਂ ਸਾਫ ਇਨਕਾਰ ਕਰ ਦਿੱਤਾ। ਸਤਵੇਂ ਪਾਤਸ਼ਾਹ ਨੇ ਆਪਣੇ ਵੱਡੇ ਸਾਹਿਬਜ਼ਾਦੇ ਰਾਮ ਰਾਇ ਨੂੰ ਦਿੱਲੀ ਭੇਜਣ ਦਾ ਨਿਰਣਾ ਲੈ ਲਿਆ; ਕਿਉਂਕਿ ਹੋਣਹਾਰ ਹੋਣ ਦੇ ਨਾਲ-ਨਾਲ ਰਾਮ ਰਾਇ ਹਾਜ਼ਰ-

*\#੧੩੪੮/੧੭/੧ ਗਲੀ ਨੰ. ੮, ਰਿਸ਼ੀ ਨਗਰ ਐਕਸਟੈਂਸ਼ਨ (ਲੁਧਿਆਣਾ) ਮੋ. ੯੪੬੩੧-੩੨੭੧੯*

ਜਵਾਬ ਵੀ ਸਨ।

ਜਦੋਂ ਰਾਮ ਰਾਇ ਨੇ ਦਿੱਲੀ ਜਾ ਕੇ ਔਰੰਗਜ਼ੇਬ ਨਾਲ ਸੰਵਾਦ ਰਚਾਇਆ ਤਾਂ ਉਸ ਦੀ ਦਿਮਾਗ਼ਦਾਰੀ ਦਾ ਬਾਦਸ਼ਾਹ 'ਤੇ ਚੰਗਾ ਪ੍ਰਭਾਵ ਪਿਆ। ਪਰ ਜਦੋਂ ਬਾਦਸ਼ਾਹ ਦੀਆਂ ਖੁਸ਼ੀਆਂ ਹਾਸਲ ਕਰਨ ਖਾਤਿਰ ਰਾਮ ਰਾਇ ਨੇ ਗੁਰਬਾਣੀ ਦੀ ਪੰਕਤੀ "ਮਿਟੀ ਮੁਸਲਮਾਨ ਕੀ" ਦੀ ਥਾਂ "ਮਿਟੀ ਬੇਈਮਾਨ ਕੀ " ਤਬਦੀਲ ਕਰ ਦਿੱਤੀ ਤਾਂ ਉਹ ਗੁਰੂ ਨਾਨਕ ਦੇ ਘਰ 'ਚੋਂ ਦੁਰਕਾਰਿਆ ਗਿਆ। ਉਸ ਦੇ ਇਸ ਨਾਬਖਸ਼ਣਯੋਗ ਗੁਨਾਹ ਬਦਲੇ ਗੁਰੂ-ਪਿਤਾ ਨੇ ਉਸ ਦੇ ਮੱਥੇ ਲੱਗਣ ਤੋਂ ਹੀ ਨਾਂਹ ਕਰ ਦਿੱਤੀ।

ਰਾਮ ਰਾਇ ਦੀ ਇਸ ਗ਼ਲਤੀ ਕਾਰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ੧੬੬੧ ਈ. (ਸੰਮਤ ੧੭੧੮) ਨੂੰ ਆਪਣੇ ਛੋਟੇ ਸਾਹਿਬਜ਼ਾਦੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਨੂੰ ਸਿੱਖ ਧਰਮ ਦੀ ਰਹਿਨੁਮਾਈ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਇਸ ਸਮੇਂ ਉਨ੍ਹਾਂ ਦੀ ਆਯੂ ਸਵਾ ਕੁ ਪੰਜ ਸਾਲ ਦੀ ਬਣਦੀ ਸੀ। ਦੁਨਿਆਵੀ ਤੌਰ 'ਤੇ ਇਹ ਸਮਾਂ ਹਾਣੀਆਂ ਨਾਲ ਖੇਡਣ-ਮੱਲਣ ਦਾ ਸਮਝਿਆ ਜਾਂਦਾ ਹੈ। ਇਸ ਕਰਕੇ ਇਹ ਵਕਤ ਸਿੱਖਾਂ ਦੀ ਸਿਦਕਦਿਲੀ ਅਤੇ ਸ਼ਰਧਾ ਨੂੰ ਪਰਖਣ ਦਾ ਵੀ ਸੀ। ਕਿਉਂਕਿ ਗੁਰੂ-ਘਰ ਦੇ ਦੋਖੀ (ਧੀਰਮੱਲੀਏ ਅਤੇ ਰਾਮ ਰਾਈਏ) ਗੁਰੂ-ਘਰ ਨੂੰ ਢਾਅ ਲਗਾਉਣ ਲਈ ਸੰਗਤ ਵਿਚ ਭਰਮ-ਭੁਲੇਖੇ ਪੈਦਾ ਕਰਨ ਦੇ ਕੋਝੇ ਜਤਨ ਕਰ ਰਹੇ ਸਨ। ਪਰ ਇਨ੍ਹਾਂ ਭਰਮ-ਭੁਲੇਖਿਆਂ ਦੇ ਬਾਵਜੂਦ ਵੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਉਮਰ ਛੁਟੇਰੀ ਪਰ ਅਕਲ ਵਡੇਰੀ ਦਾ ਸਬੂਤ ਦਿੰਦਿਆਂ ਗੁਰਿਆਈ ਦੀ ਜ਼ਿੰਮੇਵਾਰੀ ਨਿਭਾਈ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸੇਵਾ ਅਤੇ ਸਿਮਰਨ ਦਾ ਸੁਮੇਲ ਹੋਣ ਦੇ ਨਾਲ-ਨਾਲ ਪਰਉਪਕਾਰੀ ਸੁਭਾਅ ਦੇ ਮਾਲਕ ਵੀ ਸਨ। ਜਿਹੜਾ ਵੀ ਵਿਅਕਤੀ ਉਨ੍ਹਾਂ ਦੇ ਦਰਸ਼ਨ ਕਰ ਲੈਂਦਾ ਸੀ ਉਸ ਦਾ ਜੀਵਨ ਹੀ ਬਦਲ ਜਾਂਦਾ ਸੀ। ਪਿਸ਼ਾਵਰ ਦੀ ਸੰਗਤ ਵਿਚ ਇਕ ਜਸਵੰਤ ਰਾਇ ਨਾਮਕ ਚੋਰ ਸੰਗਤ ਦੇ ਖੀਸੇ ਕੱਟਣ ਦੀ ਨੀਅਤ ਨਾਲ ਵੜ ਗਿਆ ਪਰ ਜਦੋਂ ਉਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਸਨਮੁਖ ਹੋਇਆ ਤਾਂ ਗੁਰੂ ਸਾਹਿਬ ਦੇ ਰੂਹਾਨੀ ਪ੍ਰਤਾਪ ਨੂੰ ਦੇਖ ਕੇ ਉਸ ਦੇ ਨੇਤਰਾਂ ਵਿੱਚੋਂ ਪਾਣੀ ਆ ਗਿਆ ਅਤੇ ਉਸ ਨੇ ਚੋਰੀ ਤੋਂ ਤੌਬਾ ਕਰ ਲਈ। ਇਸੇ ਤਰ੍ਹਾਂ ਇਕ ਗੇਂਦਾ ਮੱਲ ਨਾਂ ਦੇ ਜੁਆਰੀਏ ਨੇ ਗੁਰੂ ਦਰਬਾਰ ਵਿਚ ਆ ਕੇ ਗੁਰੂ ਸਾਹਿਬ ਦੇ ਚਰਨ ਫੜ ਲਏ ਅਤੇ ਛੱਡੇ ਹੀ ਨਾ। ਗੇਂਦਾ ਮੱਲ ਦਾ ਮਨ ਗੁਰੂ ਜੀ ਦੇ ਦਰਸ਼ਨ ਕਰ ਕੇ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਨੇ ਹੱਥ ਜੋੜ ਕੇ ਗੁਰੂ ਜੀ ਕੋਲੋਂ ਮੁਆਫੀ ਮੰਗ ਲਈ ਅਤੇ ਅੱਗੇ ਤੋਂ ਬੁਰੀਆਂ ਆਦਤਾਂ ਨੂੰ ਤਿਆਗਣ ਦਾ ਵਾਅਦਾ ਕੀਤਾ।

ਉਧਰ ਦੂਜੇ ਪਾਸੇ ਰਾਮ ਰਾਇ ਦੀਆਂ ਝੂਠੀਆਂ ਸ਼ਿਕਾਇਤਾਂ ਦੇ ਅਸਰ ਕਾਰਨ

ਅਤੇ ਕੁਝ ਆਪਣੇ ਮਨ ਦੇ ਤੌਖਲੇ ਨੂੰ ਮਿਟਾਉਣ ਖਾਤਿਰ ਉਸ ਵਕਤ ਦੇ ਹਾਕਮ ਔਰੰਗਜ਼ੇਬ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਦਿੱਲੀ ਬੁਲਾ ਲਿਆ। ਇਸ ਕੰਮ ਲਈ ਉਸ ਨੇ ਇਕ ਖਾਸ ਅਫਸਰ ਮਿਰਜ਼ਾ ਜੈ ਸਿੰਘ ਦੀ ਡਿਊਟੀ ਲਾਈ ਜੋ ਗੁਰੂ-ਘਰ ਪ੍ਰਤੀ ਕੁਝ ਸਤਿਕਾਰਤ ਭਾਵਨਾ ਰੱਖਦਾ ਸੀ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਉਸ ਵਕਤ ਦੇ ਕੁਝ ਮੁਖੀ ਸਿੱਖਾਂ- ਭਾਈ ਦਰਗਾਹ ਮੱਲ, ਭਾਈ ਦਿਆਲਾ ਜੀ, ਭਾਈ ਮਨੀ ਸਿੰਘ ਜੀ ਅਤੇ ਕੁਝ ਹੋਰ ਸਲਾਹਕਾਰਾਂ ਨਾਲ ਸਲਾਹ ਕੀਤੀ ਤਾਂ ਉਨ੍ਹਾਂ ਨੇ ਦਿੱਲੀ ਜਾਣ ਦੀ ਹਾਮੀ ਭਰ ਦਿੱਤੀ। ਇਸ ਹਾਮੀ ਵਜੋਂ ਗੁਰੂ ਸਾਹਿਬ ਦਿੱਲੀ ਜਾਣ ਲਈ ਰਜ਼ਾਮੰਦ ਤਾਂ ਹੋ ਗਏ ਪਰ ਉਨ੍ਹਾਂ ਨੇ ਦੁਸ਼ਟ ਔਰੰਗਜ਼ੇਬ ਦੇ ਮੱਥੇ ਨਾ ਲੱਗਣ ਦਾ ਫੈਸਲਾ ਵੀ ਸੁਣਾ ਦਿੱਤਾ। ਸੰਗਤ ਨੇ ਗੁਰੂ ਸਾਹਿਬ ਦੇ ਫੈਸਲੇ 'ਤੇ ਆਪਣੀ ਮੋਹਰ ਲਗਾ ਦਿੱਤੀ।

ਗੁਰੂ ਸਾਹਿਬ ਕੀਰਤਪੁਰ ਸਾਹਿਬ ਦੀ ਸੇਵਾ-ਸੰਭਾਲ ਦਾ ਕੰਮ ਭਾਈ ਭਗਤਾ ਜੀ ਅਤੇ ਸ਼ਰਧਾਵਾਨ ਸਿੱਖਾਂ ਨੂੰ ਸੌਂਪ ਕੇ ਸੰਗਤ ਸਮੇਤ ਦਿੱਲੀ ਵੱਲ ਨੂੰ ਚੱਲ ਪਏ। ਰਸਤੇ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਜਿੱਥੇ ਸੰਗਤ ਨੂੰ ਖੁੱਲ੍ਹੇ ਦਰਸ਼ਨ-ਦੀਦਾਰੇ ਦੇ ਕੇ ਨਿਹਾਲ ਕਰਦੇ ਜਾ ਰਹੇ ਸਨ, ਉੱਥੇ ਗੁਰੂ ਨਾਨਕ ਦੇ ਘਰ ਦਾ (ਸਾਂਝੀਵਾਲਤਾ) ਸੰਦੇਸ਼ ਵੀ ਦੇਈ ਜਾ ਰਹੇ ਸਨ।

ਦਿੱਲੀ ਦਾ ਸਫਰ ਤੈਅ ਕਰਦਿਆਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਰਸਤੇ ਵਿਚ ਪੰਜੋਖਰੇ ਨਾਮਕ ਸਥਾਨ 'ਤੇ ਪਹੁੰਚੇ ਜਿੱਥੇ ਉਨ੍ਹਾਂ ਨੇ ਇਕ ਹੰਕਾਰੀ ਪੰਡਤ ਦਾ ਹੰਕਾਰ ਤੋੜਿਆ। ਗੁਰੂ ਜੀ ਨੇ ਇਕ ਛੱਜੂ ਨਾਮਕ ਝੀਊਰ 'ਤੇ ਕਿਰਪਾ ਦ੍ਰਿਸ਼ਟੀ ਪਾ ਕੇ ਉਸ ਪਾਸੋਂ ਗੀਤਾ ਦੇ ਸਲੋਕਾਂ ਦੇ ਅਰਥ ਕਰਵਾ ਦਿਤੇ। ਇਸ ਵਰਤਾਰੇ ਨਾਲ ਜਿੱਥੇ ਪੰਡਿਤ ਨੂੰ ਆਪਣੇ ਵੱਲੋਂ ਗੁਰੂ ਸਾਹਿਬ ਪ੍ਰਤੀ ਕਹੇ ਸ਼ਬਦਾਂ ਕਰਕੇ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ, ਉੱਥੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਮਾਣ-ਸਤਿਕਾਰ ਵਿਚ ਵੀ ਚੋਖਾ ਵਾਧਾ ਹੋ ਗਿਆ।

ਜਦੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਿੱਲੀ ਪਹੁੰਚੇ ਤਾਂ ਰਾਜਾ ਜੈ ਸਿੰਘ ਸਮੇਤ ਦਿੱਲੀ ਦੀ ਸੰਗਤ ਨੇ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ। ਉਸ ਨੇ ਗੁਰੂ ਸਾਹਿਬ ਦਾ ਪੜਾਅ ਵੀ ਆਪਣੇ ਮਹੱਲ ਵਿਚ ਹੀ ਕਰਵਾ ਦਿੱਤਾ। ਰਾਜਾ ਜੈ ਸਿੰਘ ਭਾਵੇਂ ਗੁਰੂ-ਘਰ ਦਾ ਪ੍ਰੀਤਵਾਨ ਸੀ ਪਰ ਉਸ ਦੀ ਰਾਣੀ ਨੇ ਗੁਰੂ ਨਾਨਕ ਸਾਹਿਬ ਦੀ ਜੋਤ ਨੂੰ ਪਰਖਣ ਦੀ ਠਾਣ ਲਈ। ਉਸ (ਰਾਣੀ) ਨੇ ਅਮੀਰ ਘਰਾਣਿਆਂ ਦੀਆਂ ਕੁਝ ਤ੍ਰੀਮਤਾਂ ਨੂੰ ਇਕੱਠਿਆਂ ਕਰ ਲਿਆ ਅਤੇ ਕਹਿਣ ਲੱਗੀ ਕਿ, "ਜੇਕਰ ਗੁਰੂ ਅੰਤਰਜਾਮੀ ਹੋਣਗੇ ਤਾਂ ਉਹ ਸਿਰਫ ਮੇਰੀ ਹੀ ਗੋਦ ਵਿਚ ਬੈਠਣਗੇ।" ਗੁਰੂ ਸਾਹਿਬ ਬਾਕੀ ਦੀਆਂ ਸਾਰੀਆਂ ਇਸਤਰੀਆਂ ਕੋਲੋਂ ਲੰਘ ਕੇ ਰਾਣੀ ਦੀ ਗੋਦ ਵਿਚ ਜਾ ਬੈਠੇ। ਰਾਣੀ ਨੇ ਬਾਲਾ ਪ੍ਰੀਤਮ ਗੁਰੂ ਜੀ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ ਤੇ ਰਾਣੀ ਦੀਆਂ

ਅੱਖਾਂ ਵਿੱਚੋਂ ਸ਼ਰਧਾ ਦੇ ਹੰਝੂ ਵਹਿਣ ਲੱਗ ਪਏ।

ਆਪਣੇ ਪਿਤਾ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਵਾਂਗ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਵੀ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਤੋਂ ਸਾਫ ਇਨਕਾਰ ਕਰ ਦਿੱਤਾ। ਆਪ ਜੀ ਦਾ ਵਿਚਾਰ ਸੀ ਕਿ ਔਰੰਗਜ਼ੇਬ ਇਕ ਜ਼ਾਲਮ ਕਿਸਮ ਦਾ ਬਾਦਸ਼ਾਹ ਹੈ ਅਤੇ ਗੁਰੂ ਨਾਨਕ ਸਾਹਿਬ ਦਾ ਘਰ ਕੇਵਲ ਤੇ ਕੇਵਲ ਧਰਮੀ ਬੰਦਿਆਂ ਦੀ ਹੀ ਤਰਫਦਾਰੀ ਕਰਦਾ ਹੈ। ਇਸ ਲਈ ਸਾਡਾ ਅਤੇ ਬਾਦਸ਼ਾਹ ਦਾ ਮਿਲਾਪ ਉੱਚਿਤ ਨਹੀਂ ਹੈ। ਇੱਥੋਂ ਤਕ ਕਿ ਬਾਦਸ਼ਾਹ ਨੇ ਗੁਰੂ ਸਾਹਿਬ ਦਾ ਮਨ ਬਦਲਾਉਣ ਹਿੱਤ ਕਈ ਬੇਸ਼ਕੀਮਤੀ ਤੋਹਫੇ ਵੀ ਭੇਜੇ ਪਰ ਸਾਧ ਬਚਨ ਅਟੱਲ ਹੀ ਰਹੇ।ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਜਦੋਂ ਦਿੱਲੀ ਪਹੁੰਚੇ ਤਦ ਉਸ ਸਮੇਂ ਉੱਥੇ ਚੇਚਕ ਦੀ ਬਿਮਾਰੀ ਫੈਲੀ ਹੋਈ ਸੀ ਅਤੇ ਮਹਾਂਮਾਰੀ ਦੀ ਸ਼ਕਲ ਧਾਰਨ ਕਰ ਚੁੱਕੀ ਸੀ। ਗੁਰੂ ਸਾਹਿਬ ਨੇ ਇਸ ਬੀਮਾਰੀ ਦਾ ਸ਼ਿਕਾਰ ਹੋਏ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਦਸਵੰਧ ਦੀ ਮਾਇਆ ਦੀ ਖੁੱਲ੍ਹ ਕੇ ਵਰਤੋਂ ਕੀਤੀ। ਉਨ੍ਹਾਂ ਦੀ ਆਪਣੀ ਆਯੂ ਵੀ ਲੱਗਭਗ ੮ ਕੁ ਸਾਲ ਦੀ ਹੀ ਸੀ। ਇਸ ਆਯੂ ਵਿਚ ਚੇਚਕ ਦੀ ਮਾਰ ਬਹੁਤ ਜਲਦੀ ਪੈਂਦੀ ਹੈ ਪਰੰਤੂ ਲੋਕ-ਸੇਵਾ ਦੀ ਪ੍ਰਬਲ ਭਾਵਨਾ ਸਦਕਾ ਗੁਰੂ ਜੀ ਨੇ ਆਪਣੀ ਸਿਹਤ ਵੱਲ ਕੋਈ ਖਾਸ ਧਿਆਨ ਨਹੀਂ ਦਿੱਤਾ। ਸਿੱਟੇ ਵਜੋਂ ਆਪ ਜੀ ਦੀ ਸਿਹਤ ਨੂੰ ਵੀ ਚੇਚਕ ਦੀ ਨਾਮੁਰਾਦ ਬੀਮਾਰੀ ਨੇ ਆਪਣੀ ਜਕੜ ਵਿਚ ਲੈ ਲਿਆ। ਤੇਜ਼ ਬੁਖਾਰ ਹੋਣ ਕਰਕੇ ਆਪ ਜੀ ਨੂੰ ਆਪਣਾ ਅੰਤਲਾ ਸਮਾਂ ਨਜ਼ਦੀਕ ਆਉਂਦਾ ਦਿਖਾਈ ਦੇਣ ਲੱਗਾ।

ਰਾਜਾ ਜੈ ਸਿੰਘ ਦਾ ਮਹੱਲ ਛੱਡ ਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਜਮਨਾ ਨਦੀ ਕਿਨਾਰੇ ਇਕ ਖੁੱਲ੍ਹੀ ਥਾਂ 'ਤੇ ਟਿਕਾਣਾ ਕੀਤਾ। ਇਧਰ ਜਦੋਂ ਸੰਗਤ ਨੂੰ ਗੁਰੂ ਸਾਹਿਬ ਦੇ ਰੋਗ-ਗ੍ਰਸਤ ਹੋਣ ਦਾ ਪਤਾ ਲੱਗਾ ਤਾਂ ਉਹ ਭਾਰੀ ਗਿਣਤੀ ਵਿਚ ਜਮਨਾ ਨਦੀ ਕਿਨਾਰੇ ਆਉਣ ਲੱਗੀ।ਸੰਗਤ ਨੂੰ ਸੰਬੋਧਨ ਕਰ ਗੁਰੂ ਜੀ ਨੇ ਫੁਰਮਾਇਆ ਕਿ ਸਰੀਰਾਂ ਦੇ ਮਿਲਾਪ ਥੋੜ੍ਹ-ਚਿਰੇ ਹੁੰਦੇ ਹਨ, ਪਰ ਗੁਰ-ਉਪਦੇਸ਼ ਸਦੀਵੀ ਹੁੰਦਾ ਹੈ। ਸੋ ਲੋੜ ਹੈ ਕਿ ਧਰਮ ਦੀ ਕਿਰਤ ਕਰਦਿਆਂ ਗੁਰ-ਉਪਦੇਸ਼ ਨੂੰ ਅਪਣਾਉਣ ਅਤੇ ਕਮਾਉਣ ਦੀ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਸੰਗਤ ਨੂੰ ਇਹ ਇਸ਼ਾਰਾ ਕਰ ਦਿੱਤਾ ਕਿ ਗੁਰੂ ਨਾਨਕ ਦੇ ਘਰ ਦਾ ਨੌਵਾਂ ਵਾਰਸ (ਗੁਰੂ) ਬਾਬਾ ਬਕਾਲੇ ਵਿਚ ਰਹਿੰਦਾ ਹੈ। ਅਖੀਰ ੩੦ ਮਾਰਚ, ੧੬੬੪ ਈ. (ਸੰਮਤ ੧੭੨੧) ਨੂੰ ਗੁਰੂ ਜੀ ਜਮਨਾ ਦੇ ਕੰਢੇ ਦਿੱਲੀ ਵਿਚ ਜੋਤੀ ਜੋਤ ਸਮਾਅ ਗਏ।

■

ਜੂਨ ੨੦੨੩ ਦਾ ਬਾਕੀ:

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਅਸਥਾਨ

*-ਡਾ. ਪਰਮਵੀਰ ਸਿੰਘ**

**ਖ਼ਿਆਲਾ ਕਲਾਂ**: ਮਾਨਸਾ ਜ਼ਿਲ੍ਹੇ ਦਾ ਇਹ ਪਿੰਡ ਮਾਨਸਾ-ਸੁਨਾਮ ਸੜਕ ’ਤੇ ਮਾਨਸਾ ਤੋਂ ੧੦ ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ। ਇਸ ਪਿੰਡ ਦੇ ਦੋ ਗੁਰਧਾਮ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਵਿਚ ਸੁਸ਼ੋਭਿਤ ਹਨ:

੧. **ਗੁਰਦੁਆਰਾ ਬੇਰੀ ਸਾਹਿਬ ਪਾਤਸ਼ਾਹੀ ਨੌਵੀਂ:** ‘ਮਾਲਵਾ ਦੇਸ ਰਟਨ ਦੀ ਸਾਖੀ ਪੋਥੀ’ ਅਨੁਸਾਰ ਭਿੱਖੀ ਤੋਂ ਚੱਲ ਕੇ ਗੁਰੂ ਜੀ ਨੇ ਅਗਲਾ ਡੇਰਾ ਖ਼ਿਆਲਾ ਕਲਾਂ ਵਿਖੇ ਕੀਤਾ। ਇੱਥੇ ਇਕ ਬ੍ਰਾਹਮਣ ਕਿਸਾਨ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਇਆ। ਗੁਰੂ ਜੀ ਨੇ ਉਸ ਨੂੰ ਅੱਗ ਲਿਆਉਣ ਲਈ ਕਿਹਾ। ਅੱਗ ਦੇ ਨਾਲ-ਨਾਲ ਗੁਰੂ ਜੀ ਲਈ ਇਹ ਦੁੱਧ ਦਾ ਮਟਕਾ ਵੀ ਭਰ ਲਿਆਇਆ। ਗੁਰੂ ਜੀ ਨੇ ਇਸ ਨੂੰ ਅਸ਼ੀਰਵਾਦ ਦਿੰਦੇ ਹੋਏ ਕਿਹਾ, “ਤੇਰੇ ਭਾਂਡੇ ਦੁਧ ਭੀ ਰਹੂ ਸਦਾ।”[੬੧] ਇਸ ਬ੍ਰਾਹਮਣ ਦਾ ਨਾਂ ਗੁੱਜਰ ਰਾਮ ਸੀ ਅਤੇ ਇਸ ਪਰਵਾਰ ਦੇ ਵੰਸ਼ਜ਼ ਹਾਲੇ ਵੀ ਇਸ ਪਿੰਡ ਦੇ ਵਸਨੀਕ ਹਨ ਅਤੇ ਦਾੜ੍ਹੀ ਕੇਸ ਰੱਖਦੇ ਹਨ। ਇਸੇ ਪਰਵਾਰ ਦੇ ਸ. ਜਨਕ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਹਨ। ਜਿਸ ਛੰਨੇ ਵਿਚ ਬ੍ਰਾਹਮਣ ਕਿਸਾਨ ਬਾਬਾ ਗੁੱਜਰ ਰਾਮ ਨੇ ਗੁਰੂ ਜੀ ਨੂੰ ਦੁੱਧ ਪਿਆਇਆ ਸੀ, ਉਹ ਹਾਲੇ ਵੀ ਗੁਰਦੁਆਰਾ ਸਾਹਿਬ ਦੇ ਨੇੜੇ ਬਾਬਾ ਗੁੱਜਰ ਰਾਮ ਦੇ ਵੰਸ਼ਜ਼ ਪੰਡਿਤ ਰਾਮ ਸਿੰਘ ਪੁੱਤਰ ਹਰੀ ਰਾਮ ਦੇ ਘਰ ਵਿਚ ਸੰਭਾਲ ਕੇ ਰੱਖਿਆ ਹੋਇਆ ਹੈ। ਜਿਸ ਬੇਰੀ ਹੇਠਾਂ ਗੁਰੂ ਜੀ ਆ ਕੇ ਬੈਠੇ ਸਨ ਉਹ ਹਾਲੇ ਵੀ ਮੌਜੂਦ ਹੈ। ਲੋਹੇ ਦੇ ਲੰਮੇ ਪਾਈਪਾਂ ਅਤੇ ਇੱਟਾਂ ਦੇ ਥਮਲੇ ਨਾਲ ਇਸ ਬੇਰੀ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਇਸ ਨੂੰ ਬੇਰ ਲੱਗਦੇ ਹਨ, ਸੰਗਤ ਪਰਸਾਦ ਸਮਝ ਕੇ ਛਕਦੀ ਹੈ। ਇਕ ਪੁਰਾਤਨ ਖੂਹ ਵੀ ਮੌਜੂਦ ਹੈ ਜਿਸ ਦਾ ਪਾਣੀ ਵਰਤਿਆ ਨਹੀਂ ਜਾਂਦਾ ਪਰ ਸਾਂਭ-ਸੰਭਾਲ ਕੀਤੀ ਜਾਂਦੀ ਹੈ।

ਗੁਰਦੁਆਰਾ ਸਾਹਿਬ ਦਾ ਪੁਰਾਤਨ ਦਰਬਾਰ ਹਾਲ ਜਥੇਦਾਰ ਜੀਤ ਸਿੰਘ ਨੇ ਲਗ-ਪਗ ੫੦ ਸਾਲ ਪਹਿਲਾਂ ਤਿਆਰ ਕਰਵਾਇਆ ਸੀ ਜਿਸ ਦੀ ਜਗ੍ਹਾ ’ਤੇ ਨਵੀਂ ਇਮਾਰਤ ਦੀ ਉਸਾਰੀ ਕੀਤੀ ਗਈ ਹੈ। ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੀ ਸੰਸਥਾ ਵੱਲੋਂ ੨੦੧੨-੧੩ ਈ. ਵਿਚ

**ਮੁਖੀ, ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-੧੪੭੦੦੨; ਮੋ:੯੮੭੨੦-੭੪੩੨੨*

ਅਰੰਭ ਕਰ ਕੇ ੨੦੨੦ ਈ. ਵਿਚ ਸੰਪੂਰਨ ਕੀਤੀ ਸੀ। ਸਾਢੇ ਛੇ ਕਨਾਲ ਜ਼ਮੀਨ 'ਤੇ ਦਰਬਾਰ ਹਾਲ (੮੫ ਫੁੱਟ ਲੰਬਾ ਅਤੇ ੩੮ ਫੁੱਟ ਚੌੜਾ), ਪੁਰਾਤਨ ਖੂਹ, ਲੰਗਰ ਹਾਲ, ਬੇਰੀ ਆਦਿ ਮੌਜੂਦ ਹਨ। ੧੨ ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਪਿੰਡ ਦੀਆਂ ੧੦ ਪੱਤੀਆਂ ਹਨ ਅਤੇ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਲਈ ਹਰ ਇਕ ਪੱਤੀ ਵਿਚੋਂ ੨-੨ ਮੈਂਬਰ ਲਏ ਜਾਂਦੇ ਹਨ। ਇਹ ਵੀਹ ਮੈਂਬਰ ਦੋ ਹੋਰ ਮੈਂਬਰ ਨਾਮਜ਼ਦ ਕਰਦੇ ਹਨ। ਇਸ ਤਰ੍ਹਾਂ ੨੨ ਮੈਂਬਰੀ ਕਮੇਟੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੀ ਹੈ।

੨. **ਗੁਰਦੁਆਰਾ ਤੀਰਸਰ ਸਾਹਿਬ ਪਾਤਸ਼ਾਹੀ ਨੌਵੀਂ**: ਗੁਰਦੁਆਰਾ ਬੇਰੀ ਸਾਹਿਬ ਪਾਤਸ਼ਾਹੀ ਨੌਵੀਂ ਤੋਂ ਇੱਕ ਕਿਲੋਮੀਟਰ ਦੀ ਦੂਰੀ 'ਤੇ ਇਹ ਗੁਰਧਾਮ ਖ਼ਿਆਲਾ ਖੁਰਦ ਵਿਖੇ ਸਸ਼ੋਭਿਤ ਹੈ ਜਿਸ ਨੂੰ ਗੁਰਦੁਆਰਾ ਤੀਰਸਰ ਸਾਹਿਬ ਪਾਤਸ਼ਾਹੀ ਨੌਵੀਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਖ਼ਸ਼ਿਸ਼ ਸਦਕਾ ਇੱਥੇ ਇਕ ਮਿੱਠਾ ਖੂਹ ਲੱਗਿਆ। ਗੁਰੂ ਜੀ ਗੁਰਦੁਆਰਾ ਬੇਰੀ ਸਾਹਿਬ ਵਾਲੇ ਅਸਥਾਨ 'ਤੇ ਨਿਵਾਸ ਕਰ ਰਹੇ ਸਨ ਕਿ ਸੰਗਤ ਨੇ ਬੇਨਤੀ ਕੀਤੀ ਕਿ ਇਲਾਕੇ ਵਿਚ ਪਾਣੀ ਖਾਰਾ ਹੈ, ਮਿੱਠੇ ਜਲ ਦੀ ਕਿਰਪਾ ਕਰੋ। ਇਸ ਅਸਥਾਨ 'ਤੋਂ ਇਕ ਤੀਰ ਛੱਡਦੇ ਹੋਏ ਗੁਰੂ ਜੀ ਨੇ ਕਿਹਾ ਕਿ ਜਿਸ ਅਸਥਾਨ 'ਤੇ ਇਹ ਤੀਰ ਡਿੱਗੇ ਉੱਥੇ ਖੂਹ ਪੁੱਟੋ। ਖੂਹ ਪੁੱਟਿਆ ਤਾਂ ਇਸ ਦਾ ਪਾਣੀ ਮਿੱਠਾ ਨਿਕਲਿਆ ਜਿਸ ਤੋਂ ਇਸ ਅਸਥਾਨ ਨੂੰ 'ਮਿੱਠੇ ਖੂਹ' ਨਾਲ ਵੀ ਯਾਦ ਕੀਤਾ ਜਾਂਦਾ ਹੈ। ਜਿਸ ਅਸਥਾਨ 'ਤੇ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ ਉਸ ਦੇ ਨੇੜੇ ਹੀ ੨੦੦੮ ਈ. ਵਿਚ ਪਿੰਡ ਵਾਲਿਆਂ ਨੇ ਨਵੇਂ ਦਰਬਾਰ ਹਾਲ ਦੀ ਉਸਾਰੀ ਕਰਵਾਈ ਹੈ। ਗੁਰਦੁਆਰਾ ਸਾਹਿਬ ਵਿਖੇ ਜਿਸ ਤੀਰ ਦੇ ਸੰਗਤ ਨੂੰ ਦਰਸ਼ਨ ਕਰਵਾਏ ਜਾਂਦੇ ਹਨ ਉਹ ਨਵੀਂ ਇਮਾਰਤ ਦੀਆਂ ਨੀਹਾਂ ਵਿੱਚੋਂ ਮਿਲਿਆ ਦੱਸਿਆ ਜਾਂਦਾ ਹੈ। ਲਗ-ਪਗ ੫ ਕਨਾਲਾਂ ਜ਼ਮੀਨ 'ਤੇ ਦਰਬਾਰ ਹਾਲ (੪੦ ਫੁੱਟ ਚੌੜਾ ਅਤੇ ੬੫ ਫੁੱਟ ਲੰਮਾ), ਲੰਗਰ ਹਾਲ, ੫ ਰਿਹਾਇਸ਼ੀ ਕਮਰੇ, ਭੋਰਾ ਸਾਹਿਬ ਆਦਿ ਬਣੇ ਹੋਏ ਹਨ। ਸਵਾ ਦੋ ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਹੈ। ਪੁਰਾਤਨ ਖੂਹ ਨੂੰ ਗੁਰੂ ਜੀ ਦੀ ਨਿਸ਼ਾਨੀ ਸਮਝ ਕੇ ਸੰਭਾਲਿਆ ਹੋਇਆ ਹੈ। ਸਥਾਨਿਕ ੧੧ ਮੈਂਬਰੀ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

**ਖੀਵਾ ਕਲਾਂ:** ਮਾਨਸਾ ਜ਼ਿਲ੍ਹੇ ਵਿਚ ਪੈਂਦਾ ਇਹ ਪਿੰਡ ਸਮਾਉਂ ਦੇ ਇਤਿਹਾਸਿਕ ਗੁਰਧਾਮ ਤੋਂ ੪ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਭੁਪਾਲ ਤੋਂ ਗੁਰੂ ਜੀ ਇਸ ਅਸਥਾਨ 'ਤੇ ਆਏ ਸਨ। ਇਸ ਪਿੰਡ ਦਾ ਵੱਡਾ ਚਹਿਲ ਗੋਤ ਦਾ ਖੀਵਾ ਦੱਸਿਆ

ਜਾਂਦਾ ਹੈ ਜਿਸ ਦੇ ਨਾਂ 'ਤੇ ਵੱਸੇ ਹੋਏ ਇਸ ਪਿੰਡ ਤੋਂ ਤਿੰਨ ਖੀਵੇ ਹੋਰ ਨਿਕਲੇ ਹਨ- ਖੀਵਾ ਸਜਾਦੇ ਵਾਲਾ, ਖੀਵਾ ਦਿਆਲੂ ਵਾਲਾ, ਖੀਵਾ ਮੀਹਾਂ ਸਿੰਘ ਵਾਲਾ। ਇਹ ਪਿੰਡ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। 'ਮਾਲਵਾ ਦੇਸ ਰਟਨ ਦੀ ਸਾਖੀ ਪੋਥੀ' ਤੋਂ ਪਤਾ ਲੱਗਦਾ ਹੈ ਕਿ ਸਿੰਘਾ ਨਾਂ ਦੇ ਇਕ ਕਿਸਾਨ ਨੇ ਗੁਰੂ ਜੀ ਦੇ ਲੰਗਰ ਲਈ ਲੱਕੜੀ ਅਤੇ ਭਾਂਡਿਆਂ, ਜਾਨਵਰਾਂ ਲਈ ਘਾਹ-ਪੱਠੇ ਆਦਿ ਦੀ ਸੇਵਾ ਕੀਤੀ ਸੀ। ਭਾਈ ਸੰਤੋਖ ਸਿੰਘ ਦੱਸਦੇ ਹਨ:

*ਕੂਚ ਭੁਪਾਲਾ ਤੇ ਕਰਯੋ ਤੇਗ ਬਹਾਦਰ ਰਾਇ।*
*ਆਇਓ 'ਖੀਵਾ' ਗ੍ਰਾਮ ਪੁਨ ਉਤਰੇ ਸਹਿਜ ਸੁਭਾਇ।*
*ਗ੍ਰਾਮ ਬਿਸਾਲ ਬਸਤਿ ਸੋ ਅਹੈ।*
*ਸਿੰਘਾ ਰਾਹਿਕ ਇਕ ਤਹਿਂ ਰਹੈ।*[੬੨]

ਗਿਆਨੀ ਗਿਆਨ ਸਿੰਘ ਦੱਸਦੇ ਹਨ ਕਿ ਖੀਵਾ ਪਿੰਡ ਭੁਪਾਲ ਤੋਂ ਪੰਜ ਕੋਹ ਦੀ ਦੂਰੀ 'ਤੇ ਹੈ। ਜਦੋਂ ਗੁਰੂ ਜੀ ਨੇ ਇੱਥੇ ਡੇਰਾ ਕੀਤਾ ਬਹੁਤ ਸਾਰੀ ਸੰਗਤ ਦਰਸ਼ਨ ਕਰਨ ਲਈ ਆਈ। ਇਕ ਸ਼ਰਧਾਲੂ ਨੇ ਬਹੁਤ ਸਾਰਾ ਪ੍ਰਸਾਦਿ ਗੁਰੂ ਜੀ ਨੂੰ ਭੇਟ ਕੀਤਾ ਪਰ ਵਰਤਾਵਾ ਉਸੇ ਨੂੰ ਪ੍ਰਸਾਦਿ ਭੇਟ ਕਰਨਾ ਭੁੱਲ ਗਿਆ, ਨਾ ਹੀ ਉਸ ਨੇ ਮੰਗਿਆ। ਗੁਰੂ ਸਾਹਿਬ ਨੇ ਉਸ ਨੂੰ ਦੂਹਰਾ ਛਾਂਦਾ ਦਵਾ ਕੇ ਬਚਨ ਕੀਤਾ ਕਿ ਤੇਰੀ ਸੰਤਾਨ ਨੂੰ ਦੋਹਰੀ ਇੱਜ਼ਤ ਮਿਲੇਗੀ ਸੋ ਹੁਣ ਓਹੀ ਬਚਨ ਸੁਫਲਾ ਹੈ।[੬੩]

ਜਿਸ ਅਸਥਾਨ 'ਤੇ ਗੁਰੂ ਜੀ ਨੇ ਡੇਰਾ ਕੀਤਾ ਸੀ, ਉੱਥੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸਸ਼ੋਭਿਤ ਹੈ। ਪਹਿਲਾਂ ਇਸ ਅਸਥਾਨ ਦਾ ਪ੍ਰਬੰਧ ਕਿਸੇ ਮਹੰਤ ਕੋਲ ਸੀ ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆ ਗਿਆ ਜਿਹੜੀ ਕਿ ਗੁਰਦੁਆਰਾ ਐਕਟ ਦੀ ਧਾਰਾ ੮੭ ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ। ਮੌਜੂਦਾ ਇਮਾਰਤ ੧੯੯੫ ਈ. ਵਿਚ ਤਿਆਰ ਹੋਈ। ਲਗ-ਪਗ ਇਕ ਏਕੜ ਜ਼ਮੀਨ 'ਤੇ ਦਰਬਾਰ ਹਾਲ ਦੀ ਸੁੰਦਰ ਇਮਾਰਤ ਅਤੇ ਲੰਗਰ ਹਾਲ ਆਦਿ ਬਣੇ ਹੋਏ ਹਨ। ਗੁਰਦੁਆਰਾ ਸਾਹਿਬ ਦੀ ੧੫ ਏਕੜ ਜ਼ਮੀਨ ਵਾਹੀਯੋਗ ਹੈ।

**ਗੋਬਿੰਦਪੁਰਾ:** ਮਾਨਸਾ ਜ਼ਿਲ੍ਹੇ ਦਾ ਇਹ ਪਿੰਡ ਬੁਢਲਾਡੇ ਬੱਸ ਸਟੈਂਡ ਤੋਂ ਦਾਤੇਵਾਸ ਰਾਹੀਂ ਲਗ-ਪਗ ੧੩ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਹ ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਦਿਵਾਉਂਦਾ ਹੈ ਅਤੇ ਇਨ੍ਹਾਂ ਦੀ ਯਾਦ ਵਿਚ ਇੱਥੇ ਗੁਰਦੁਆਰਾ ਚਰਨ ਕਮਲ ਸਾਹਿਬ ਪਾਤਸ਼ਾਹੀ ਨੌਵੀਂ ਅਤੇ ਦਸਵੀਂ ਸਸ਼ੋਭਿਤ ਹੈ। ਕਿਹਾ ਜਾਂਦਾ ਹੈ ਕਿ ਇਕ ਸਿਦਕੀ ਸਿੱਖ ਭਾਈ ਗੁਲਾਬ ਸਿੰਘ ਨੂੰ ਹਾਕਮ ਨਬੀ ਬਖ਼ਸ਼ ਦੀ ਕੈਦ ਤੋਂ ਰਿਹਾਅ ਕਰਵਾ ਕੇ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੋਬਿੰਦਪੁਰੇ ਲਿਆਏ ਸਨ ਅਤੇ ਉਸ ਨੂੰ ਇੱਥੇ ਮੌਜੂਦ ਢਾਬ ਵਿਚ ਇਸ਼ਨਾਨ ਕਰਵਾਇਆ ਸੀ। ਪਹਿਲਾਂ ਇੱਥੇ ਦੋਵੇਂ ਗੁਰੂ ਸਾਹਿਬਾਨ ਦੀ ਯਾਦ ਵਿਚ ਦੋ ਮੰਜੀ ਸਾਹਿਬ ਬਣੇ ਦੱਸੇ ਜਾਂਦੇ ਹਨ ਪਰ ਹੁਣ ਇੱਕੋ ਦਰਬਾਰ ਹਾਲ ਹੈ।

ਕਿਹਾ ਜਾਂਦਾ ਹੈ ਕਿ ਇੱਥੇ ਬੋਲੇ ਗੋਤ ਦੇ ਜੱਟ ਵੱਸਦੇ ਸਨ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਇੱਥੇ ਆਏ ਤਾਂ ਉਨ੍ਹਾਂ ਕੋਈ ਪਰਵਾਹ ਨਾ ਕੀਤੀ। ਇਸ ਗੋਤ ਦੇ ਇਕ ਬਜ਼ੁਰਗ ਦੀ ਲੜਕੀ ਧੂਰਕੋਟ ਦੇ ਧਾਲੀਵਾਲਾਂ ਦੇ ਘਰ ਵਿਆਹੀ ਹੋਈ ਸੀ ਅਤੇ ਜਿਸ ਦਾ ਗੋਦ ਲਿਆ ਲੜਕਾ ਆਪਣੇ ਨਾਨੇ ਕੋਲ ਰਹਿੰਦਾ ਸੀ। ਇਹ ਬਾਲਕ ਆਪਣੇ ਨਾਨੇ ਨੂੰ ਲੈ ਕੇ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ ਅਤੇ ਗੁਰੂ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਦੱਸਿਆ ਜਾਂਦਾ ਹੈ ਕਿ ਗੁਰੂ ਸਾਹਿਬਾਨ ਦੀ ਯਾਦ ਵਿਚ ਮੰਜੀ ਸਾਹਿਬ ਦੀ ਸੇਵਾ ੧੯੭੦ ਈ. ਵਿਚ ਬਾਬਾ ਮਨਜੀਤ ਸਿੰਘ ਭੀਖੀ ਵਾਲਿਆਂ ਨੇ ਕਰਵਾਈ ਸੀ। ਇਨ੍ਹਾਂ ਤੋਂ ਬਾਅਦ ਧਮਤਾਨ ਸਾਹਿਬ ਵਾਲੇ ਬਾਬਾ ਖ਼ਜ਼ਾਨ ਸਿੰਘ ਲਗ-ਪਗ ੨੮ ਸਾਲ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੇ ਰਹੇ ਹਨ। ਅਪ੍ਰੈਲ ੨੦੧੯ ਈ. ਵਿਚ ਪਟਿਆਲੇ ਦੇ ਬਾਬਾ ਅਮਰੀਕ ਸਿੰਘ ਨੇ ਮੌਜੂਦਾ ਦਰਬਾਰ ਹਾਲ ਦੀ ਸੇਵਾ ਕਰਵਾਈ ਜਿਸ ਦੇ ਪ੍ਰਕਾਸ਼ ਅਸਥਾਨ ਵਾਲੇ ਸਥਾਨ ਦੇ ਹੇਠਾਂ ਉਸ ਅਸਥਾਨ ’ਤੇ ਇਕ ਭੋਰਾ ਬਣਾਇਆ ਗਿਆ ਹੈ ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਆ ਕੇ ਬਿਰਾਜਮਾਨ ਹੋਏ ਸਨ। ਇਸ ਦੇ ਕਿਨਾਰੇ ਪਾਣੀ ਦੀ ਢਾਬ ਸੀ ਜਿਹੜੀ ਕਿ ਸਰੋਵਰ ਵਿਚ ਤਬਦੀਲ ਕਰ ਦਿੱਤੀ ਗਈ ਹੈ। ਇਕ ਪੁਰਾਤਨ ਖੂਹ ਦਰਬਾਰ ਹਾਲ ਦੇ ਨੇੜੇ ਹੀ ਮੌਜੂਦ ਹੈ। ਲਗ-ਪਗ ਦੋ ਏਕੜ ਵਿਚ ਦਰਬਾਰ ਹਾਲ, ਲੰਗਰ ਹਾਲ, ਸਰੋਵਰ ਅਤੇ ਕੁਝ ਰਿਹਾਇਸ਼ੀ ਕਮਰੇ ਬਣੇ ਹੋਏ ਹਨ। ਇਸ ਤੋਂ ਇਲਾਵਾ ੧੩ ਕਨਾਲਾਂ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ ਜਿਸ ’ਤੇ ਖੇਤੀ ਹੁੰਦੀ ਹੈ। ਪਿੰਡ ਦੇ ਸਹਿਯੋਗ ਸਦਕਾ ਬਾਬਾ ਅਮਰੀਕ ਸਿੰਘ ਦੀ ਸਰਪ੍ਰਸਤੀ ਅਧੀਨ ਬੋਹਾ ਦੇ ਬਾਬਾ ਦਰਸ਼ਨ ਸਿੰਘ ਇਸ ਅਸਥਾਨ ਦੀ ਸੇਵਾ-ਸੰਭਾਲ ਕਰ ਰਹੇ ਹਨ।

**ਜੋਗਾ:** ਪੰਜਾਬ ਦੇ ਮਾਨਸਾ ਜ਼ਿਲ੍ਹੇ ਵਿਚ ਮੌਜੂਦ ਇਹ ਪਿੰਡ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ ਅਤੇ ਇਨ੍ਹਾਂ ਦੀ ਯਾਦ ਵਿਚ ਇੱਥੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸਸ਼ੋਭਿਤ ਹੈ। ਜਦੋਂ ਗੁਰੂ ਜੀ ਇਸ ਪਿੰਡ ਵਿਖੇ ਪੁੱਜੇ ਤਾਂ ਇੱਥੇ ਇਕ ਥੇਹ ਸੀ। ‘ਮਾਲਵਾ ਦੇਸ ਰਟਨ ਦੀ ਸਾਖੀ ਪੋਥੀ’ ਤੋਂ ਪਤਾ ਲੱਗਦਾ ਹੈ ਕਿ ਜੁਗਰਾਜ ਨਾਂ ਦਾ ਇਕ ਵਿਅਕਤੀ ਇਸ ਅਸਥਾਨ ’ਤੇ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਇਆ ਅਤੇ ਉਨ੍ਹਾਂ ਨੂੰ ਇੱਥੇ ਹੀ ਡੇਰਾ ਕਰਨ ਲਈ ਕਿਹਾ। ਗੁਰੂ ਜੀ ਨੇ ਬਚਨ ਕੀਤਾ, “ਐਤ ਥੇਹ ਪਿੰਡ ਵਸਾਇ ਲੈ ਅਜੀਤ ਕਲਰੀ ਹੈ।“[੬੪] ਜੁਗਰਾਜ

ਨੇ ਇਸ ਅਸਥਾਨ ਨੂੰ ਵਸਾ ਕੇ ਇਸ ਦਾ ਨਾਂ ਆਪਣੇ ਪੁੱਤਰ ਦੇ ਨਾਂ 'ਤੇ ਜੋਗਾ ਰੱਖਿਆ। ਗੁਰੂ ਜੀ ਦੀ ਯਾਦ ਵਿਚ ਬਣਾਏ ਗਏ ਅਸਥਾਨ 'ਤੇ ਸਮਾਂ ਪਾ ਕੇ ਇਕ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ ਗਈ। ਭਾਈ ਕਾਨ੍ਹ ਸਿੰਘ ਨਾਭਾ ਇਸ ਅਸਥਾਨ ਸੰਬੰਧੀ ਜਾਣਕਾਰੀ ਦਿੰਦੇ ਹੋਏ ਦੱਸਦੇ ਹਨ, "ਪਟਿਆਲੇ ਦੀ ਨਜਾਮਤ ਬਰਨਾਲਾ, ਤਸੀਲ ਥਾਣਾ ਮਾਨਸਾ ਵਿਚ ਇਕ ਪਿੰਡ, ਜੋ ਰੇਲਵੇ ਸਟੇਸ਼ਨ ਤਪੇ ਤੋਂ ਨੌਂ ਮੀਲ ਨੈਰਤ(ਦੱਖਣ-ਪੱਛਮ) ਕੋਣ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮਾਲਵੇ ਨੂੰ ਕ੍ਰਿਤਾਰਥ ਕਰਦੇ ਹੋਏ ਇਸ ਥਾਂ ਵਿਰਾਜੇ ਹਨ। ਗੁਰਦੁਆਰੇ ਨਾਲ ੨੩ ਘੁਮਾਉਂ ਜ਼ਮੀਨ ਪਿੰਡ ਵੱਲੋਂ ਹੈ। ਪੁਜਾਰੀ ਸਿੰਘ ਹੈ।"[੬੫]

ਇਸ ਅਸਥਾਨ 'ਤੇ ਗੁਰੂ ਜੀ ਦਾ ਪੁਰਾਤਨ ਮੰਜੀ ਸਾਹਿਬ ਮੌਜੂਦ ਸੀ ਜਿਸ ਦੀ ਜਗ੍ਹਾ 'ਤੇ ਨਵੀਂ ਇਮਾਰਤ ਲਗ-ਪਗ ੭੦ ਸਾਲ ਪਹਿਲਾਂ ਪਿੰਡ ਵਾਲਿਆਂ ਨੇ ਤਿਆਰ ਕਰਵਾਈ ਸੀ। ੨੦੧੪ ਵਿਚ ਕਾਰ-ਸੇਵਾ ਵਾਲਿਆਂ ਨੇ ਇਸ ਅਸਥਾਨ 'ਤੇ ਇਕ ਨਵੇਂ ਗੁਰਧਾਮ ਦੀ ਉਸਾਰੀ ਅਰੰਭ ਕੀਤੀ ਜਿਸ ਨੂੰ ਪਿੰਡ ਦੀ ਸਥਾਨਕ ਕਮੇਟੀ ਨੇ ਸੰਪੂਰਨ ਕਰਵਾਇਆ ਸੀ। ਇਸ ਗੁਰਦੁਆਰਾ ਸਾਹਿਬ ਦੀ ੧੪ ਕਨਾਲ ੧੦ ਮਰਲੇ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ੭ ਰਿਹਾਇਸ਼ੀ ਕਮਰੇ, ਲਾਇਬ੍ਰੇਰੀ ਆਦਿ ਬਣੇ ਹੋਏ ਹਨ। ਸਾਢੇ ਬਾਈ ਏਕੜ ਜ਼ਮੀਨ ਵਾਹੀ ਯੋਗ ਹੈ ਜਿਹੜੀ ਠੇਕੇ 'ਤੇ ਦਿੱਤੀ ਜਾਂਦੀ ਹੈ। ੧੯੬੧ ਈ. ਵਿਚ ਗੁਰਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਗੁਰਧਾਮ ਦੀ ਸੇਵਾ-ਸੰਭਾਲ ਅਰੰਭ ਕੀਤੀ ਸੀ ਅਤੇ ਹੁਣ ਗੁਰਦੁਆਰਾ ਐਕਟ ਦੀ ਧਾਰਾ-੮੭ ਅਧੀਨ ਇਹ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

**ਧਲੇਵਾਂ:** ਮਾਨਸਾ ਜ਼ਿਲ੍ਹੇ ਵਿਚ ਪੈਂਦੇ ਇਸ ਪਿੰਡ ਨੂੰ ਢਲੇਓ ਜਾਂ ਧਲੇਓ ਵੀ ਕਿਹਾ ਜਾਂਦਾ ਹੈ। ਇਸ ਅਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਇਕ ਬਜ਼ੁਰਗ ਬਾਬਾ ਤੁਲਸੀ ਦਾਸ ਨਾਲ ਵਿਚਾਰ-ਚਰਚਾ ਹੋਈ ਸੀ ਜਿਹੜੇ ਗੁਰੂ ਸਾਹਿਬ ਦੇ ਚਰਨਾਂ ਵਿਚ ਹੀ ਅਕਾਲ ਚਲਾਣਾ ਕਰ ਗਏ ਸਨ। ਗੁਰੂ ਜੀ ਨੇ ਆਪਣੇ ਹੱਥੀਂ ਇਸ ਦਾ ਅੰਤਮ ਸਸਕਾਰ ਕੀਤਾ ਸੀ। ਇਸ ਅਸਥਾਨ 'ਤੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸਸ਼ੋਭਿਤ ਹੈ। ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੀ ਸਰਪ੍ਰਸਤੀ ਅਧੀਨ ਬਾਬਾ ਰਤਨ ਸਿੰਘ ਨੇ ੨੦੧੦ ਈ. ਵਿਚ ਪਿੰਡ ਦੀ ਸੰਗਤ ਦੇ ਸਹਿਯੋਗ ਨਾਲ ਇਸ ਗੁਰਧਾਮ ਦੀ ਕਾਰ-ਸੇਵਾ ਕਰਵਾਈ ਸੀ। ਇਸ ਗੁਰਦੁਆਰਾ ਸਾਹਿਬ ਦੀ ੮ ਏਕੜ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ ਅਤੇ ਲਗ-ਪਗ ੨ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ, ਪਾਰਕਿੰਗ ਅਤੇ ੭ ਰਿਹਾਇਸ਼ੀ ਕਮਰੇ ਬਣੇ ਹੋਏ

ਹਨ। ਪਿੰਡ ਦੀ ੧੧ ਮੈਂਬਰੀ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ। ਇਕ ਪੋਹ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਯਾਦ ਵਿਚ ਸਮਾਗਮ ਕੀਤਾ ਜਾਂਦਾ ਹੈ।

**ਬਛੋਆਣਾ:** ਇਹ ਪਿੰਡ ਬੁਢਲਾਡੇ ਤੋਂ ੭ ਕਿਲੋਮੀਟਰ ਦੀ ਦੂਰੀ 'ਤੇ ਵੱਸਿਆ ਹੋਇਆ ਹੈ। 'ਮਾਲਵਾ ਦੇਸ ਰਟਨ ਦੀ ਸਾਖੀ ਪੋਥੀ' ਵਿਚ ਗੁਰੂ ਜੀ ਦੇ ਇਸ ਪਿੰਡ ਵਿਖੇ ਆਗਮਨ ਦਾ ਵਰਣਨ ਕਰਦੇ ਹੋਏ ਦੱਸਿਆ ਗਿਆ ਹੈ, "ਅਗੇ ਡੇਰਾ ਬਛੋਆਣੇ ਹੋਇਆ। ਪਿਪਲੁ ਕੀ ਛਾਉਂ ਡੇਰਾ ਹੋਇਆ। ਤਲਾਉ ਦੇ ਕਿਨਾਰੇ ਵਡੀ ਢਾਬ ਹੈਗੀ। ਗੁਰੂ ਜੀ ਨੇ ਡੇਰਾ ਸਤ ਦਿਨ ਰਖਿਆ। ਗੁਰੂ ਜੀ ਨਾਲ ਬਹੁਤ ਸੰਗਤ ਸਨਿ ਜੀ। ਲਸੀ ਨੂੰ ਮਹੀ ਬਹੁਤ ਸਨ। ਇਕ ਬੂਰੀ ਮਹਿ ਬਹੁਤ ਉਮਦੀ ਸੀ। ਗੁਰੂ ਜੀ ਨੂੰ ਸਿਖਾਂ ਨੇ ਕਹਿਆ; 'ਏਥੇ ਚੰਗੀ ਲੇਹੀ (ਚਰਾਗਾਹ) ਹੈ। ਮਹੀ ਨੇ ਦੁਧ ਬਹੁਤ ਦਿਤਾ।' ਗੁਰੂ ਸਾਹਿਬ ਨੇ ਕਹਿਆ; 'ਇਹ ਲੇਹੀ ਸਦਾ ਲਵੇਰੀ ਹੈ।' ਓਦੋਂ ਓਥੇ ਰੰਘੜ ਸਨ ਬਸਦੇ।"[੬੬] ੧੭੫੪ ਈ. ਵਿਚ ਬਾਬਾ ਆਲਾ ਸਿੰਘ ਨੇ ਮੁਸਲਮਾਨ ਰੰਘੜਾਂ ਤੋਂ ਇਹ ਪਿੰਡ ਖੋਹ ਕੇ ਕੈਥਲ ਦੀ ਸਿੱਖ ਰਿਆਸਤ ਦੇ ਹਵਾਲੇ ਕਰ ਦਿੱਤਾ ਸੀ ਜਿਹੜਾ ਕਿ ਰਾਜਾ ਉਦੈ ਸਿੰਘ ਤੋਂ ਬਾਅਦ ਅੰਗਰੇਜ਼ਾਂ ਅਧੀਨ ਆ ਗਿਆ ਸੀ।

ਮਾਲਵੇ ਦੀ ਪ੍ਰਚਾਰ-ਯਾਤਰਾ ਸਮੇਂ ਬਰ੍ਹੇ ਤੋਂ ਬੁਢਲਾਡਾ ਹੁੰਦੇ ਹੋਏ ਸ੍ਰੀ ਗੁਰੂ ਤੇਗ ਬਹਾਦਰ ਜੀ ਇਸ ਪਿੰਡ ਵਿਖੇ ਪੁੱਜੇ ਸਨ। ਕਰੀਰ ਦੇ ਇਕ ਰੁੱਖ ਨਾਲ ਗੁਰੂ ਜੀ ਨੇ ਘੋੜਾ ਬੰਨਿਆ ਸੀ ਅਤੇ ਆਲੇ-ਦੁਆਲੇ ਪਿੱਪਲਾਂ ਦੇ ਰੁੱਖਾਂ ਦੀ ਸੰਘਣੀ ਛਾਂ ਗਰਮੀ ਤੋਂ ਰਾਹਤ ਦਿਵਉਂਦੀ ਸੀ। ਜਿਸ ਅਸਥਾਨ 'ਤੇ ਗੁਰੂ ਜੀ ਨੇ ਨਿਵਾਸ ਕੀਤਾ ਸੀ ਪਹਿਲਾਂ ਉੱਥੇ ਇਕ ਥੜ੍ਹੇ ਦੀ ਉਸਾਰੀ ਕੀਤੀ ਗਈ ਅਤੇ ਫਿਰ ਇਕ ਛੋਟਾ ਜਿਹਾ ਕਮਰਾ ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਜਿੱਥੇ ਸੰਗਤ ਜੁੜਨ ਲੱਗੀ। ਹੌਲੀ-ਹੌਲੀ ਇਸ ਕਮਰੇ ਦਾ ਵਿਸਥਾਰ ਹੁੰਦਾ ਗਿਆ। ਮੌਜੂਦਾ ਇਮਾਰਤ ਤੋਂ ਪਹਿਲਾਂ ਇੱਥੇ ਸਥਿਤ ਪੁਰਾਤਨ ਗੁਰਧਾਮ ਦੇ ਦਰਵਾਜ਼ੇ ਹਾਲੇ ਵੀ ਉੱਥੇ ਦੇਖੇ ਜਾ ਸਕਦੇ ਹਨ। ਗੁਰੂ ਜੀ ਦੀ ਯਾਦ ਵਿਚ ਸਸ਼ੋਭਿਤ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਦੇ ਨਾਂ ੪੮ ਏਕੜ ੫ ਕਨਾਲਾਂ ਵਾਹੀ ਯੋਗ ਜ਼ਮੀਨ ਲੱਗੀ ਹੋਈ ਹੈ। ਇਕ ਟੱਕ ਵਿਚ ਇਸ ਜ਼ਮੀਨ ਦਾ ਬਿਉਰਾ ਇਕ ਬੋਰਡ 'ਤੇ ਲਿਖ ਕੇ ਲਗਾਇਆ ਹੋਇਆ ਹੈ। ਇਸ ਤੋਂ ਇਲਾਵਾ ਲਗ-ਪਗ ਤਿੰਨ ਏਕੜ ਵਿਚ ਦਰਬਾਰ ਹਾਲ, ਲੰਗਰ ਹਾਲ, ਦੀਵਾਨ ਹਾਲ, ਡਿਉੜ੍ਹੀ ਆਦਿ ਬਣੇ ਹੋਏ ਹਨ। ੨੩ ਨਵੰਬਰ, ੨੦੧੨ ਈ. ਨੂੰ ਨਵੇਂ ਦਰਬਾਰ ਦੀ ਉਸਾਰੀ ਸੰਪੂਰਨ ਹੋਣ 'ਤੇ ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਗੁਰਦੁਆਰਾ ਐਕਟ ਦੀ ਧਾਰਾ ੮੭ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ

ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

**ਬਰ੍ਹੇ:** ਮਾਨਸਾ ਜ਼ਿਲ੍ਹੇ ਦਾ ਇਹ ਪਿੰਡ ਬੁਢਲਾਡੇ ਤੋਂ ੬ ਕਿਲੋਮੀਟਰ ਦੂਰ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਟ ਧਰਮੂ ਤੋਂ ਇੱਥੇ ਆਏ ਸਨ ਅਤੇ ਇੱਥੇ ਉਨ੍ਹਾਂ ਨੇ ਚੁਮਾਸਾ ਕੱਟਿਆ ਸੀ। ਜਿਸ ਅਸਥਾਨ 'ਤੇ ਗੁਰੂ ਜੀ ਨੇ ਨਿਵਾਸ ਕੀਤਾ ਸੀ ਉੱਥੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸਸ਼ੋਭਿਤ ਹੈ। ਇਸ ਗੁਰਧਾਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ, "ਇਸ ਪਿੰਡ (ਬਰ੍ਹੇ) ਤੋਂ ਪੱਛਮ ਇਕ ਫਰਲਾਂਗ ਪੁਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ, ਗੁਰੂ ਜੀ ਇੱਥੇ ਚੌਮਾਸਾ ਠਹਿਰੇ ਹਨ। ਗੁਰਦੁਆਰਾ ਅਤੇ ਰਿਹਾਇਸ਼ੀ ਮਕਾਨ ਬਣੇ ਹੋਏ ਹਨ, ਨਾਲ ੨੧੦ ਘੁਮਾਉਂ ਦੇ ਕਰੀਬ ਜ਼ਮੀਨ ਰਿਆਸਤ ਪਟਿਆਲੇ ਵੱਲੋਂ ਹੈ, ਪੁਜਾਰੀ ਸਿੰਘ ਹੈ।"[੬੭] ਸਥਾਨਿਕ ਪਰੰਪਰਾ ਦੱਸਦੀ ਹੈ ਕਿ ਪੱਛਮ ਦਿਸ਼ਾ ਵੱਲ ਇੱਥੇ ਇਕ ਪੁਰਾਤਨ ਪਿੰਡ ਸ਼ੇਰਗੜ੍ਹ ਗਿੱਲ ਸੀ ਅਤੇ ਗੁਰੂ ਜੀ ਨੇ ਪੂਰਬ ਵੱਲ ਨਵਾਂ ਪਿੰਡ ਵਸਾਉਣ ਲਈ ਕਿਹਾ। ਇਸ ਪਿੰਡ ਦਾ ਨਾਂ ਗੁਰੂ ਜੀ ਨੇ ਬਰ੍ਹੇ (ਬਰੇਹ) ਰੱਖਿਆ ਸੀ, ਹੁਣ ਇਹੀ ਪਿੰਡ ਮੌਜੂਦ ਹੈ। ਚੁਮਾਸੇ ਦੌਰਾਨ ਮੀਂਹ ਨੂੰ ਦੇਖਦੇ ਹੋਏ ਗੁਰੂ ਜੀ ਨੇ ਪਿੰਡ ਵਾਸੀਆਂ ਨੂੰ ਮੋਠ ਬਾਜਰਾ ਬੀਜਣ ਲਈ ਕਿਹਾ। ਜਿਸ ਇਲਾਕੇ ਵਿਚ ਮੀਂਹ ਬਹੁਤ ਘੱਟ ਪੈਂਦਾ ਸੀ ਉੱਥੇ ਇਸ ਸਾਲ ਮੀਂਹ ਪੈਣ ਕਾਰਨ ਫਸਲ ਬਹੁਤ ਚੰਗੀ ਹੋਈ। ਗੁਰੂ ਜੀ ਦੇ ਘੋੜਿਆਂ, ਮੱਝਾਂ ਅਤੇ ਹੋਰਨਾਂ ਜਾਨਵਰਾਂ ਨੇ ਵੀ ਰੱਜ ਕੇ ਇਹੀ ਫ਼ਸਲ ਖਾਧੀ। ਇਸ ਨਗਰ ਵਿਖੇ ਗੁਰੂ ਜੀ ਦੀ ਆਮਦ ਅਤੇ ਬਰਕਤਾਂ ਦਾ ਵਰਣਨ ਕਰਦੇ ਹੋਏ ਭਾਈ ਸੰਤੋਖ ਸਿੰਘ ਦੱਸਦਾ ਹੈ:

*ਤਹਿਂ ਤੇ ਚਢਿ ਸ਼੍ਰੀ ਸਤਿਗੁਰੂ ਬਰੇ ਗ੍ਰਾਮ ਮਹਿਂ ਆਇ।*
*ਕਰਯੋ ਨਿਵਾਸ ਸੁ ਥਾਨ ਸੁਠ ਮਿਲੇ ਲੋਕ ਸਮੁਦਾਇ॥*
*ਕਰਿ ਸੇਵਾ ਦਿਨ ਕੁਛਕ ਟਿਕਾਏ।*
*ਹੁਤੋ ਚੁਮਾਸਾ ਘਨ ਬਰਖਾਏ।*
*ਤਹਾਂ ਮੋਠ ਕੋ ਖੇਤ ਬਿਜਾਇ।*
*ਚਾਰਤਿ ਭਏ ਤੁਰੰਗਨਿ ਪਾਇ॥*[੬੮]

ਇਸ ਗੁਰਧਾਮ ਦੀ ਮੌਜੂਦਾ ਇਮਾਰਤ ੧੯੯੨ ਈ. ਵਿਚ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੀ ਸਰਪ੍ਰਸਤੀ ਅਧੀਨ ਸੰਪੂਰਨ ਹੋਈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਇਕ ਪੁਰਾਤਨ ਖੂਹ ਗੁਰਦੁਆਰਾ ਸਾਹਿਬ ਦੀ ਪਰਕਰਮਾ ਦੇ ਨਾਲ ਹੀ ਮੌਜੂਦ ਹੈ। ਗੁਰਦੁਆਰਾ ਸਾਹਿਬ ਦੇ ਨਾਂ ਲਗ-ਪਗ ੮੦ ਏਕੜ ਜ਼ਮੀਨ 'ਤੇ ਖੇਤੀ ਹੁੰਦੀ ਹੈ। ਇਸ ਤੋਂ ਇਲਾਵਾ ੫ ਏਕੜ ਜ਼ਮੀਨ

'ਤੇ ਦਰਬਾਰ ਹਾਲ, ਦੀਵਾਨ ਹਾਲ, ਸਰੋਵਰ, ਲੰਗਰ ਹਾਲ, ਬਾਗ਼-ਬਗੀਚੇ ਅਤੇ ੨੦ ਕਮਰੇ ਆਦਿ ਬਣੇ ਹੋਏ ਹਨ। ੧੯੬੫ ਈ. ਵਿਚ ਇਸ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਲਈ ਬਣਾਈ ਗਈ ਕਮੇਟੀ ਦੇ ਪ੍ਰਧਾਨ ਸ. ਗੁਰਦੇਵ ਸਿੰਘ ਮੱਲ ਸਿੰਘ ਵਾਲਾ ਸਨ ਜਿਹੜੇ ਕਿ ੧੯੮੭ ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਆਉਣ ਤਕ ਇਸ ਅਸਥਾਨ ਦੀ ਸੇਵਾ-ਸੰਭਾਲ ਕਰਦੇ ਰਹੇ। ੧੯੨੫ ਦੇ ਐਕਟ ਦੀ ਧਾਰਾ ੮੭ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਇਸ ਦੇ ਪ੍ਰਬੰਧ ਲਈ ਇਕ ਸਥਾਨਕ ਕਮੇਟੀ ਦਾ ਗਠਨ ਕੀਤਾ ਗਿਆ ਹੈ, ਸ. ਸੁਖਪਾਲ ਸਿੰਘ ਬਰ੍ਹੇ ਇਸ ਦੇ ਪ੍ਰਧਾਨ ਹਨ।

**ਬੁਢਲਾਡਾ:** ਬਠਿੰਡਾ-ਦਿੱਲੀ ਰੇਲ ਮਾਰਗ 'ਤੇ ਇਹ ਇਕ ਪ੍ਰਮੁੱਖ ਰੇਲਵੇ ਸਟੇਸ਼ਨ ਹੈ। ਸੜਕ ਮਾਰਗ ਰਾਹੀਂ ਇਹ ਪੰਜਾਬ ਦੇ ਵਿਭਿੰਨ ਨਗਰਾਂ ਨਾਲ ਜੁੜਿਆ ਹੋਇਆ ਹੈ। ਬਰ੍ਹੇ ਤੋਂ ਲਗ-ਪਗ ੬ ਕਿਲੋਮੀਟਰ ਦੀ ਦੂਰੀ 'ਤੇ ਬੱਸ ਸਟੈਂਡ ਦੇ ਸਾਹਮਣੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਾਹਿਬ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸਸ਼ੋਭਿਤ ਹੈ। ਇਸ ਅਸਥਾਨ ਦੇ ਗੁਰੂ ਸਾਹਿਬ ਦੀ ਚਰਨ-ਛੋਹ ਪ੍ਰਾਪਤ ਹੋਣ ਸੰਬੰਧੀ ਬਹੁਤੇ ਸਰੋਤ ਚੁੱਪ ਹਨ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਬਰ੍ਹੇ ਤੋਂ ਬੱਛੋਆਣੇ ਜਾਂਦੇ ਹੋਏ ਗੁਰੂ ਜੀ ਇਸ ਅਸਥਾਨ 'ਤੇ ਕੁਝ ਸਮੇਂ ਲਈ ਰੁਕੇ ਸਨ। ਇਸ ਗੁਰਧਾਮ ਦੀ ਨਵੀਂ ਇਮਾਰਤ ਦੀ ਕਾਰ-ਸੇਵਾ ਬਾਬਾ ਅਮਰੀਕ ਸਿੰਘ ਪਟਿਆਲੇ ਵਾਲਿਆਂ ਵੱਲੋਂ ਕਰਵਾਈ ਗਈ ਹੈ। ਇਸ ਦਾ ਪ੍ਰਬੰਧ ਪਹਿਲਾਂ ਬਾਬਾ ਖ਼ਜ਼ਾਨ ਸਿੰਘ ਕਰਦੇ ਸਨ ਅਤੇ ਇਨ੍ਹਾਂ ਤੋਂ ਬਾਅਦ ਬਾਬਾ ਦਰਸ਼ਨ ਸਿੰਘ ਬੋਹਾ ਵਾਲੇ ਇਹ ਸੇਵਾ ਨਿਭਾ ਰਹੇ ਹਨ।

**ਭੁਪਾਲ:** ਪੰਜਾਬ ਦੇ ਮਾਨਸਾ ਜ਼ਿਲ੍ਹੇ ਵਿਚ ਇਹ ਪਿੰਡ ਗੁਰੂ ਜੀ ਦੀ ਯਾਦ ਦਿਵਾਉਂਦਾ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਇਸ ਪਿੰਡ ਵਿੱਚੋਂ ਲੰਘੇ ਸਨ। ਗੁਰੂ ਜੀ ਦੀ ਯਾਦ ਵਿਚ ਇਸ ਪਿੰਡ ਵਿਖੇ ਦੋ ਗੁਰਧਾਮ ਸਸ਼ੋਭਿਤ ਹਨ:

੧. **ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ:** ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਇਸ ਪਿੰਡ ਵਿਖੇ ਪੁੱਜੇ ਸਨ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਜਦੋਂ ਗੁਰੂ ਜੀ ਇਸ ਪਿੰਡ ਵਿਖੇ ਆਏ ਤਾਂ ਉਨ੍ਹਾਂ ਗੁਰੂ ਜੀ ਦੀ ਕੋਈ ਸੇਵਾ ਨਾ ਕੀਤੀ ਅਤੇ ਗੁਰੂ ਜੀ ਇੱਥੋਂ ਅੱਗੇ ਚਲੇ ਗਏ। ਜਿਸ ਅਸਥਾਨ 'ਤੇ ਗੁਰੂ ਜੀ ਕੁਝ ਸਮੇਂ ਲਈ ਰੁਕੇ ਸਨ ਉੱਥੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਸਸ਼ੋਭਿਤ ਹੈ। ਪੁਰਾਣੇ ਮੰਜੀ ਸਾਹਿਬ ਵਾਲੇ ਅਸਥਾਨ 'ਤੇ ਛੋਟਾ ਨਿਸ਼ਾਨ

ਸਾਹਿਬ ਲੱਗਿਆ ਹੋਇਆ ਹੈ। ਇਸ ਦੇ ਸਾਹਮਣੇ ਹੀ ਮੌਜੂਦਾ ਦਰਬਾਰ ਹਾਲ ਦੀ ਉਸਾਰੀ ਬਾਬਾ ਹਰਬੰਸ ਸਿੰਘ ਜੀ ਕਾਰ-ਸੇਵਾ ਵਾਲਿਆਂ ਦੀ ਸੰਸਥਾ ਦੇ ਬਾਬਾ ਅਜਾਇਬ ਸਿੰਘ ਨੇ ੧੯੯੪ ਈ. ਵਿਚ ਅਰੰਭ ਕਰਕੇ ੧੯੯੯ ਈ. ਵਿਚ ਸੰਪੂਰਨ ਕਰਵਾਈ ਸੀ। ਲਗ-ਪਗ ਢਾਈ ਏਕੜ ਜ਼ਮੀਨ 'ਤੇ ਦਰਬਾਰ ਹਾਲ, ਦੀਵਾਨ ਹਾਲ, ਲੰਗਰ ਹਾਲ, ਪੁਰਾਤਨ ਖੂਹ ਅਤੇ ਕੁਝ ਰਿਹਾਇਸ਼ੀ ਕਮਰੇ ਬਣੇ ਹੋਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਐਕਟ ਦੀ ਧਾਰਾ ੮੭ ਅਧੀਨ ਇਕ ਸਥਾਨਕ ਕਮੇਟੀ ਰਾਹੀਂ ਇਸ ਦਾ ਪ੍ਰਬੰਧ ਕੀਤਾ ਜਾਂਦਾ ਹੈ, ਸ. ਬਲਵੰਤ ਸਿੰਘ ਇਸ ਦੇ ਪ੍ਰਧਾਨ ਹਨ। ਗੁਰਪੁਰਬਾਂ ਤੋਂ ਇਲਾਵਾ ਸੰਗਰਾਂਦ, ਪੂਰਨਮਾਸੀ 'ਤੇ ਗੁਰਮਤਿ ਸਮਾਗਮ ਕਰਵਾਏ ਜਾਂਦੇ ਹੈ।

੨. **ਗੁਰਦੁਆਰਾ ਅਟਕਸਰ ਸਾਹਿਬ ਪਾਤਸ਼ਾਹੀ ਨੌਵੀਂ:** ਭੁਪਾਲ ਪਿੰਡ ਦੇ ਬਾਹਰਵਾਰ ਇਹ ਉਹ ਅਸਥਾਨ ਹੈ ਜਿੱਥੇ ਪਿੰਡ ਦੇ ਬੀਰਨ (ਵੀਰਨ) ਦਾਸ ਨੇ ਗੁਰੂ ਜੀ ਨੂੰ ਰੋਕਿਆ ਸੀ। ਪਿੰਡ ਵਾਲਿਆਂ ਨੇ ਗੁਰੂ ਜੀ ਦੀ ਕੋਈ ਸੇਵਾ ਨਹੀਂ ਕੀਤੀ ਸੀ ਅਤੇ ਜਦੋਂ ਉਨ੍ਹਾਂ ਨੂੰ ਗੁਰੂ ਜੀ ਦੇ ਇਕ ਧਰਮਾਤਮਾ ਪੁਰਖ ਹੋਣ ਦਾ ਅਹਿਸਾਸ ਹੋਇਆ ਤਾਂ ਉਨ੍ਹਾਂ ਨੇ ਪਿੰਡ ਦੇ ਇਕ ਵਿਅਕਤੀ ਬੀਰਨ ਦਾਸ ਨੂੰ ਛੇਤੀ ਨਾਲ ਭੇਜਿਆ ਕਿ ਉਹ ਗੁਰੂ ਜੀ ਨੂੰ ਰੋਕੇ ਅਤੇ ਉਹ ਪਿੱਛੋਂ ਆਉਂਦੇ ਹਨ। ਪਿੰਡ ਦੇ ਲਗ-ਪਗ ਦੋ ਕਿਲੋਮੀਟਰ ਬਾਹਰ ਇਸ ਨੇ ਬੇਨਤੀ ਕਰ ਕੇ ਗੁਰੂ ਜੀ ਨੂੰ ਰੋਕ ਲਿਆ ਪਰ ਪਿੰਡ ਵਾਲੇ ਨਾ ਆਏ। ਗੁਰੂ ਜੀ ਬੀਰਨ ਦਾਸ ਨੂੰ ਪਰਵਾਰ ਦੇ ਵੱਧਣ-ਫੁੱਲਣ ਦਾ ਅਸ਼ੀਰਵਾਦ ਦੇ ਕੇ ਅੱਗੇ ਚਲੇ ਗਏ। ਇਸ ਅਸਥਾਨ 'ਤੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਅਟਕਸਰ ਸਾਹਿਬ ਬਣਿਆ ਹੋਇਆ ਹੈ। ਮੌਜੂਦਾ ਸਮੇਂ ਵਿਚ ਬਾਬਾ ਠਾਕਰ ਸਿੰਘ ਇਸ ਦੀ ਸੇਵਾ-ਸੰਭਾਲ ਕਰ ਰਹੇ ਹਨ। ਇਨ੍ਹਾਂ ਨੇ ਦੱਸਿਆ ਕਿ ੧੯੮੬ ਈ. ਵਿਚ ੧੫ ਸਾਲ ਦੀ ਉਮਰ ਵਿਚ ਜਦੋਂ ਇਹ ਇੱਥੇ ਆਏ ਸਨ ਤਾਂ ਇਕ ਛੋਟਾ ਜਿਹਾ ਮੰਜੀ ਸਾਹਿਬ ਸੀ ਪਰ ਸੰਗਤ ਦੇ ਸਹਿਯੋਗ ਨਾਲ ਹੁਣ ਇਹ ਆਬਾਦ ਹੋ ਗਿਆ ਹੈ। ਲਗ-ਪਗ ਅੱਧਾ ਏਕੜ ਜ਼ਮੀਨ 'ਤੇ ਦਰਬਾਰ ਹਾਲ, ਰਿਹਾਇਸ਼, ਦੋ ਭੋਰੇ, ਸਰੋਵਰ ਆਦਿ ਬਣੇ ਹੋਏ ਹਨ। ਸੁੱਕੇ ਹੋਏ ਵਣ ਦੇ ਰੁੱਖ ਦਾ ਮੁੱਢ ਸੰਭਾਲ ਕੇ ਰੱਖਿਆ ਹੋਇਆ ਹੈ। ਦੱਸਿਆ ਜਾਂਦਾ ਹੈ ਕਿ ਇਸ ਰੁੱਖ ਨਾਲ ਗੁਰੂ ਜੀ ਨੇ ਘੋੜਾ ਬੰਨਿਆ ਸੀ।

**ਭੀਖੀ:** ਮਾਨਸਾ ਜ਼ਿਲ੍ਹੇ ਵਿਚ ਇਹ ਨਗਰ ਮਾਨਸਾ-ਸੁਨਾਮ ਸੜਕ 'ਤੇ ਮਾਨਸਾ ਤੋਂ ਲਗ-ਪਗ ੧੭ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਖੀਵਾ, ਸਮਾਉਂ ਤੋਂ ਹੁੰਦੇ ਹੋਏ ਗੁਰੂ ਜੀ ਇਸ ਨਗਰ ਵਿਖੇ ਆਏ ਸਨ। ਇਸ ਇਲਾਕੇ ਦਾ ਇਹ ਇਕ

ਵੱਡਾ ਪਿੰਡ ਸੀ ਜਿੱਥੇ ਕੁਝ ਦਿਨ ਨਿਵਾਸ ਕਰ ਕੇ ਗੁਰੂ ਜੀ ਨੇ ਇਲਾਕੇ ਦੀ ਸੰਗਤ ਨੂੰ ਗੁਰਮਤਿ ਦੀ ਸਿੱਖਿਆ ਪ੍ਰਦਾਨ ਕੀਤੀ ਸੀ। ਇਸ ਪਿੰਡ ਦਾ ਚੌਧਰੀ ਦੇਸੂ ਸਖੀ ਸਰਵਰ ਦਾ ਪੁਜਾਰੀ ਸੀ ਪਰ ਗੁਰੂ ਜੀ ਦੇ ਦਰਸ਼ਨ ਕਰਨ ਉਪਰੰਤ ਸਾਰੇ ਪੁਰਾਤਨ ਵਿਚਾਰ ਅਤੇ ਸਸਕਾਰ ਛੱਡ ਕੇ ਗੁਰਸਿੱਖ ਹੋ ਗਿਆ। ਮਾਲਵਾ ਦੇਸ ਰਟਨ ਦੀ ਸਾਖੀ ਪੋਥੀ ਵਿਚ ਦੱਸਿਆ ਗਿਆ ਹੈ ਕਿ ਗੁਰੂ ਜੀ ਨੇ ਇਸ ਨੂੰ ਪੰਜ ਤੀਰ ਬਖ਼ਸ਼ਿਸ਼ ਕਰਦੇ ਹੋਏ ਕਿਹਾ, "ਤੈਨੂੰ ਸਰਦਾਰ ਬੀਰ ਬਖਸੇ। ਜਿਸ ਤਰਫਿ ਮੁਹੁ ਕਰੇਂਗਾ ਤੇਰੀ ਜੀਤ ਹੋਵੈਗੀ। ਸਿਖੀ ਰਖੇਂਗਾ ਤਾਂ ਰਾਜੁ ਕਰੇਂਗਾ। ਸਿਖੀ ਥੋਂ ਭਰਮ ਕਰੇਂਗਾ ਤਾਂ ਤੇਰਾ ਕੁਹੁ ਨਹੀਂ ਰਹੇਗਾ।"[੬੯] ਇਸੇ ਵਿਚਾਰ ਦੀ ਪੁਸ਼ਟੀ ਗਿਆਨੀ ਗਿਆਨ ਸਿੰਘ ਕਰਦੇ ਹੋਏ ਦੱਸਦੇ ਹਨ ਕਿ ਸਖੀ ਸਰਵਰ ਤੋਂ ਸਿੱਖ ਬਣੇ ਚੌਧਰੀ ਦੇਸੂ ਨੂੰ ਪੰਜ ਤੀਰ ਬਖ਼ਸ਼ਸ਼ ਕਰਦੇ ਹੋਏ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬਚਨ ਕੀਤਾ, "ਏਹ ਪੰਜੇ ਬੀਰ ਹਨ। ਧੂਪ ਦੇ ਕੇ ਅਦਬ ਨਾਲ ਰੱਖ ਛੱਡ। ਜਿੱਥੇ ਕੋਈ ਕੰਮ ਪਏ ਏਨ੍ਹਾਂ ਅੱਗੇ ਬੇਨਤੀ ਕਰੀਂ ਸਭ ਕਾਰਜ ਰਾਸ ਆਵੇਗਾ ਤੇ ਜਦੋਂ ਤੂੰ ਅਰ ਤੇਰੀ ਸੰਤਾਨ ਏਨ੍ਹਾਂ ਦੀ ਮੰਨਤ ਕਰੇਗੀ, ਬੇਅਦਬੀ ਨਾ ਕਰੋਗੇ, ਤਦੋਂ ਤਕ ਤੇਰਾ ਰਾਜ ਭਾਗ ਅਟੱਲ ਬਣਿਆ ਰਹੇਗਾ।"[੭੦] ਗੁਰੂ ਜੀ ਦੀ ਯਾਦ ਵਿਚ ਇੱਥੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸਥਿਤ ਹੈ।

ਇਹ ਪਿੰਡ ਪਟਿਆਲਾ ਰਿਆਸਤ ਅਧੀਨ ਪੈਂਦਾ ਸੀ ਅਤੇ ਮਹਾਰਾਜਾ ਕਰਮ ਸਿੰਘ ਨੇ ਇੱਥੇ ਇਕ ਸੁੰਦਰ ਗੁਰਧਾਮ ਦੀ ਉਸਾਰੀ ਕਰਵਾਈ ਸੀ। ਮੌਜੂਦਾ ਇਮਾਰਤ ਦੀ ਕਾਰ-ਸੇਵਾ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੀ ਸਰਪ੍ਰਸਤੀ ਅਧੀਨ ੧੯੯੪ ਈ. ਵਿਚ ਸੰਪੂਰਨ ਹੋਈ। ਨਿਤਨੇਮ ਤੋਂ ਇਲਾਵਾ ਸਵੇਰੇ ਮੁੱਖ ਵਾਕ ਅਤੇ ਸ਼ਾਮ ਵੇਲੇ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦੀ ਕਥਾ ਹੁੰਦੀ ਹੈ। ਗੁਰਦੁਆਰਾ ਸਾਹਿਬ ਦੀ ਲਗ-ਪਗ ੫ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ ਆਦਿ ਬਣੇ ਹੋਏ ਹਨ। ੧੦੯ ਏਕੜ ਜ਼ਮੀਨ ਵਾਹੀ ਯੋਗ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਗੁਰਧਾਮ ਦਾ ਪ੍ਰਬੰਧ ਕੀਤਾ ਜਾਂਦਾ ਹੈ।

**ਭੈਣੀ ਬਾਘਾ:** ਮਾਨਸਾ ਕੈਂਚੀਆਂ ਤੋਂ ਬਠਿੰਡਾ ਵੱਲ ੫ ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਸਥਿਤ ਹੈ। ਇਸ ਪਿੰਡ ਵਿਖੇ ਦੋ ਗੁਰਦੁਆਰਾ ਸਾਹਿਬ ਸਸ਼ੋਭਿਤ ਹਨ:

੧. **ਗੁਰਦੁਆਰਾ ਰਕਾਬਸਰ ਸਾਹਿਬ**: ਮੁੱਖ ਸੜਕ ਤੋਂ ਇੱਕ ਕਿਲੋਮੀਟਰ ਅੰਦਰ ਵੱਲ ਗੁਰਦੁਆਰਾ ਰਕਾਬਸਰ ਸਾਹਿਬ ਸਸ਼ੋਭਿਤ ਹੈ ਜਿੱਥੇ ਭੀਖੀ, ਖ਼ਿਆਲਾ ਤੋਂ ਹੁੰਦੇ ਹੋਏ ਅੱਗੇ ਮੌੜ ਕਲਾਂ ਨੂੰ ਜਾਂਦੇ ਸਮੇਂ ਗੁਰੂ ਜੀ ਦੇ ਘੋੜੇ ਦੀ ਕਾਠੀ ਦੀ ਰਕਾਬ ਟੁੱਟ

ਗਈ ਸੀ। ਕਾਰੀਗਰ ਤੋਂ ਰਕਾਬ ਗੰਢਵਾ ਕੇ ਗੁਰੂ ਜੀ ਅੱਗੇ ਚਲੇ ਗਏ ਸਨ। ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ ਕਿ ਪਹਿਲਾਂ ਇੱਥੇ ਦਰੱਖ਼ਤਾਂ ਦੀ ਝਿੜੀ ਹੁੰਦੀ ਸੀ ਜਿੱਥੇ ਮੰਜੀ ਸਾਹਿਬ ਸਥਾਪਿਤ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਪੱਕਾ ਕਮਰਾ ਬਣਿਆ ਹੋਇਆ ਸੀ। ਭਾਈ ਦਾਨ ਸਿੰਘ ਨੇ ੨੪ ਵਿੱਘੇ ਜ਼ਮੀਨ ਦਾਨ ਕੀਤੀ।[੨੧]

ਮੌਜੂਦਾ ਇਮਾਰਤ ੪੦ ਸਾਲ ਪਹਿਲਾਂ ਦੀ ਬਣੀ ਹੋਈ ਹੈ। ਨੀਂਹ ਪੱਥਰ ਰੱਖਣ ਸਮੇਂ ਇਸ ਦੀ ਅਰਦਾਸ ਬੱਬਰ ਖ਼ਾਲਸਾ ਜਥੇਬੰਦੀ ਦੇ ਜਥੇਦਾਰ ਤਲਵਿੰਦਰ ਸਿੰਘ ਨੇ ਕੀਤੀ ਸੀ। ਨੀਵਾਂ ਅਤੇ ਪੁਰਾਣਾ ਦਰਬਾਰ ਸਾਹਿਬ ਹਾਲੇ ਵੀ ਮੌਜੂਦ ਹੈ ਜਿਸ ਦਾ ਰਸਤਾ ਨਵੇਂ ਦਰਬਾਰ ਹਾਲ ਵਿੱਚੋਂ ਹੈ। ਗੁਰਦੁਆਰਾ ਸਾਹਿਬ ਦੇ ਮੈਨੇਜਰ ਸ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ੧੯੯੫-੯੬ ਈ. ਦੌਰਾਨ ਇਹ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆ ਗਿਆ ਸੀ ਜਿਹੜੀ ਕਿ ਗੁਰਦੁਆਰਾ ਐਕਟ ਦੀ ਧਾਰਾ ੮੭ ਅਧੀਨ ਇਸ ਦਾ ਪ੍ਰਬੰਧ ਕਰਦੀ ਹੈ। ਲਗ-ਪਗ ੪ ਏਕੜ ਜ਼ਮੀਨ ’ਤੇ ਦਰਬਾਰ ਹਾਲ, ਲੰਗਰ ਹਾਲ ਬਣੇ ਹੋਏ ਹਨ ਅਤੇ ੩੯ ਏਕੜ ਵਾਹੀ ਯੋਗ ਜ਼ਮੀਨ ਠੇਕੇ ’ਤੇ ਦਿੱਤੀ ਜਾਂਦੀ ਹੈ।

੨. **ਗੁਰਦੁਆਰਾ ਪਿੱਪਲੀਸਰ ਸਾਹਿਬ:** ਗੁਰਦੁਆਰਾ ਰਕਾਬਸਰ ਤੋਂ ਇਕ ਕਿਲੋਮੀਟਰ ਦੀ ਦੂਰੀ ’ਤੇ ਇਹ ਅਸਥਾਨ ਮੌਜੂਦ ਹੈ। ਕਿਹਾ ਜਾਂਦਾ ਹੈ ਕਿ ਗੁਰਦੁਆਰਾ ਰਕਾਬਸਰ ਸਾਹਿਬ ਤੋਂ ਚੱਲ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਪਿੰਡ ਦੇ ਬਾਹਰਵਾਰ ਜਿਸ ਅਸਥਾਨ ’ਤੇ ਇਕ ਪਿੱਪਲ ਹੇਠਾਂ ਕੁਝ ਸਮੇਂ ਲਈ ਰੁਕੇ ਸਨ ਉੱਥੇ ਗੁਰਦੁਆਰਾ ਪਿੱਪਲੀਸਰ ਸਾਹਿਬ ਸਸ਼ੋਭਿਤ ਹੈ। ਲਗ-ਪਗ ਅੱਧਾ ਏਕੜ ਜ਼ਮੀਨ ’ਤੇ ੧੯੬੦ ਈ. ਵਿਚ ਇਹ ਗੁਰਧਾਮ ਬਣਾਇਆ ਗਿਆ ਹੈ। ਗੁਰਦੁਆਰਾ ਰਕਾਬਸਰ ਦੀ ਕਮੇਟੀ ਹੀ ਇਸ ਦਾ ਪ੍ਰਬੰਧ ਕਰਦੀ ਹੈ।

**ਰੱਲਾ:** ਮਾਨਸਾ-ਬਰਨਾਲਾ ਸੜਕ ’ਤੇ ਇਹ ਪਿੰਡ ਮਾਨਸਾ ਤੋਂ ੧੫ ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਇਹ ਪਿੰਡ ਜੋਗੇ ਦੇ ਇਤਿਹਾਸਿਕ ਗੁਰਧਾਮ ਤੋਂ ੬ ਕਿਲੋਮੀਟਰ ਦੂਰ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਜੀ ਇਸ ਪਿੰਡ ਵਿਖੇ ਆਏ ਸਨ ਅਤੇ ਇਨ੍ਹਾਂ ਦੀ ਯਾਦ ਵਿਚ ਇੱਥੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸਸ਼ੋਭਿਤ ਹੈ। ਭਾਈ ਰਣਧੀਰ ਸਿੰਘ ਦੱਸਦੇ ਹਨ ਕਿ ਇਸ ਅਸਥਾਨ ’ਤੇ ਚਰਨ-ਛੋਹ ਨਾਲ ਪਾਵਨ ਹੋਈ ਟੇਕਰੀ ਦਾ ਅਦਬ-ਸਤਿਕਾਰ ਬਹਾਲ ਰੱਖਣ ਹਿਤ ਸੰਤ ਮਸਤ ਰਾਮ ਜੀ ਨੇ ਲੋਕਾਂ ਨੂੰ ਪ੍ਰੇਰ ਕੇ ਉਸ ਥਾਂ ਗੁਰਦੁਆਰਾ ਬਣਵਾ ਦਿੱਤਾ। ਜਿਉਂਦੇ ਜੀਅ ਖੁਦ ਸੇਵਾ-ਸੰਭਾਲ ਕਰਦੇ ਰਹੇ

ਅਤੇ ਬਾਅਦ ਵਿਚ ਇਨ੍ਹਾਂ ਦੇ ਚੇਲੇ ਚਾਟੜੇ ਇਹ ਸੇਵਾ ਨਿਭਾਉਂਦੇ ਰਹੇ।[੨੨] ਇਨ੍ਹਾਂ ਤੋਂ ਇਸ ਗੁਰਧਾਮ ਦਾ ਪ੍ਰਬੰਧ ਪਿੰਡ ਦੀ ਸਥਾਨਕ ਕਮੇਟੀ ਕੋਲ ਆਇਆ।

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੀ ਸੰਸਥਾ ਵੱਲੋਂ ੨੦੦੭ ਈ. ਵਿਚ ਤਿਆਰ ਕਰਵਾਈ ਗਈ ਸੀ। ਲਗ-ਪਗ ੨ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ੭ ਰਿਹਾਇਸ਼ੀ ਕਮਰੇ ਆਦਿ ਬਣੇ ਹੋਏ ਹਨ। ਗੁਰਦੁਆਰਾ ਸਾਹਿਬ ਦੀ ੨੩ ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ੧੯੬੬ ਈ. ਵਿਚ ਇਸ ਗੁਰਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਆਇਆ ਜਿਹੜੀ ਕਿ ਗੁਰਦੁਆਰਾ ਐਕਟ ਦੀ ਧਾਰਾ ੮੭ ਅਧੀਨ ਇਸ ਦਾ ਪ੍ਰਬੰਧ ਕਰਦੀ ਹੈ।

ਇਸ ਗੁਰਦੁਆਰਾ ਸਾਹਿਬ ਵਿਖੇ ਸੰਮਤ ੧੯੮੩ (ਸੰਨ ੧੯੨੬) ਦਾ ਇਕ ਹੱਥ ਲਿਖਤ ਸਰੂਪ ਸੰਭਾਲ ਕੇ ਰੱਖਿਆ ਹੋਇਆ ਹੈ ਜਿਸ ਦੇ ਮਹੀਨੇ ਵਿਚ ਇਕ ਵਾਰੀ ਸੰਗਤ ਨੂੰ ਦਰਸ਼ਨ ਕਰਵਾਏ ਜਾਂਦੇ ਹਨ।

## ਜ਼ਿਲ੍ਹਾ ਰੋਪੜ (ਰੂਪਨਗਰ)

ਰੋਪੜ ਪੰਜਾਬ ਦਾ ਇਕ ਪ੍ਰਸਿੱਧ ਨਗਰ ਹੈ ਜਿਹੜਾ ਕਿ ਸਰਹਿੰਦ ਤੋਂ ਸ੍ਰੀ ਅਨੰਦਪੁਰ ਸਾਹਿਬ ਜਾਣ ਵਾਲੀ ਸੜਕ 'ਤੇ ਸਰਹਿੰਦ ਤੋਂ ਲਗ-ਪਗ ੪੫ ਕਿਲੋਮੀਟਰ ਦੀ ਦੂਰੀ 'ਤੇ ਵਸਿਆ ਹੋਇਆ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਵਧੇਰੇ ਸਮਾਂ ਮਾਲਵੇ ਵਿਚ ਬਸਰ ਹੋਇਆ ਅਤੇ ਇਨ੍ਹਾਂ ਦੇ ਸਮੇਂ ਹੀ ਕੀਰਤਪੁਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਆਦਿ ਨਗਰ ਆਬਾਦ ਹੋਏ ਸਨ। ਇਹ ਨਗਰ ਇਨ੍ਹਾਂ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਹੈ। ਇਸ ਨਗਰ ਵਿਖੇ ਸਥਿਤ ਗੁਰਦੁਆਰਾ ਭੱਠਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਦਿਵਾਉਂਦਾ ਹੈ। ਇਸ ਜ਼ਿਲ੍ਹੇ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਅਸਥਾਨ ਵੀ ਮੌਜੂਦ ਹਨ ਜਿਹੜੇ ਕਿ ਸੰਗਤ ਵਿਚ ਸ਼ਰਧਾ, ਭਾਵਨਾ ਅਤੇ ਸਮਰਪਣ ਦੀ ਭਾਵਨਾ ਪੈਦਾ ਕਰਨ ਵਿਚ ਯੋਗਦਾਨ ਪਾਉਂਦੇ ਹਨ।

**ਅਨੰਦਪੁਰ ਸਾਹਿਬ:** ਕਹਿਲੂਰ ਰਿਆਸਤ ਵਿਚ ਪੈਂਦੇ ਇਸ ਨਗਰ ਦਾ ਪਹਿਲਾ ਨਾਂ ਮਾਖੋਵਾਲ ਸੀ। ੧੬੬੫ ਈ. ਵਿਚ ਥੇਹ ਦੇ ਰੂਪ ਵਿਚ ਮੌਜੂਦ ਇਸ ਅਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਨਵੇਂ ਨਗਰ ਦੀ ਸਥਾਪਨਾ ਕੀਤੀ ਸੀ। ਮੋੜ੍ਹੀ ਗੱਡ ਕੇ ਗੁਰੂ ਜੀ ਨੇ ਇਸ ਦਾ ਨਾਂ ਚੱਕ ਨਾਨਕੀ ਰੱਖਿਆ। ਇਸ ਨਗਰ ਦੀ

ਸੋਭਾ ਦਾ ਵਰਣਨ ਕਰਦੇ ਹੋਏ ਕਵਿ ਸੈਨਾਪਤਿ ਲਿਖਦਾ ਹੈ - ਮਾਖੋਵਾਲ ਸੁਹਾਵਨਾ ਸਤਿਗੁਰ ਕੋ ਅਸਥਾਨ।[੨੩] ੧੭੦੫ ਈ. ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨਗਰ ਨੂੰ ਛੱਡਣ ਤੋਂ ਪਹਿਲਾਂ ਇਸ ਦੀ ਸੇਵਾ-ਸੰਭਾਲ ਕਰਨ ਦੀ ਜ਼ਿੰਮੇਵਾਰੀ ਬਾਬਾ ਗੁਰਬਖ਼ਸ਼ ਦਾਸ ਜੀ ਉਦਾਸੀ ਨੂੰ ਸੌਂਪ ਦਿੱਤੀ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪੜਪੋਤਰਾ, ਬਾਬਾ ਸੂਰਜ ਮੱਲ ਜੀ ਦਾ ਪੋਤਰਾ ਅਤੇ ਬਾਬਾ ਦੀਪ ਚੰਦ ਜੀ ਦਾ ਪੁੱਤਰ ਬਾਬਾ ਗੁਲਾਬ ਚੰਦ ਜੀ ਵੀ ਇੱਥੇ ਆ ਕੇ ਨਿਵਾਸ ਕਰਨ ਲੱਗਿਆ ਸੀ। ਇਸ ਨਾਲ ਸਿਧਾਂਤਕ ਮੱਤਭੇਦ ਹੋ ਜਾਣ ਕਰਕੇ ਬਾਬਾ ਗੁਰਬਖ਼ਸ਼ ਦਾਸ ਜੀ ਉਦਾਸੀ ਇਸ ਨਗਰ ਨੂੰ ਛੱਡ ਕੇ ਚਲੇ ਗਏ ਸਨ। ਬਾਬਾ ਸੂਰਜ ਮੱਲ ਜੀ ਦੇ ਵੰਸ਼ਜ਼ ਬਾਬਾ ਸ਼ਯਾਮ ਸਿੰਘ ਦੀ ਔਲਾਦ ਇਸ ਨਗਰ ਵਿਖੇ ਵੱਸਦੀ ਹੈ। ਸੋਢੀ ਪਰਿਵਾਰ ਤੋਂ ਹੀ ਇਹਨਾਂ ਗੁਰਧਾਮਾਂ ਦੀ ਸੇਵਾ-ਸੰਭਾਲ ਦਾ ਕਾਰਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਆਇਆ।[੨੪]

ਖ਼ਾਲਸਾ ਪੰਥ ਦੀ ਸਿਰਜਣਾ ਅਤੇ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਇਹ ਅਸਥਾਨ ਸਿੱਖ ਪੰਥ ਵਿਚ ਵਿਸ਼ੇਸ਼ ਮਹੱਤਵ ਰੱਖਦਾ ਹੈ। ਗੁਰਦੁਆਰਾ ਗੁਰੂ ਕੇ ਮਹਿਲ ਭੋਰਾ ਸਾਹਿਬ, ਗੁਰਦੁਆਰਾ ਥੜ੍ਹਾ ਸਾਹਿਬ, ਗੁਰਦੁਆਰਾ ਦਮਦਮਾ ਸਾਹਿਬ, ਗੁਰਦੁਆਰਾ ਸੀਸ ਗੰਜ ਸਾਹਿਬ, ਗੁਰਦੁਆਰਾ ਅਕਾਲ ਬੁੰਗਾ, ਮਸੰਦਾਂ ਦਾ ਖੂਹ, ਗੁਰਦੁਆਰਾ ਦੁਮਾਲਗੜ੍ਹ ਸਾਹਿਬ, ਗੁਰਦੁਆਰਾ ਸ਼ਹੀਦੀ ਬਾਗ਼, ਗੁਰਦੁਆਰਾ ਮਾਤਾ ਜੀਤ ਕੌਰ ਜੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਕਿਲ੍ਹਾ ਅਨੰਦਗੜ੍ਹ, ਕਿਲ੍ਹਾ ਲੋਹਗੜ੍ਹ, ਕਿਲ੍ਹਾ ਹੋਲਗੜ੍ਹ, ਕਿਲ੍ਹਾ ਫ਼ਤਿਹਗੜ੍ਹ, ਕਿਲ੍ਹਾ ਤਾਰਾਗੜ੍ਹ ਆਦਿ ਅਜਿਹੇ ਮਹੱਤਵਪੂਰਨ ਅਸਥਾਨ ਹਨ ਜਿਹੜੇ ਸਿੱਖਾਂ ਲਈ ਸਦੀਵੀ ਪ੍ਰੇਰਨਾ ਦਾ ਸਰੋਤ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਇਹ ਅਸਥਾਨ ਇਸ ਨਗਰ ਵਿਖੇ ਮੌਜੂਦ ਹਨ:

੧. **ਗੁਰਦੁਆਰਾ ਗੁਰੂ ਕੇ ਮਹਿਲ (ਭੋਰਾ ਸਾਹਿਬ):** ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ੩੦੦ ਮੀਟਰ ਦੀ ਦੂਰੀ 'ਤੇ ਇਹ ਗੁਰਧਾਮ ਸਥਿਤ ਹੈ। ਇਸ ਅਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨਿਵਾਸ ਕਰਦੇ ਸਨ, ਤਪ-ਸਾਧਨਾ ਕਰਨ ਲਈ ਇਨ੍ਹਾਂ ਨੇ ਇੱਥੇ ਇਕ ਭੋਰਾ ਬਣਾਇਆ ਹੋਇਆ ਸੀ ਜਿਸ ਤੋਂ ਇਸ ਗੁਰਧਾਮ ਦਾ ਨਾਂ ਗੁਰਦੁਆਰਾ ਗੁਰੂ ਕੇ ਮਹਿਲ, ਭੋਰਾ ਸਾਹਿਬ ਪ੍ਰਸਿੱਧ ਹੋ ਗਿਆ। ਪਹਿਲਾਂ ਇਹ ਛੋਟਾ ਜਿਹਾ ਅਸਥਾਨ ਸੀ ਪਰ ਫਿਰ ਨਾਲ ਲੱਗਦੇ ਸੋਢੀਆਂ ਦੇ ਮਕਾਨ ਖਰੀਦ ਕੇ ਇਸ ਦਾ ਚੌਗਿਰਦਾ ਖੁੱਲ੍ਹਾ ਕੀਤਾ ਗਿਆ। ਇਸ ਅਸਥਾਨ 'ਤੇ ਮਿਸਤਰੀ ਦੀ ਸੇਵਾ ਨਿਭਾਉਣ ਵਾਲੇ ਸ. ਚੰਨਣ ਸਿੰਘ ਨੇ ਦੱਸਿਆ ਕਿ ਪਹਿਲਾਂ ਇੱਥੇ ਪੁਰਾਣੇ ਘਰ ਸਨ। ਦਰਬਾਰ ਸਾਹਿਬ ਨੂੰ ਜਾਣ ਲਈ

ਸਿੱਧਾ ਰਸਤਾ ਨਹੀਂ ਸੀ। ਸੋਢੀ ਜਗਤ ਸਿੰਘ, ਸੋਢੀ ਮਨੋਹਰ ਸਿੰਘ ਆਦਿ ਪਰਵਾਰਾਂ ਤੋਂ ਜਗ੍ਹਾ ਖਰੀਦ ਕੇ ਇਹ ਰਸਤਾ ਖੁੱਲ੍ਹਾ ਅਤੇ ਸਿੱਧਾ ਕੀਤਾ ਗਿਆ। ਲਗ-ਪਗ ੧੯੫੫ ਈ. ਵਿਚ ਕਾਰ-ਸੇਵਾ ਅਰੰਭ ਹੋਣ ਤੋਂ ਪਹਿਲਾਂ ਇੱਥੇ ਭੋਰਾ ਸਾਹਿਬ ਪ੍ਰਗਟ ਨਹੀਂ ਸੀ। ਪਹਿਲਾਂ ਇੱਥੇ ਛੋਟਾ ਜਿਹਾ ਦਰਬਾਰ ਸਾਹਿਬ ਸੀ। ਬਾਬਾ ਸੇਵਾ ਸਿੰਘ ਜੀ ਨੇ ਜਦੋਂ ਇੱਥੇ ਨਵੇਂ ਦਰਬਾਰ ਸਾਹਿਬ ਦੀ ਉਸਾਰੀ ਅਰੰਭ ਕਰਵਾਈ ਤਾਂ ਨੀਹਾਂ ਪੁੱਟਦੇ ਸਮੇਂ ਹੇਠੋਂ ਭੋਰਾ ਸਾਹਿਬ ਨਿਕਲਿਆ। ਬਾਬਾ ਜੀ ਨੇ ਇਸ ਭੋਰਾ ਸਾਹਿਬ ਦੀਆਂ ਕੰਧਾਂ ’ਤੇ ਕੇਵਲ ਪੱਥਰ ਲਵਾਇਆ ਹੈ, ਭੋਰਾ ਸਾਹਿਬ ਉਹੀ ਪੁਰਾਣਾ ਹੈ ਜਿਹੜਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਬਣਾਇਆ ਗਿਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਸਾਹਿਬ ਛੱਡ ਜਾਣ ਤੋਂ ਬਾਅਦ ਦੁਸ਼ਮਣ ਦੀਆਂ ਫ਼ੌਜਾਂ ਨੇ ਇਸ ਨੂੰ ਢਾਹ ਦਿੱਤਾ ਸੀ ਅਤੇ ਫਿਰ ਇਸ ਵਿਚ ਮਿੱਟੀ ਭਰ ਦਿੱਤੀ ਗਈ ਸੀ। ਬਾਬਾ ਅਵਤਾਰ ਸਿੰਘ ਨੇ ਇਸ ਗੁਰਧਾਮ ਨੂੰ ਸੁੰਦਰ ਦਿੱਖ ਪ੍ਰਦਾਨ ਕਰਨ ਦੀ ਸੇਵਾ ਨਿਭਾਈ। ਇਸ ਗੁਰਦੁਆਰਾ ਸਾਹਿਬ ਦੇ ਚੌਗਿਰਦੇ ਵਿਚ ਸੋਢੀਆਂ ਦੇ ਦੋ ਖੂਹ ਮੌਜੂਦ ਹਨ।

ਬਸੰਤ ਪੰਚਮੀ ਦੇ ਮੌਕੇ ਇੱਥੇ ਤਿੰਨ ਦਿਨਾਂ ਦਾ ਸਮਾਗਮ ਹੁੰਦਾ ਹੈ ਅਤੇ ੧੯ ਜੂਨ ਨੂੰ ਸ੍ਰੀ ਅਨੰਦਪੁਰ ਸਾਹਿਬ ਜੀ ਦਾ ਸਥਾਪਨਾ ਦਿਵਸ ਮਨਾਇਆ ਜਾਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਆਹ ਪੁਰਬ ਮੌਕੇ ਬਸੰਤ ਪੰਚਮੀ ਤੋਂ ਇਕ ਦਿਨ ਪਹਿਲਾਂ ਨਗਰ ਕੀਰਤਨ ਕੱਢਿਆ ਜਾਂਦਾ ਹੈ ਜਿਹੜਾ ਕਿ ਗੁਰਦੁਆਰਾ ਗੁਰੂ ਕਾ ਲਾਹੌਰ ਪਹੁੰਚਣ ਤੋਂ ਪਹਿਲਾਂ ਗੁਰਦੁਆਰਾ ਸਿਹਰਾ ਸਾਹਿਬ ਪੜਾਉ ਕਰਦਾ ਹੈ। ਵਿਆਹ ਪੁਰਬ ਮੌਕੇ ਮਠਿਆਈਆਂ ਦਾ ਲੰਗਰ ਲਾਇਆ ਜਾਂਦਾ ਹੈ।

੨. **ਗੁਰਦੁਆਰਾ ਥੜ੍ਹਾ ਸਾਹਿਬ:** ਗੁਰਦੁਆਰਾ ਭੋਰਾ ਸਾਹਿਬ ਦੇ ਦਰਸ਼ਨ ਕਰਨ ਲਈ ਜਾਂਦਿਆਂ ਸੱਜੇ ਹੱਥ ਗੁਰਦੁਆਰਾ ਥੜ੍ਹਾ ਸਾਹਿਬ ਮੌਜੂਦ ਹੈ। ਸੁੰਦਰ ਇਮਾਰਤ ਦੇ ਰੂਪ ਵਿਚ ਮੌਜੂਦ ਇਹ ਪੁਰਾਤਨ ਗੁਰਦੁਆਰਾ ਥੜ੍ਹਾ ਸਾਹਿਬ ੧੬੭੫ ਈ. ਵਿਚ ਕਸ਼ਮੀਰੀ ਪੰਡਿਤਾਂ ਦੀ ਗੁਰੂ ਜੀ ਅੱਗੇ ਆਪਣੇ ਧਰਮ ਦੀ ਰਾਖੀ ਲਈ ਬੇਨਤੀ ਕਰਨ ਦੀ ਯਾਦ ਦਿਵਾਉਂਦਾ ਹੈ। ਮੌਜੂਦਾ ਸਮੇਂ ਵਿਚ ਕਸ਼ਮੀਰੀ ਪੰਡਿਤਾਂ ’ਤੇ ਫਿਰ ਜ਼ੁਲਮ ਹੋਏ ਤਾਂ ੧੯੯੫ ਈ. ਵਿਚ ਇਹ ਦੁਬਾਰਾ ਇਸੇ ਅਸਥਾਨ ’ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਰਾਖੀ ਹਿਤ ਬੇਨਤੀ ਕਰਨ ਲਈ ਇੱਥੇ ਆਏ ਸਨ। ਇਸ ਬੇਨਤੀ ਦੀ ਯਾਦ ਵਿਚ ਇੱਥੇ ਲੱਗੇ ਹੋਏ ਪੱਥਰ ’ਤੇ ਦੇਵਨਾਗਰੀ ਭਾਸ਼ਾ ਵਿਚ ਲਿਖਿਆ ਹੋਇਆ ਹੈ:

*ਕਸ਼ਮੀਰੀ ਪੰਡਿਤੋਂ ਕੀ ਅਰਦਾਸ ਹੈ ਭਾਰਤੀਯ ਸੰਸਕ੍ਰਿਤੀ ਕੇ ਪ੍ਰਕਾਸ਼ ਪੁੰਜ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ, ਹਮ ਦੇਸ਼ ਕੇ ਕੋਨੇ ਕੋਨੇ ਸੇ*

*ਅਨੰਦਪੁਰ ਸਾਹਿਬ ਆਏ ਹੁਏ ਕਸ਼ਮੀਰੀ ਪੰਡਿਤ ਆਪ ਕੀ ਪੁਨਯ ਸਮ੍ਰਿਤੀ ਕੋ ਪ੍ਰਣਾਮ ਕਰਤੇ ਹੈਂ। ਯਦਿ ਸੰਨ ੧੬੭੫ ਈ. ਮੇਂ ਹਮਾਰੇ ਪੂਰਵਜ ਪੰਡਿਤ ਕਿਰਪਾ ਰਾਮ ਦੱਤ ਕੇ ਨੇਤ੍ਰਤਵ ਮੇਂ ੫੦੦ ਕਸ਼ਮੀਰੀ ਪੰਡਿਤੋਂ ਕੀ ਫਰਿਯਾਦ ਸੁਨ ਕਰ ਆਪ ਨੇ ਬੇਮਿਸਾਲ ਬਲਿਦਾਨ(ਸ਼ਹਾਦਤ) ਨ ਦਿਯਾ ਹੋਤਾ ਤੋ ਆਜ ਹਮ ਅਸਤਿਤਵ ਮੇਂ ਨ ਹੋਤੇ। ਹੈ ਜਗਤ ਗੁਰੂ ਆਜ ਏਕ ਵਾਰ ਫਿਰ ਹਮਾਰਾ ਅਸਤਿਤਵ ਖਤਰੇ ਮੇਂ ਪੜ ਗਯਾ ਹੈ। ਭਾਰਤੀਯ ਰਾਜਨੀਤੀ ਕਾ ਉਦਾਰਿਤ ਔਰ ਸਦ ਧਰਮ ਨਿਰਪੇਖਤਾ ਕਾ ਲਾਭ ਉਠਾ ਕਰ ਮਜਹਬੀ ਜੁਨੂਨ ਔਰ ਜੁਲਮ ਜਬਰ ਕੀ ਵਿਨਾਸ਼ਕਾਰੀ ਸ਼ਕਤੀਔਂ ਨੇ ਸਮੁਚੀ ਕਸ਼ਮੀਰੀ ਪੰਡਿਤ ਜਾਤਿ ਕੋ ਅਪਨੀ ਮਾਤ੍ਰ ਭੂਮੀ ਪਰ ਹਜਾਰੋਂ ਨਿਰਦੋਸ਼ ਲੋਗੋਂ ਕਾ ਰਕਤ ਬਹਾ ਰਹਾ ਹੈ। ਪੂਜਾ ਸਥਾਨ ਸ਼ਤਿਗ੍ਰਸਤ ਹੁਏ ਹੈਂ। ਜਮੀਨੇਂ ਹੜਪ ਲੀ ਗਈ ਹੈਂ। ਹਜਾਰੋਂ ਕੇ ਘਰ-ਘੌਂਸਲੇ, ਸਪਨੇ ਜਲਾ ਡਾਲੇ ਗਏ ਹੈਂ। ਇਧਰ ਜਲਾਵਤਨੀ ਮੇਂ ਭੀ ਸਰਕਾਰ ਕੀ ਖਾਮੋਸ਼ੀ ਕੇ ਸਾਏ ਮੇਂ ਆਜ ਕੀ ਤਾਰੀਖ ਤਕ ਲਗਭਗ ੭੦੦੦ ਲੋਗ ਦਿਵੰਗਤ ਹੋ ਚੁਕੇ ਹੈਂ। ਹੇ ਸੱਚੇ ਸਤਿਗੁਰੂ! ਹਮ ਸਬ ਤਰਫ ਸੇ ਨਿਰਾਸ਼ ਹੋ ਕਰ ਆਪ ਕੇ ਦਰਬਾਰ ਮੇਂ ਆਸ਼ਾ, ਵਿਸ਼ਵਾਸ ਔਰ ਸ਼ਰਧਾ ਕੇ ਸਾਥ ਆਏ ਹੈਂ। ਆਪ ਕਾ ਆਸ਼ੀਰਵਾਦ ਔਰ ਆਪ ਕੀ ਦਿਵਯ ਪ੍ਰੇਰਣਾ ਹਮੇਂ ਇਸ ਮਹਾਂ ਵਿਪਦਾ ਸੇ ਉਭਾਰ ਸਕਤੇ ਹੈਂ। ਹਮ ਬਲ, ਸਾਹਸ ਔਰ ਪ੍ਰਾਕਰਮ ਕੇ ਵਰਦਾਨ ਕੀ ਕਾਮਨਾ ਕਰਤੇ ਹੈਂ। ਕਿ ਇਸ ਦੇਸ਼ ਕੀ ਸੋਈ ਹੁਈ ਮਾਨਵਤਾ ਕੋ ਸੰਸਾਰ ਕੀ ਸੁੱਖ ਸ਼ਾਂਤੀ ਔਰ ਕਲਿਯਾਣ ਕੇ ਲਿਏ ਜਗਾ ਕਰ ਨਿਰੰਤਰ ਸਾਧਨਾ ਮਾਰਗ ਪਰ ਅਗਰਸਰ ਕਰੇਂ। ਪੁੰਨ (ਪੁਨਨ) ਕਸ਼ਮੀਰੀ ਕੀ ਔਰ ਸੇ ਆਯੋਜਿਤ ਗੁਰੂ ਤੇਗ ਬਹਾਦਰ ਕਰਤਮਯਤਾ ਯਾਤਰਾ ਕੇ ਅਵਸਰ ਪਰ ਪ੍ਰਸਤੁਤ ੧੬.੪.੧੯੯੫.*

ਪਹਿਲਾਂ ਇਸ ਅਸਥਾਨ ’ਤੇ ਇਕ ਉੱਚਾ ਥੜ੍ਹਾ ਸੀ ਜਿਸ ਦੇ ਉੱਤੇ ਦਰਬਾਰ ਸਾਹਿਬ ਬਣਿਆ ਹੋਇਆ ਸੀ। ਉੱਤੇ ਜਾਣ ਲਈ ਪੌੜੀਆਂ ਬਣੀਆਂ ਹੋਈਆਂ ਸਨ। ਇਸ ਨੂੰ ਜ਼ਮੀਨੀ ਪੱਧਰ ਤਕ ਸਾਫ਼ ਕਰਕੇ ਨਵਾਂ ਦਰਬਾਰ ਸਾਹਿਬ ਬਣਾਇਆ ਗਿਆ ਹੈ।

੩. **ਗੁਰਦੁਆਰਾ ਦਮਦਮਾ ਸਾਹਿਬ, ਸ੍ਰੀ ਅਨੰਦਪੁਰ ਸਾਹਿਬ:** ਗੁਰਦੁਆਰਾ ਥੜ੍ਹਾ ਸਾਹਿਬ ਦੇ ਨਾਲ ਹੀ ਇਹ ਅਸਥਾਨ ਮੌਜੂਦ ਹੈ। ੧੬੭੫ ਈ. ਵਿਚ ਦਿੱਲੀ ਜਾਣ ਤੋਂ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਸੇ ਅਸਥਾਨ ’ਤੇ ਗੋਬਿੰਦ ਰਾਇ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੂੰ ਗੁਰਿਆਈ ਦੀ ਰਸਮ ਕੀਤੀ ਸੀ। ਇਹ

ਅਸਥਾਨ ਦਮਦਮਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ੧੯੫੬ ਈ. ਵਿਚ ਮਾਰਚ ਤੋਂ ਪਹਿਲਾਂ ਹੋਈਆਂ ਬਰਸਾਤਾਂ ਦੌਰਾਨ ਇਸ ਗੁਰਦੁਆਰਾ ਸਾਹਿਬ ਦੀ ਇਮਾਰਤ ਢਹਿ ਗਈ ਸੀ ਜਿਸ ਦੀ ਪੁਨਰ-ਉਸਾਰੀ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ੧੦੦੦੦ (ਦਸ ਹਜ਼ਾਰ) ਰੁਪਏ ਦੀ ਰਾਸ਼ੀ ਅਲਾਟ ਕੀਤੀ ਸੀ।[੨੫] ਮੌਜੂਦਾ ਇਮਾਰਤ ਬਾਬਾ ਅਵਤਾਰ ਸਿੰਘ ਟਿੱਬੀ ਸਾਹਿਬ ਵਾਲਿਆਂ ਨੇ ਤਿਆਰ ਕਰਵਾਈ ਹੈ।

**ਸਦਾਬਰਤ:** ਰੋਪੜ-ਸ੍ਰੀ ਅਨੰਦਪੁਰ ਸਾਹਿਬ ਸੜਕ 'ਤੇ ਰੋਪੜ ਤੋਂ ੩ ਕਿਲੋਮੀਟਰ ਦੀ 'ਤੇ ਦੂਰੀ ਇਹ ਪਿੰਡ ਸਥਿਤ ਹੈ। ਇਸ ਅਸਥਾਨ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿਰਾਇ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਸਮੂਹ ਗੁਰੂ ਸਾਹਿਬਾਨ ਦੀ ਯਾਦ ਵਿਚ ਇੱਥੇ ਗੁਰਦੁਆਰਾ ਗੁਰੂ ਗੜ੍ਹ ਸਾਹਿਬ ਸਸ਼ੋਭਿਤ ਹੈ। ਇਸ ਅਸਥਾਨ ਬਾਰੇ ਜਾਣਕਾਰੀ ਦਿੰਦੇ ਹੋਏ ਰੋਪੜ ਜ਼ਿਲ੍ਹਾ ਗ਼ਜ਼ਟੀਅਰ ਵਿਚ ਦੱਸਿਆ ਗਿਆ ਹੈ:

The place where now Gurdwara Sada Barat stands was an important halting place for the merchants and other travellers coming from and going to hilly areas. It is said that even Guru Nanak stayed at this place while returning from Kiratpur Sahib after meeting Baba Buddhan Shah there. Later on, Guru Hargobind halted at this place while proceeding from Kartarpur to Kiratpur Sahib. Thereafter, Guru Har Rai and Guru Har Kishan, Guru Tegh Bahadur and Guru Gobind Singh also frequently visited the place. Keeping in view the importance of the place, Raja Bhup Singh, the ruler of Ropar started Langar which served day and night to the visiters, and as such this place came to be known as Gurdwara Sada Barat.[੨੬]

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਬਾਬਾ ਅਵਤਾਰ ਸਿੰਘ ਕਾਰ-ਸੇਵਾ ਵਾਲਿਆਂ ਨੇ ੨੫-੩੦ ਸਾਲ ਪਹਿਲਾਂ ਤਿਆਰ ਕਰਵਾਈ ਸੀ। ਲਗ-ਪਗ ਛੇ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਤਿਆਰ ਕਰਵਾਈ ਗਈ ਬਾਉਲੀ ਸਾਹਿਬ ਅਤੇ ਸਰਕਾਰੀ ਮਿਡਲ ਸਕੂਲ ਮੌਜੂਦ ਹੈ। ਇਸ ਤੋਂ ਇਲਾਵਾ ਤਿੰਨ ਏਕੜ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ।

ਗੁਰਪੁਰਬਾਂ ਤੋਂ ਇਲਾਵਾ ਮਾਘੀ, ਮੱਸਿਆ ਇਸ ਅਸਥਾਨ 'ਤੇ ਮਨਾਈ ਜਾਂਦੀ ਹੈ। ਇਹ ਗੁਰਧਾਮ ਗੁਰਦੁਆਰਾ ਭੱਠਾ ਸਾਹਿਬ ਨਾਲ ਅਟੈਚ ਹੈ।

**ਘਨੌਲੀ:** ਰੋਪੜ-ਸ੍ਰੀ ਅਨੰਦਪੁਰ ਸਾਹਿਬ ਸੜਕ 'ਤੇ ਇਹ ਨਗਰ ਰੋਪੜ ਤੋਂ ੧੦ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਸਥਾਨਿਕ ਪਰੰਪਰਾ ਅਨੁਸਾਰ ਦਿੱਲੀ ਵਿਖੇ ਸ਼ਹੀਦੀ ਦੇਣ ਲਈ ਜਾਂਦੇ ਹੋਏ ਸ੍ਰੀ ਗੁਰੂ ਤੇਗ ਬਹਾਦਰ ਜੀ ੧੨ ਜੁਲਾਈ, ੧੬੭੫ ਈ. ਨੂੰ ਇੱਥੇ ਆਏ ਸਨ। ੧੯੩੦ ਈ. ਤੋਂ ਬਾਅਦ ਇਹ ਗੁਰਧਾਮ ਪ੍ਰਗਟ ਹੋਇਆ ਅਤੇ ੧੯੫੫ ਈ. ਵਿਚ ਇਸ ਦੀ ਥਾਂ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਗਈ। ੧੯੯੦ ਈ. ਵਿਚ ਬਾਬਾ ਲਾਭ ਸਿੰਘ, ਬਾਬਾ ਸੇਵਾ ਸਿੰਘ ਅਨੰਦਗੜ੍ਹ ਵਾਲਿਆਂ ਨੇ ਇਸ ਦੀ ਮੌਜੂਦਾ ਇਮਾਰਤ ਦੀ ਉਸਾਰੀ ਕਰਵਾਈ ਸੀ। ਲਗ-ਪਗ ਇਕ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਗ੍ਰੰਥੀ ਸਿੰਘ ਦੀ ਰਿਹਾਇਸ਼, ਲਾਇਬ੍ਰੇਰੀ ਆਦਿ ਬਣੇ ਹੋਏ ਹਨ। ਇਕ ਪੁਰਾਤਨ ਖੂਹ ਵੀ ਇੱਥੇ ਮੌਜੂਦ ਹੈ। ਪਿੰਡ ਦੀ ੧੧ ਮੈਂਬਰੀ ਕਮੇਟੀ ਇਸ ਦੀ ਸੇਵਾ-ਸੰਭਾਲ ਕਰ ਰਹੀ ਹੈ। ਸ. ਗਿਆਨ ਸਿੰਘ, ਪ੍ਰਧਾਨ ਅਤੇ ਸ. ਲਾਭ ਸਿੰਘ ਸਕੱਤਰ ਵਜੋਂ ਸੇਵਾ ਕਰ ਰਹੇ ਹਨ।

**ਦੁੱਗਰੀ:** ਰੋਪੜ-ਮੋਰਿੰਡਾ ਸੜਕ 'ਤੇ ਪੈਂਦੇ ਪਿੰਡ ਬੂਰ ਮਾਜਰਾ ਤੋਂ ੪ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਪਿੰਡ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਗੁਰੂ ਜੀ ਦੀ ਯਾਦ ਵਿਚ ਇੱਥੇ ਗੁਰਦੁਆਰਾ ਬੋਹੜ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ੨੫ ਜੁਲਾਈ, ੧੯੩੧ ਨੂੰ ਭਾਈ ਧੰਨਾ ਸਿੰਘ ਇਸ ਪਿੰਡ ਵਿਖੇ ਪੁੱਜੇ ਸਨ, ਇਨ੍ਹਾਂ ਨੇ ਇੱਥੇ ਮੌਜੂਦ ਗੁਰਧਾਮ ਦਾ ਨਾਂ ਗੁਰਦੁਆਰਾ ਦਮਦਮਾ ਸਾਹਿਬ ਲਿਖਿਆ ਹੈ। ਜਦੋਂ ਇਹ ਇੱਥੇ ਪੁੱਜੇ ਤਾਂ ਉਸ ਸਮੇਂ ਸ. ਕਰਤਾਰ ਸਿੰਘ ਅਤੇ ਸ. ਹਰਨਾਮ ਸਿੰਘ ਇੱਥੋਂ ਦੇ ਸੇਵਾਦਾਰ ਸਨ।"[੨੨] ਸ੍ਰੀ ਗੁਰੂ ਤੇਗ ਬਹਾਦਰ ਜੀ ਇਸ ਇਲਾਕੇ ਵਿਚ ਪ੍ਰਚਾਰ-ਯਾਤਰਾ ਕਰਦੇ ਰਹੇ ਹਨ ਅਤੇ ਸੰਭਵ ਹੈ ਕਿ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਸ ਪਿੰਡ ਵਿਖੇ ਚਰਨ ਪਾਏ ਹੋਣ ਅਤੇ ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸ ਅਸਥਾਨ ਨੂੰ ਪਵਿੱਤਰ ਕੀਤਾ ਹੋਵੇ।

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਦੀ ਸੇਵਾ ਪਿੰਡ ਵਾਲਿਆਂ ਨੇ ੧੯੭੮ ਈ. ਵਿਚ ਅਰੰਭ ਕਰਵਾਈ ਸੀ, ੧੯੮੩ ਈ. ਵਿਚ ਸੰਪੂਰਨ ਹੋਣ 'ਤੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਗੁਰਦੁਆਰਾ ਸਾਹਿਬ ਦੀ ਲਗ-ਪਗ ਸਵਾ ਏਕੜ ਜ਼ਮੀਨ 'ਤੇ ਦਰਬਾਰ ਹਾਲ, ਪੁਰਾਣੇ ਬੋਹੜ, ਸਰੋਵਰ,

ਮੰਜੀ ਸਾਹਿਬ, ਸ਼ਹੀਦਾਂ ਦਾ ਅਸਥਾਨ ਅਤੇ ਕੁਝ ਰਿਹਾਇਸ਼ੀ ਕਮਰੇ ਮੌਜੂਦ ਹਨ। ਬੁੱਢਾ ਦਲ ਦੇ ਬਾਬਾ ਜਤਿੰਦਰ ਸਿੰਘ ਜੀ ਸੰਗਤ ਦੇ ਸਹਿਯੋਗ ਨਾਲ ਇਸ ਦਾ ਪ੍ਰਬੰਧ ਦੇਖਦੇ ਹਨ।

**ਭਰਤਗੜ੍ਹ:** ਇਹ ਨਗਰ ਸ੍ਰੀ ਅਨੰਦਪੁਰ ਸਾਹਿਬ-ਰੋਪੜ ਸੜਕ 'ਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਲਗ-ਪਗ ੨੦ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ੧੬੭੫ ਈ. ਵਿਚ ਦਿੱਲੀ ਵਿਖੇ ਸ਼ਹਾਦਤ ਦੇਣ ਲਈ ਜਾਂਦੇ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਸ ਅਸਥਾਨ 'ਤੇ ਪੜਾਅ ਕੀਤਾ ਸੀ। ਗੁਰੂ ਜੀ ਦੀ ਯਾਦ ਵਿਚ ਇੱਥੇ ਗੁਰਦੁਆਰਾ ਮੰਜੀ ਸਾਹਿਬ ਸਸ਼ੋਭਿਤ ਹੈ। ਪੁਰਾਤਨ ਮੰਜੀ ਸਾਹਿਬ ਵਾਲੇ ਅਸਥਾਨ 'ਤੇ ੧੯੩੨ ਈ. ਵਿਚ ਗੁਰਦੁਆਰਾ ਸਾਹਿਬ ਦੀ ਇਮਾਰਤ ਤਿਆਰ ਕੀਤੀ ਗਈ ਸੀ ਜਿਸ ਦੀਆਂ ਚੁਗਾਠਾਂ ਦੀ ਸੇਵਾ ਸਰਦਾਰ ਸੂਰਤ ਸਿੰਘ ਅਤੇ ਇਸ ਦੇ ਪਰਵਾਰ ਨੇ ੧੯੩੩ ਈ. ਵਿਚ ਕਰਵਾਈ ਸੀ। ਇਸ ਦੀਆਂ ਪੁਰਾਤਨ ਛੱਤਾਂ, ਦਰਵਾਜ਼ੇ ਆਦਿ ਹਾਲੇ ਵੀ ਕਾਇਮ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ੧੯੯੩ ਈ. ਵਿਚ ਇਸ ਦੇ ਸਾਹਮਣੇ ਹੀ ਨਵੇਂ ਦਰਬਾਰ ਹਾਲ ਦਾ ਨੀਂਹ ਪੱਥਰ ਰੱਖਿਆ ਗਿਆ ਜਿਹੜਾ ਕਿ ਵੀਹ ਸਾਲ ਬਾਅਦ ੨੦੦੩ ਈ. ਵਿਚ ਸੰਪੂਰਨ ਹੋਇਆ। ਗੁਰਦੁਆਰਾ ਸਾਹਿਬ ਦੀ ੬ ਏਕੜ ਜ਼ਮੀਨ 'ਤੇ ਨਵਾਂ ਅਤੇ ਪੁਰਾਣਾ ਦਰਬਾਰ ਹਾਲ, ਲੰਗਰ ਹਾਲ, ੫੦ ਰਿਹਾਇਸ਼ੀ ਕਮਰੇ ਆਦਿ ਬਣੇ ਹੋਏ ਹਨ। ਇੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ ਪ੍ਰਮੁੱਖਤਾ ਨਾਲ ਮਨਾਇਆ ਜਾਂਦਾ ਹੈ। ਇਸ ਤੋਂ ਇਲਾਵਾ ਜੁਲਾਈ ਮਹੀਨੇ ਦੇ ਦੂਜੇ ਸਨਿਚਰਵਾਰ ਇਸ ਨਗਰ ਵਿਖੇ ਗੁਰੂ ਜੀ ਦਾ ਆਗਮਨ ਦਿਵਸ ਮਨਾਇਆ ਜਾਂਦਾ ਹੈ, ਰਾਤ ਨੂੰ ੮ ਤੋਂ ੧੨ ਵਜੇ ਤਕ ਸਮਾਗਮ ਕੀਤਾ ਜਾਂਦਾ ਹੈ। ਬਾਬਾ ਹਰਭਜਨ ਸਿੰਘ ਜੀ ਦੀ ਸਰਪ੍ਰਸਤੀ ਅਧੀਨ ਭਾਈ ਗੁਰਜੰਟ ਸਿੰਘ ਜੀ ਇਸ ਅਸਥਾਨ ਦੀ ਸੇਵਾ-ਸੰਭਾਲ ਕਰ ਰਹੇ ਹਨ।

**ਮਲਿਕਪੁਰ:** ਰੋਪੜ-ਸ੍ਰੀ ਅਨੰਦਪੁਰ ਸਾਹਿਬ ਸੜਕ 'ਤੇ ਇਹ ਪਿੰਡ ਰੋਪੜ ਤੋਂ ੬ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਮੁੱਖ ਸੜਕ 'ਤੇ ਗੁਰਦੁਆਰਾ ਸਿੰਘ ਸਭਾ ਸਸ਼ੋਭਿਤ ਹੈ ਜਿਹੜਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਇੱਥੇ ਸੇਵਾ ਨਿਭਾ ਰਹੇ ਮਾਸਟਰ ਚੈਂਚਲ ਸਿੰਘ ਅਤੇ ਹੋਰਨਾਂ ਪ੍ਰਬੰਧਕਾਂ ਨੇ ਦੱਸਿਆ ਕਿ ਪਾਕਿਸਤਾਨ ਬਣਨ ਤੋਂ ਪਹਿਲਾਂ ਰੰਘੜ ਭਾਈਚਾਰੇ ਨਾਲ ਸੰਬੰਧਿਤ ਵੱਡੀ ਗਿਣਤੀ ਮੁਸਲਮਾਨ ਇੱਥੇ ਨਿਵਾਸ ਕਰਦੇ ਸਨ ਜਿਸ ਕਰਕੇ ਇਸ ਪਿੰਡ ਦਾ ਨਾਂ ਮਲਿਕਪੁਰ ਰੰਘੜਾਂ ਕਰਕੇ ਪ੍ਰਸਿੱਧ ਸੀ। ਇਹ ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ-

ਛੋਹ ਪ੍ਰਾਪਤ ਹੈ ਪਰ ਰੰਘੜਾਂ ਦਾ ਜ਼ੋਰ ਹੋਣ ਕਰਕੇ ਲੰਮਾ ਸਮਾਂ ਇੱਥੇ ਗੁਰੂ ਸਾਹਿਬ ਦਾ ਅਸਥਾਨ ਪ੍ਰਗਟ ਨਹੀਂ ਹੋ ਸਕਿਆ। ਅੰਗਰੇਜ਼ਾਂ ਦੇ ਸਮੇਂ ਗਿਆਨੀ ਪ੍ਰੀਤਮ ਸਿੰਘ ਨੇ ਕੁਝ ਜ਼ਮੀਨ ਦਾਨ ਕੀਤੀ ਜਿਸ ਤੇ ਇਕ ਕਮਰਾ ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਫਿਰ ਲਗ-ਪਗ ੫੦ ਸਾਲ ਪਹਿਲਾਂ ਮੌਜੂਦਾ ਗੁਰਧਾਮ ਬਣਾਇਆ ਗਿਆ ਅਤੇ ਹੁਣ ਇਕ ਨਵੇਂ ਦਰਬਾਰ ਹਾਲ ਦੀ ਉਸਾਰੀ ਕੀਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਦੀ ਪੌਣਾ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ ਆਦਿ ਬਣੇ ਹੋਏ ਹਨ ਅਤੇ ਪਿੰਡ ਦੀ ਸਥਾਨਿਕ ਕਮੇਟੀ ਇਸ ਦਾ ਪ੍ਰਬੰਧ ਕਰਦੀ ਹੈ।

**ਹਵਾਲੇ :**


੬੧. ਮਾਲਵਾ ਦੇਸ ਰਟਨ ਦੀ ਸਾਖੀ ਪੋਥੀ, *ਸਾਖੀ ੧੫, ਪੰਨਾ ੧੬.*

੬੨. *ਭਾਈ ਸੰਤੋਖ ਸਿੰਘ,* ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, *ਰਾਸਿ ੧੧, ਅੰਸੂ ੩੭.੧-੨.*

੬੩. *ਗਿਆਨੀ ਗਿਆਨ ਸਿੰਘ,* ਗੁਰਧਾਮ ਸੰਗ੍ਰਹਿ, *ਪੰਨਾ ੧੦੪.*

੬੪. ਮਾਲਵਾ ਦੇਸ ਰਟਨ ਦੀ ਸਾਖੀ ਪੋਥੀ, *ਸਾਖੀ ੧੧, ਪੰਨਾ ੧੪.*

੬੫. *ਕਾਨ੍ਹ ਸਿੰਘ ਨਾਭਾ,* ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, *ਪੰਨਾ ੪੦੧.*

੬੬. ਮਾਲਵਾ ਦੇਸ ਰਟਨ ਦੀ ਸਾਖੀ ਪੋਥੀ, *ਸਾਖੀ ੨੪, ਪੰਨਾ ੨੫.*

੬੭. *ਕਾਨ੍ਹ ਸਿੰਘ ਨਾਭਾ,* ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, *੮੪੩.*

੬੮. *ਭਾਈ ਸੰਤੋਖ ਸਿੰਘ,* ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, *ਰਾਸਿ ੧੧, ਅੰਸੂ ੪੧.੧-੨.*

੬੯. *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ, ਸਾਖੀ ੧੪, ਪੰਨਾ ੧੫.*

੭੦. *ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖ਼ਾਲਸਾ, ਭਾਗ ਪਹਿਲਾ, ਪੰਨਾ ੬੮੪.*

੭੧. *ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ ੧੦੧੬.*

੭੨. *ਰਣਧੀਰ ਸਿੰਘ, ਉਦਾਸੀ ਸਿੱਖਾਂ ਦੀ ਵਿਥਿਆ, ਪੰਨਾ ੪੦੪.*

੭੩. *ਸੈਨਾਪਤਿ, ਸ੍ਰੀ ਗੁਰ ਸੋਭਾ, ਅਧਿਆਇ ੨.੭.*

੭੪. *Anandpur & Kiratpur Gurdwaras Under Panthic Control - Says a SGPC Press Communique: A telegram has today been received in the office of Shiromani Gurdwara Parbandhak Committee, from Anandpur Sahib to the effect that Tika Ram Narain Singh and Sodhi Moti Singh have handed over all personal claims about the Gurdwaras there and the registered Management Committee formed for the shrines of Anandpur and Kiratpur since 1913 has also retired, yielding place to the Shiromani Gurdwara Parbandhak Committee. The Khalsa Advocate, 16 March 1923, p. 3.*

੭੫. ਗੁਰਦੁਆਰਾ ਗਜ਼ਟ, *ਸ੍ਰੀ ਅੰਮ੍ਰਿਤਸਰ, ਮਾਰਚ ੧੯੫੬, ਪੰਨਾ ੩੩.*

੭੬. B. R. Sharma, ed., *Punjab District Gazetteers*, Rupnagar, p. 456.

੭੭. *ਧੰਨਾ ਸਿੰਘ ਚਹਿਲ ਪਟਿਆਲਵੀ,* ਗੁਰ ਤੀਰਥ ਸਾਈਕਲ ਯਾਤਰਾ, *ਪੰਨਾ ੨੦੧; ਇਹ ਪਿੰਡ ਚਮਕੌਰ ਸਾਹਿਬ*

*ਤੋਂ ਪੂਰਬ ਦੇ ਪਾਸੇ ੩ ਮੀਲ ਦੂਰ ਹੈ, ਇੱਥੇ ਸ੍ਰੀ ਦਸਮੇਸ਼ ਜੀ ਦਾ ਗੁਰਦੁਆਰਾ ਮੰਜੀ ਸਾਹਿਬ ਹੈ। ਪ੍ਰਦੁਮਨ ਸਿੰਘ ਬੱਦੋਂ,* ਗੁਰਧਾਮ ਦੀਦਾਰ, *ਪੰਨਾ ੧੫; ਵਿਸਾਖਾ ਸਿੰਘ ਲਿਖਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਚਮਕੌਰ ਸਾਹਿਬ ਨੂੰ ਜਾਂਦੇ ਹੋਏ ਇੱਥੇ ਬਿਰਾਜੇ ਸਨ। ਇੱਥੇ ਮੰਜੀ ਸਾਹਿਬ ਨਾਮ ਦਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਭੀ ਹੈ, ਜੋ ਸੋਹਣੀ ਅਮਾਰਤ ਬਣੀ ਹੈ ਜਿਸ ਦੀ ਸੇਵਾ ਨਗਰ ਦੀ ਸੰਗਤ ਅਧਿਕ ਪ੍ਰੇਮ ਨਾਲ ਕਰ ਰਹੀ ਹੈ।* ਮਾਲਵਾ ਇਤਿਹਾਸ, *ਪੰਨਾ ੨੬.* ■

---

ਕਵਿਤਾ

# ਗੁਰਬਾਣੀ

*-ਸ. ਮਹਿੰਦਰ ਸਿੰਘ*

*ਗੁਰਬਾਣੀ ਦਾ ਪੱਲਾ ਫੜ ਲੈ,*
*ਸ਼ਾਮ-ਸਵੇਰੇ ਇਸ ਨੂੰ ਪੜ੍ਹ ਲੈ।*
*ਬਾਣੀ ਗੁਰੂ, ਗੁਰੂ ਹੈ ਬਾਣੀ,*
*ਇਸ ਨੂੰ ਹੀ ਕੁੱਲ-ਮਾਲਿਕ ਜਾਣੀਂ।*
*ਧੁਰ ਦਰਗਾਹੋਂ ਆਵਣ ਵਾਲੀ,*
*ਸਗਲੀ ਚਿੰਤ ਮਿਟਾਵਣ ਵਾਲੀ।*
*ਬੇੜਾ ਪਾਰ ਲਗਾਵਣ ਵਾਲੀ,*
*ਚੁਰਾਸੀ-ਗੇੜ ਮੁਕਾਵਣ ਵਾਲੀ।*
*ਸੁੱਤੇ ਭਾਗ ਜਗਾਵਣ ਵਾਲੀ,*
*ਨੀਚੋਂ ਉਚ ਬਣਾਵਣ ਵਾਲੀ।*
*ਬਾਣੀ ਦੇ ਵਿਚ ਗੁਣ ਇਹ ਖ਼ਾਸ,*
*ਸਭ ਪਾਪਾਂ ਦਾ ਕਰਦੀ ਨਾਸ।*
*ਊਚ-ਨੀਚ ਦਾ ਭੇਦ ਮਿਟਾਵੇ,*
*ਸਭ 'ਚ ਇੱਕੋ ਰੱਬ ਦਰਸਾਵੇ।*
*ਇਸ ਨੂੰ ਹਿਰਦੇ ਵਿਚ ਵਸਾ ਲੈ,*
*ਇਸ ਦੇ ਮਿੱਠੇ ਫ਼ਲ ਨੂੰ ਖਾ ਲੈ।*
*ਇਹ ਤਾਂ ਸੱਚੇ ਮਾਰਗ ਪਾਵੇ,*
*ਮਨੁੱਖ ਨੂੰ ਅਸਲ ਮਨੁੱਖ ਬਣਾਵੇ।*
*ਹੱਕ-ਹਲਾਲ ਦੀ ਖਾਣ ਸਿਖਾਵੇ,*
*ਆਪੇ ਦੀ ਫਿਰ ਸੋਝੀ ਆਵੇ।*
*ਇਸ ਲਈ ਚੜ੍ਹ ਗੁਰਬਾਣੀ-ਪੌੜੀ,*
*ਇੱਕ ਦਮ ਖੁੱਲ੍ਹੀ, ਜ਼ਰਾ ਨਾ ਸੌੜੀ।*
*ਜਿਸ ਦਾ ਬਾਣੀ ਨਾਲ ਪਿਆਰ,*
*ਸੱਚਖੰਡ ਦਾ ਉਹ ਹੀ ਹੱਕਦਾਰ।*
*'ਮਹਿੰਦਰ ਸਿੰਘਾ' ਜਮ ਵੀ ਹੱਥ ਨਾ ਲਾਏ,*
*ਸਦਾ ਨਿਹਚਲ ਰਾਜ ਮਿਲ ਜਾਏ।* ■

---

** #੨੧੭, ਗਲੀ ਨੰ: ਆਰ-੯, ਗੁਰੂ ਤੇਗ ਬਹਾਦਰ ਨਗਰ, ਚੰਡੀਗੜ੍ਹ ਰੋਡ, ਖੰਨਾ, ਜ਼ਿਲ੍ਹਾ ਲੁਧਿਆਣਾ ੧੪੧੪੦੧*
*ਮੋ: +੯੧੯੪੬੪੨੫੫੦੦੩*

*ਜੂਨ ੨੦੨੩ ਦਾ ਬਾਕੀ . . .*

# ਪਹਿਲਾ ਸਿੱਖ ਹੁਕਮਰਾਨ - ਬਾਬਾ ਬੰਦਾ ਸਿੰਘ ਬਹਾਦਰ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਬਾਬਾ ਬੰਦਾ ਸਿੰਘ ਬਹਾਦਰ ਵਿਰੁੱਧ ਸਮੇਂ ਦੇ ਭਾਰਤੀ ਰਾਜਿਆਂ ਜਿਹਾ ਕਿ ਰਾਜਾ ਅਜੀਤ ਸਿੰਹੁ ਜੋਧਪੁਰੀਆ, ਰਾਜਾ ਜੈ ਸਿੰਹੁ ਜੈਪੁਰੀਆ, ਰਾਜਾ ਚਤਰ ਸਿੰਹੁ ਸਾਲ ਬੰਦੇਲਾ, ਚੂੜਮਨੀ ਜਾਟ, ਗੋਪਾਲ ਸਿੰਹੁ ਭਦਾਵੜੀਆ, ਉਦਿੱਤ ਸਿੰਹੁ ਬੁੰਦੇਲਾ, ਬਦਲ ਸਿੰਹੁ ਬੁੰਦੇਲਾ, ਬਚਨ ਸਿੰਹੁ ਕਛਵਾਹਾ ਅਤੇ ਸ਼ਿਵਾਲਿਕ ਪਹਾੜੀਆਂ ਦੇ ਰਾਜਿਆਂ ਨੇ ਖੁੱਲ੍ਹ ਕੇ ਮੁਗ਼ਲਾਂ ਦੀ ਮਦਦ ਕੀਤੀ। ਇਨ੍ਹਾਂ ਰਜਵਾੜਿਆਂ ਨੂੰ ਆਪਣੇ ਦੇਸ਼, ਧਰਮ ਅਤੇ ਅਣਖ ਨਾਲੋਂ ਮੁਗ਼ਲਾਂ ਦੀ ਗ਼ੁਲਾਮੀ ਹੇਠ ਆਪਣੀਆਂ ਛੋਟੀਆਂ-ਛੋਟੀਆਂ ਰਿਆਸਤੀ ਗੱਦੀਆਂ ਜ਼ਿਆਦਾ ਪਿਆਰੀਆਂ ਸਨ ਅਤੇ ਇਹ ਦੇਸ਼ ਅੰਦਰ ਜਾਗੀਰਦਾਰੀ ਅਤੇ ਜਾਤ-ਪਾਤੀ ਸਿਸਟਮ ਨੂੰ ਕਾਇਮ ਰੱਖਣ ਦੇ ਪੱਕੇ ਮੁਦੱਈ ਸਨ।

ਬਾਬਾ ਬੰਦਾ ਸਿੰਘ ਬਹਾਦਰ ਵਿਰੁੱਧ ਸਮੇਂ ਦੇ ਭਾਰਤੀ ਰਾਜਿਆਂ ਜਿਹਾ ਕਿ ਰਾਜਾ ਅਜੀਤ ਸਿੰਹੁ ਜੋਧਪੁਰੀਆ, ਰਾਜਾ ਜੈ ਸਿੰਹੁ ਜੈਪੁਰੀਆ, ਰਾਜਾ ਚਤਰ ਸਿੰਹੁ ਸਾਲ ਬੰਦੇਲਾ, ਚੂੜਮਨੀ ਜਾਟ, ਗੋਪਾਲ ਸਿੰਹੁ ਭਦਾਵੜੀਆ, ਉਦਿੱਤ ਸਿੰਹੁ ਬੁੰਦੇਲਾ, ਬਦਲ ਸਿੰਹੁ ਬੁੰਦੇਲਾ, ਬਚਨ ਸਿੰਹੁ ਕਛਵਾਹਾ ਅਤੇ ਸ਼ਿਵਾਲਿਕ ਪਹਾੜੀਆਂ ਦੇ ਰਾਜਿਆਂ ਨੇ ਖੁੱਲ੍ਹ ਕੇ ਮੁਗ਼ਲਾਂ ਦੀ ਮਦਦ ਕੀਤੀ। ਇਨ੍ਹਾਂ ਰਜਵਾੜਿਆਂ ਨੂੰ ਆਪਣੇ ਦੇਸ਼, ਧਰਮ ਅਤੇ ਅਣਖ ਨਾਲੋਂ ਮੁਗ਼ਲਾਂ ਦੀ ਗ਼ੁਲਾਮੀ ਹੇਠ ਆਪਣੀਆਂ ਛੋਟੀਆਂ-ਛੋਟੀਆਂ ਰਿਆਸਤੀ ਗੱਦੀਆਂ ਜ਼ਿਆਦਾ ਪਿਆਰੀਆਂ ਸਨ ਅਤੇ ਇਹ ਦੇਸ਼ ਅੰਦਰ ਜਾਗੀਰਦਾਰੀ ਅਤੇ ਜਾਤ-ਪਾਤੀ ਸਿਸਟਮ ਨੂੰ ਕਾਇਮ ਰੱਖਣ ਦੇ ਪੱਕੇ ਮੁਦੱਈ ਸਨ।

ਇਨ੍ਹਾਂ ੨੫ ਸਿੰਘਾਂ ਦੇ ਜਥੇ ਨੇ ਪੰਜਾਬ ਵੱਲ ਕੂਚ ਕੀਤਾ। ਇਤਿਹਾਸਕਾਰਾਂ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਦਸਮੇਸ਼ ਜੀ ਦਾ ਥਾਪੜਾ ਲੈ ਕੇ ਨੰਦੇੜ ਤੋਂ ਚੱਲੇ। ਇਸ 'ਖਾਲਸਾ ਫੌਜ' ਦਾ ਸਿਧਾਂਤ ਸੀ, *ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ॥ ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰਿ ਅਪਨੀ ਜੀਤ ਕਰੋਂ॥* ਅਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਮਹਾਨ ਫ਼ਲਸਫ਼ੇ ਅਤੇ

**ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ; ਮੋ:+੯੧੯੯੧੫੮੦੫੧੦੦*

ਨਿਸ਼ਾਨੇ ਨੂੰ ਸਪੱਸ਼ਟ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਮਨੋਰਥ ਬਾਰੇ ਸੰਸਾਰ ਨੂੰ ਉੱਚੀ ਅਵਾਜ਼ ਵਿਚ ਸਮਝਾਇਆ ਸੀ ਕਿ ਉਨ੍ਹਾਂ ਦਾ ਕਿਸੇ ਨਾਲ ਵੈਰ-ਵਿਤਕਰਾ ਜਾਂ ਨਫ਼ਰਤ ਨਹੀਂ ਹੈ। ਉਹ ਤਾਂ ਕੇਵਲ ਤੇ ਕੇਵਲ ਜਾਬਰ, ਜ਼ਾਲਮ ਅਤੇ ਜ਼ੁਲਮ ਦੇ ਵਿਰੁੱਧ ਹਨ, ਉਨ੍ਹਾਂ ਦਾ ਮਕਸਦ ਅਤੇ ਨਿਸ਼ਾਨਾ ਤਾਂ ਗ਼ਰੀਬ, ਕਿਰਤੀ, ਸੰਤ-ਮਹਾਂਪੁਰਸ਼ ਅਤੇ ਧਰਮ ਦੀ ਰੱਖਿਆ ਕਰਨਾ ਹੈ ਅਤੇ ਸੱਚ ਧਰਮ ਦਾ ਬੋਲਬਾਲਾ ਕਰਨਾ ਹੈ। ਉਹ ਸਿਧਾਂਤ ਵੀ ਬਾਬਾ ਬੰਦਾ ਸਿੰਘ ਬਹਾਦਰ ਦੇ ਸਾਹਮਣੇ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ ਸੀ, *ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੁ ਸਭ ਮਨ ਮੰ॥ ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥* ਇਸੇ ਭਾਵਨਾ ਅਤੇ ਨਿਸਚੇ ਦੀ ਪੂਰਤੀ ਕਰਨਾ ਹੀ ਬਾਬਾ ਬੰਦਾ ਸਿੰਘ ਬਹਾਦਰ ਦਾ ਮਨੋਰਥ ਸੀ। ਬਾਬਾ ਬੰਦਾ ਸਿੰਘ ਬਹਾਦਰ ਪਹਿਲਾਂ ਬਾਂਗਰ ਦੇ ਇਲਾਕੇ ਵਿਚ ਪਹੁੰਚੇ ਜਿੱਥੇ ਉਨ੍ਹਾਂ ਨੇ ਲੁਟੇਰੇ ਡਾਕੂਆਂ ਨੂੰ ਮਾਰ ਕੇ ਗ਼ਰੀਬ ਲੋਕਾਂ ਦਾ ਲੁੱਟਿਆ ਹੋਇਆ ਮਾਲ ਵਾਪਸ ਕਰਵਾਇਆ। ਉਨ੍ਹਾਂ ਨੂੰ ਪੂਰੀ ਰਾਖੀ ਦੀ ਜਾਮਨੀ ਦਿੱਤੀ ਅਤੇ ਖਾਲਸਾ-ਪੰਥ ਵਿਚ ਸ਼ਾਮਲ ਹੋਣ ਲਈ ਪ੍ਰੇਰਿਆ, ਇੱਥੋਂ ਬਾਬਾ ਜੀ ਖਰਖੋਦੇ ਦੇ ਇਲਾਕੇ ਪਹੁੰਚੇ ਜਿੱਥੇ ਸਿਹਰਾ-ਖੰਡਾ ਪਿੰਡਾਂ ਲਾਗੇ ਟਿਕਾਣਾ ਕੀਤਾ। ਇੱਥੇ ਬੈਠ ਕੇ ਬਾਬਾ ਜੀ ਨੇ ਪੰਜਾਬ ਦੀ ਸਰਬਪੱਖੀ ਜਾਣਕਾਰੀ ਪ੍ਰਾਪਤ ਕਰ ਕੇ ਸੰਭਾਵੀ ਯੁੱਧ ਲਈ ਵਿਉਂਤਬੰਦੀ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਿੱਤੇ ਹੁਕਮਨਾਮੇ ਸਿੱਖ ਸੰਗਤ ਨੂੰ ਭੇਜੇ ਗਏ। ਹੁਕਮ ਦਾ ਪਾਲਣ ਕਰਦਿਆਂ ਸਿੱਖ ਸੰਗਤ ਬਾਬਾ ਬੰਦਾ ਸਿੰਘ ਬਹਾਦਰ ਪਾਸ ਆ ਗਈ। ਗੁਰੂ ਸਾਹਿਬ ਦੇ ਪਰਵਾਰ ਦੀਆਂ ਸ਼ਹੀਦੀਆਂ ਦੇ ਜ਼ਖ਼ਮ ਸਿੱਖ ਸੰਗਤ ਵਿਚ ਅਜੇ ਤਾਜ਼ਾ ਸਨ। *ਜਬੈ ਬਾਣ ਲਾਗਯੋ ਤਬੈ ਰੋਸ ਜਾਗਯੋ* ਦੀ ਭਾਵਨਾ ਅਨੁਸਾਰ ਸਾਹਿਬਜ਼ਾਦਿਆਂ ਅਤੇ ਹੋਰ ਅਨੇਕ ਸ਼ਹੀਦ ਸਿੰਘਾਂ ਦੀਆਂ ਸ਼ਹੀਦੀਆਂ ਦਾ ਗਹਿਰਾ ਅਸਰ ਸਿੱਖਾਂ ਦੇ ਮਨਾਂ ਵਿਚ ਸੀ। ਬਸ ਉਨ੍ਹਾਂ ਨੂੰ ਯੋਗ ਅਗਵਾਈ ਦੀ ਲੋੜ ਸੀ, ਜੋ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਖ਼ਸੀਅਤ ਨੇ ਪੂਰੀ ਕਰ ਦਿੱਤੀ। ਇਸ ਲਈ ਉਹ ਕੁਝ ਸਮੇਂ ਦੇ ਅੰਦਰ ਹੀ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਖਾਲਸਈ ਨਿਸ਼ਾਨ ਥੱਲੇ ਇਕੱਠੇ ਹੋ ਗਏ, ਉਨ੍ਹਾਂ ਨੇ ਰਣ-ਭੂਮੀ ਵਿਚ ਆਪਣਾ ਨਾਅਰਾ- 'ਰਾਜ ਕਰੇਗਾ ਖਾਲਸਾ' ਨਿਸ਼ਚਿਤ ਕਰ ਦਿੱਤਾ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਨੂੰ ਤੁਰੇ ਤਾਂ ਉਨ੍ਹਾਂ ਕੋਲ ੨੫ ਸਿੰਘਾਂ ਤੋਂ ਇਲਾਵਾ ਕੋਈ ਫ਼ੌਜ ਨਹੀਂ ਸੀ। ਕੋਈ ਜੰਗੀ ਸਾਜ-ਓ-ਸਾਮਾਨ, ਗੋਲਾ-ਬਾਰੂਦ ਆਦਿ ਨਹੀਂ ਸੀ, ਕੋਈ ਸਿੱਖਿਅਤ ਫ਼ੌਜ ਨਹੀਂ

ਸੀ। ਮੁਸਲਮਾਨ ਲਿਖਾਰੀ ਖਾਫ਼ੀ ਖਾਨ ਤੇ ਮੁਹੰਮਦ ਕਾਸਮ ਅਨੁਸਾਰ ਛੇਤੀ ਹੀ ੪੦੦੦ ਘੋੜ-ਸਵਾਰ ਤੇ ੭੮੦੦ ਪੈਦਲ ਸਿਪਾਹੀ ਉਸ ਨਾਲ ਆ ਰਲੇ। ਮਸ਼ਹੂਰ ਇਤਿਹਾਸਕਾਰ ਸ੍ਰੀ ਗੋਕਲ ਚੰਦ ਨਾਰੰਗ ਅਨੁਸਾਰ ਪੈਦਲ ਸੈਨਿਕਾਂ ਦੀ ਗਿਣਤੀ ੮੯੦੦ ਹੋ ਗਈ ਤੇ ਵਧਦੀ ਹੋਈ ਅੰਤ ੪੦,੦੦੦ ਤਕ ਪਹੁੰਚ ਗਈ। ਮਹਾਨ ਜਰਨੈਲਾਂ- ਸਿਕੰਦਰ ਮਹਾਨ, ਨੈਪੋਲੀਅਨ ਬੋਨਾਪਾਰਟ, ਹਿਟਲਰ ਜਾਂ ਚਰਚਿਲ ਦੀ ਮਹਾਨਤਾ ਦੁਨੀਆ ਵਿਚ ਮੰਨੀ ਜਾਂਦੀ ਹੈ, ਪਰੰਤੂ ਇਨ੍ਹਾਂ ਯਤਨਾਂ ਦੇ ਪਿੱਛੇ ਉਨ੍ਹਾਂ ਦੇ ਮੁਲਕਾਂ ਦੀ ਮੁਕੰਮਲ ਜਨ-ਸ਼ਕਤੀ ਤੇ ਰਾਜ-ਸ਼ਕਤੀ ਸੀ। ਵੱਡੀ ਜੰਗਜੂ ਅਤੇ ਯੁੱਧ ਵਿੱਦਿਆ ਵਿਚ ਪੂਰੀ ਤਰ੍ਹਾਂ ਨਿਪੁੰਨ ਫ਼ੌਜ ਸੀ ਅਤੇ ਉਹ ਉਨ੍ਹਾਂ ਮੁਲਕਾਂ ਦੇ ਬਾਦਸ਼ਾਹ ਜਾਂ ਮੰਨੇ ਹੋਏ ਰਾਜਨੀਤਿਕ ਨੇਤਾ ਵੀ ਸਨ, ਪਰੰਤੂ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਮਹਾਨਤਾ ਇਹ ਹੈ ਕਿ ਸਤਿਗੁਰੂ ਦੀ ਕਿਰਪਾ ਦੁਆਰਾ ਉਨ੍ਹਾਂ ਨੇ ਸਭ ਕੁਝ ਨਾਲੋਂ-ਨਾਲ ਕੀਤਾ। ਫ਼ੌਜੀ ਸੰਗਠਨ, ਸੰਘਰਸ਼ ਅਤੇ ਜਿੱਤਾਂ ਨਾਲੋਂ-ਨਾਲ ਚੱਲਦੀਆਂ ਰਹੀਆਂ।

ਬਾਬਾ ਬੰਦਾ ਸਿੰਘ ਜੀ ਦੀ ਫ਼ੌਜ ਦੀ ਬਣਤਰ ਤੋਂ ਇਸ ਗੱਲ ਦੀ ਪ੍ਰੋੜ੍ਹਤਾ ਹੁੰਦੀ ਹੈ ਕਿ ਬਾਬਾ ਜੀ ਦਾ ਮੰਤਵ ਪੰਜਾਬ ਦੇ ਹਰ ਵਰਗ ਦੇ ਲੋਕਾਂ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਇੱਕ ਪਲੇਟਫਾਰਮ 'ਤੇ ਇਕੱਠੇ ਕਰਨਾ ਸੀ। ਸਮਕਾਲੀ ਭਰੋਸੇਯੋਗ ਗਵਾਹੀਆਂ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੀ ਫ਼ੌਜ ਵਿਚ ਕੇਵਲ ਸਿੱਖ ਹੀ ਨਹੀਂ ਸਨ, ਘੱਟੋ-ਘੱਟ ਪੰਜ ਹਜ਼ਾਰ ਮੁਸਲਮਾਨ ਵੀ ਜ਼ਾਲਮਾਂ ਵਿਰੁੱਧ ਲੜਨ ਲਈ ਉਨ੍ਹਾਂ ਦਾ ਸਾਥ ਦੇ ਰਹੇ ਸਨ। ਈਰਾਨ, ਤੁਰਕੀ, ਕਾਬਲ, ਕੰਧਾਰ ਤੇ ਮੁਲਤਾਨ ਦੇ ਹਿੰਦੂ ਵੀ ਹਜ਼ਾਰਾਂ ਦੀ ਗਿਣਤੀ ਵਿਚ ਨਾਲ ਆ ਰਲੇ। ਉਦਾਸੀ ਸੰਪਰਦਾ ਦੇ ਲੋਕ ਵੀ ਪ੍ਰਵੇਸ਼ ਕਰ ਚੁੱਕੇ ਸਨ। ਪੰਜਾਬ ਵਿਚ ਆ ਕੇ ਇਹ ਅੰਮ੍ਰਿਤ ਛਕ ਕੇ ਬਾਬਾ ਬੰਦਾ ਸਿੰਘ ਜੀ ਦੀ ਫ਼ੌਜ ਵਿਚ ਸ਼ਾਮਲ ਹੋ ਗਏ। ਇਨ੍ਹਾਂ ਤੋਂ ਇਲਾਵਾ ਗੁਰੂ ਆਸ਼ੇ ਅਤੇ ਜੁਗਤ "*ਜਿਨ ਕੀ ਜਾਤਿ ਔਰ ਕੁਲ ਮਾਂਹੀ। ਸਰਦਾਰੀ ਨਹਿ ਭਈ ਕਦਾਹੀਂ।... ਇਨਹੀ ਕੋ ਸਰਦਾਰ ਬਨਾਵੋਂ। ਤਬੈ ਗੋਬਿੰਦ ਸਿੰਘ ਨਾਮ ਸਦਾਵੋਂ॥*" ਅਨੁਸਾਰ ਬਾਬਾ ਜੀ ਨੇ ਅਖੌਤੀ ਪੱਛੜੀਆਂ ਸ਼੍ਰੇਣੀਆਂ ਤੇ ਦਲਿਤ ਜਾਤੀਆਂ ਨੂੰ ਵੀ ਨਾਲ ਰੱਖਿਆ। ਉਨ੍ਹਾਂ ਨੇ ਪ੍ਰਤੀਤ ਕਰ ਲਿਆ ਸੀ ਕਿ ਅੰਮ੍ਰਿਤ ਛਕਣ ਤੋਂ ਬਾਅਦ ਜਾਤ-ਪਾਤ ਦਾ ਭੇਦ-ਭਾਵ ਮਿਟ ਜਾਂਦਾ ਹੈ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਨ੍ਹਾਂ ਦੁਰਬਲ ਤੇ ਨਿਤਾਣੇ ਹੋਏ ਲੋਕਾਂ ਅੰਦਰ ਸਾਹਸ ਪੈਦਾ ਕਰ ਕੇ ਆਪਣੇ ਨਾਲ ਰਲਾਉਣ ਨਾਲ ਅੰਦੋਲਨ ਦੁਰਬਲ ਹੋਣ ਦੀ ਥਾਂ ਹੋਰ ਮਜ਼ਬੂਤ ਹੁੰਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਦੇ ਸਾਹਮਣੇ ਦਸਮੇਸ਼ ਜੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਉੱਤੇ ਸਾਜੇ ਖਾਲਸਾ-ਪੰਥ ਦੀ ਬਣਤਰ ਦੀ ਲਾਸਾਨੀ ਮਿਸਾਲ ਸੀ ਜੋ ਉਸ ਦਾ ਪ੍ਰੇਰਨਾ ਸਰੋਤ ਸੀ।

ਬਾਬਾ ਬੰਦਾ ਸਿੰਘ ਬਹਾਦਰ ਦੇ ਸਮਕਾਲੀ ਮੁਸਲਮਾਨ ਲੇਖਕ ਮੁਹੰਮਦ ਕਾਸਮ ਲਾਹੌਰੀ ਦੀ ਲਿਖਤ 'ਇਬਰਤਨਾਮਾ' (ਰਚਿਤ ੧੭੨੨ ਈ.) ਅਨੁਸਾਰ "ਸਿੱਖਾਂ ਤੇ ਮੁਗ਼ਲਾਂ ਵਿਚਕਾਰ ਘੋਲ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਉਪਰੰਤ ਸ਼ੁਰੂ ਹੋਇਆ ਤੇ ਇਸ ਨੂੰ ਸ਼ੁਰੂ ਕਰਨ ਵਾਲੇ ਬਾਬਾ ਬੰਦਾ ਸਿੰਘ ਬਹਾਦਰ ਸਨ।" ਇਸ ਪ੍ਰਕਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੀ ਸਿਆਸਤ ਵਿਚ ਪਹਿਲੀ ਵਾਰ ਸਰਗਰਮ ਧਮਾਕਾ ਛੱਡਿਆ। ਇਸ ਧਮਾਕੇ ਨੂੰ 'ਅਜਬ ਬਲਾ' ਕਹਿਣ ਵਾਲੇ ਸਰਕਾਰੀ ਮੁਸਲਮਾਨ ਲੇਖਕ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਪੰਜਾਬ ਦੀ ਸਿਆਸਤ ਵਿਚ ਬਾਬਾ ਬੰਦਾ ਸਿੰਘ ਨੇ ਅਜਿਹੀ ਹਲਚਲ ਮਚਾਈ ਕਿ ਮੁਗ਼ਲਾਂ ਨੂੰ ਵਿਸ਼ਵਾਸ ਨਹੀਂ ਆ ਰਿਹਾ ਸੀ ਕਿ ਇਸ ਤਰ੍ਹਾਂ ਵੀ ਹੋ ਸਕਦਾ ਹੈ।

ਖਰਚਾ ਚਲਾਉਣ ਅਤੇ ਧਨ ਦੀ ਪੂਰਤੀ ਲਈ ਗੁਰੂ-ਘਰ ਨਾਲ ਚਿਰਾਂ ਤੋਂ ਜੁੜੇ ਆ ਰਹੇ ਸ਼ਾਹੂਕਾਰਾਂ ਅਤੇ ਉੱਘੇ ਵਪਾਰੀਆਂ ਨੇ ਬਾਬਾ ਜੀ ਦੀ ਖੁੱਲ੍ਹ ਕੇ ਮਦਦ ਕੀਤੀ। ਆਰਥਿਕ ਲੋੜਾਂ ਦੀ ਪੂਰਤੀ ਹੁੰਦਿਆਂ ਹੀ ਉਨ੍ਹਾਂ ਨੇ ਪੰਜਾਬ 'ਤੇ ਹਮਲਾ ਕਰ ਦਿੱਤਾ ਤੇ ਜਿੱਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਨਵੰਬਰ, ੧੭੦੯ ਈ. ਨੂੰ ਧਾਰਮਿਕ ਅਤੇ ਰਾਜਸੀ ਸ਼ਕਤੀ ਦੇ ਮਹੱਤਵਪੂਰਨ ਕੇਂਦਰ ਸਮਾਣੇ ਉੱਤੇ ਜਿੱਤ ਪ੍ਰਾਪਤ ਕੀਤੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕਰਨ ਵਾਲਾ ਜੱਲਾਦ ਜਲਾਲੁਦੀਨ ਅਤੇ ਛੋਟੇ ਸਾਹਿਬਜ਼ਾਦਿਆਂ— ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਨੂੰ ਸ਼ਹੀਦ ਕਰਨ ਵਾਲੇ ਜੱਲਾਦ ਸਾਸ਼ਲ ਬੇਗ ਅਤੇ ਬਾਸ਼ਲ ਬੇਗ ਇਸੇ ਸ਼ਹਿਰ ਸਮਾਣੇ ਦੇ ਵਸਨੀਕ ਸਨ। ਇਹ ਸ਼ਹਿਰ ਮੁਗ਼ਲਾਂ ਅਤੇ ਸੱਯਦਾਂ ਦਾ ਤਕੜਾ ਗੜ੍ਹ ਸੀ। ਇਸ ਤੋਂ ਬਾਅਦ ਸੋਨੀਪਤ, ਕੈਥਲ, ਸਮਾਣਾ, ਘੁੜਾਮ, ਠਸਕਾ, ਸ਼ਾਹਬਾਦ, ਕਪੂਰੀ ਤੇ ਸਢੌਰਾ 'ਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਉਨ੍ਹੀਂ ਦਿਨੀਂ ਇਹ ਸ਼ਹਿਰ ਮੁਗ਼ਲ ਰਾਜ ਦੇ ਗੜ੍ਹ ਮੰਨੇ ਜਾਂਦੇ ਸਨ। ਬਾਬਾ ਬੰਦਾ ਸਿੰਘ ਬਹਾਦਰ ਦੇ ਆਉਣ ਬਾਰੇ ਸੁਣ ਕੇ ਮਾਝੇ ਤੇ ਦੁਆਬੇ ਦੇ ਸਿੱਖਾਂ ਨੇ ਹਕੂਮਤ ਵਿਰੁੱਧ ਬਗ਼ਾਵਤ ਕਰ ਦਿੱਤੀ, ਕਿਉਂਕਿ ਸਿੱਖਾਂ ਦੇ ਹੌਂਸਲੇ ਬਹੁਤ ਬੁਲੰਦ ਹੋ ਚੁੱਕੇ ਸਨ। ਇਨ੍ਹਾਂ ਨੇ ਕਾਫਲੇ ਦੇ ਰੂਪ ਵਿਚ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦੇਣ ਲਈ ਸਰਹਿੰਦ ਵੱਲ ਨੂੰ ਕੂਚ ਕਰ ਦਿੱਤਾ। ਰੋਪੜ ਦੇ ਸਥਾਨ ਉੱਤੇ ਇਨ੍ਹਾਂ ਸਿੰਘਾਂ ਅਤੇ ਮੁਗ਼ਲ ਫ਼ੌਜਾਂ ਵਿਚਕਾਰ ਪਹਿਲੀ ਲੜਾਈ ਹੋਈ। ਸੂਬੇਦਾਰ ਵਜ਼ੀਰ ਖਾਨ ਦੇ ਹੁਕਮ ਉੱਤੇ ਮਲੇਰਕੋਟਲੇ ਦੇ ਨਵਾਬ ਮੁਹੰਮਦ ਸ਼ੇਰ ਖਾਨ ਨੇ ਆਪਣੇ ਭਰਾ ਖਿਜ਼ਰ ਖਾਨ, ਦੋ ਭਤੀਜਿਆਂ ਨਸਤਰ ਖਾਨ ਅਤੇ ਵਲੀ ਮੁਹੰਮਦ ਖਾਨ ਅਤੇ ਭਾਰੀ ਸ਼ਾਹੀ ਮੁਗ਼ਲ ਫ਼ੌਜ ਨਾਲ ਸਿੱਖ ਦਸਤਿਆਂ ਉੱਤੇ ਜ਼ੋਰਦਾਰ ਹਮਲਾ ਕਰ ਦਿੱਤਾ। ਦੋ ਦਿਨਾਂ

ਦੀ ਇਸ ਖ਼ੂਨ ਡੋਲ੍ਹਵੀਂ ਲੜਾਈ ਵਿਚ ਖਿਜਰ ਖਾਨ, ਨਸਤਰ ਖਾਨ ਅਤੇ ਵਲੀ ਮੁਹੰਮਦ ਖਾਨ ਮਾਰੇ ਗਏ ਅਤੇ ਮੁਹੰਮਦ ਸ਼ੇਰ ਖਾਨ ਸਖਤ ਫੱਟੜ ਹੋ ਗਿਆ। ਜਿਸ ਵਿਚ ਸਿੰਘ ਵੀ ਜਾਨਾਂ ਹੂਲਕੇ ਲੜੇ ਅਤੇ ਸੂਬਾ ਸਰਹਿੰਦ ਦੀਆਂ ਮੁਗ਼ਲਈ ਫ਼ੌਜਾਂ ਦਾ ਮੂੰਹ ਤੋੜ ਦਿੱਤਾ ਅਤੇ ਜਿੱਤ ਪ੍ਰਾਪਤ ਕੀਤੀ। ਮਾਝੇ ਅਤੇ ਦੁਆਬੇ ਦੇ ਇਹ ਸਿੰਘ ਰੋਪੜ ਨੂੰ ਜਿੱਤ ਕੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਆ ਮਿਲੇ। ਹੁਣ ਸਿੱਖ ਆਪਣੇ ਮੁੱਖ ਨਿਸ਼ਾਨੇ ਸਰਹਿੰਦ ’ਤੇ ਜ਼ੋਰਦਾਰ ਹੱਲਾ ਬੋਲਣ ਲਈ ਕਚੀਚੀਆਂ ਲੈਣ ਲੱਗੇ।

ਆਖਰ ਉਹ ਘੜੀ ਆ ਗਈ ਜਿਸ ਦਾ ਉਹ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ। ਸੂਬੇਦਾਰ ਵਜ਼ੀਰ ਖਾਨ ਨੂੰ ਸਬਕ ਸਿਖਾਉਣ ਲਈ ਸਿੱਖਾਂ ਨੇ ਚੱਪੜਚਿੜੀ ਦਾ ਮੈਦਾਨ ਆ ਮੱਲਿਆ (ਚੱਪੜਚਿੜੀ, ਸਰਹਿੰਦ ਤੋਂ ਲੱਗਭਗ ੧੦-੧੨ ਕੋਹ ਦੀ ਵਿੱਥ ’ਤੇ ਖਰੜ-ਲਾਂਡਰਾ ਸੜਕ 'ਤੇ ਸਥਿਤ ਹੈ) ਡਾ. ਗੰਡਾ ਸਿੰਘ ਅਨੁਸਾਰ ਬਾਬਾ ਬੰਦਾ ਸਿੰਘ ਨੇ ਆਪਣੀ ਨਿਪੁੰਨ ਯੁੱਧ ਨੀਤੀ ਅਨੁਸਾਰ ਆਪਣੀ ਫ਼ੌਜ ਨੂੰ ਤਿੰਨ ਹਿੱਸਿਆਂ ਵਿਚ ਵੰਡ ਦਿੱਤਾ, ਇਕ ਜਥੇ ਦੀ ਕਮਾਨ ਭਾਈ ਫਤਿਹ ਸਿੰਘ, ਭਾਈ ਕਰਮ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਆਲੀ ਸਿੰਘ ਨੂੰ ਸੌਂਪ ਦਿੱਤੀ ਜਦੋਂ ਕਿ ਦੂਜੇ ਜਥੇ ਦੀ ਅਗਵਾਈ ਬਾਬਾ ਬਿਨੋਦ ਸਿੰਘ, ਬਾਬਾ ਬਾਜ ਸਿੰਘ, ਭਾਈ ਰਾਮ ਸਿੰਘ ਅਤੇ ਭਾਈ ਸ਼ਾਮ ਸਿੰਘ ਆਦਿ ਨੂੰ ਸਪੁਰਦ ਕੀਤੀ ਗਈ। ਤੀਸਰੇ ਜਥੇ ਦੀ ਅਗਵਾਈ ਬਾਬਾ ਜੀ ਆਪ ਕਰ ਰਹੇ ਸਨ। ਸੂਬੇਦਾਰ ਵਜ਼ੀਰ ਖਾਨ ਦੀਆਂ ਫ਼ੌਜਾਂ ਸਿੱਖਾਂ ਦੇ ਤੂਫ਼ਾਨ ਨੂੰ ਰੋਕਣ ਲਈ ਅੱਗੇ ਵਧੀਆਂ। ਸਿੰਘਾਂ ਨੇ ਸਰਹਿੰਦ ’ਤੇ ਹਮਲੇ ਲਈ ਪਹਿਲਾਂ ਹੀ ਜ਼ੋਰਦਾਰ ਤਿਆਰੀਆਂ ਕੀਤੀਆਂ ਹੋਈਆਂ ਸਨ। ੧੨ ਮਈ, ੧੭੧੦ ਈ. ਨੂੰ ਚੱਪੜਚਿੜੀ ਦੇ ਮੈਦਾਨ ਵਿਚ ਜ਼ੋਰਦਾਰ ਖੂਨ-ਡੋਲ੍ਹਵਾਂ ਮੁਕਾਬਲਾ ਹੋਇਆ। ਇਸ ਭਿਆਨਕ ਲੜਾਈ ਵਿਚ ਵਜ਼ੀਰ ਖਾਨ ਮਾਰਿਆ ਗਿਆ। ਵਜ਼ੀਰ ਖਾਨ ਦੇ ਮਰਨ ਨਾਲ ਬਾਕੀ ਮੁਸਲਮਾਨ ਫੌਜਾਂ ਮੈਦਾਨ ਛੱਡ ਕੇ ਦੌੜ ਗਈਆਂ ਅਤੇ ਸਰਹਿੰਦ ਫਤਿਹ ਹੋ ਗਈ। ਡਾ. ਗੰਡਾ ਸਿੰਘ ਅਨੁਸਾਰ ਇਸ ਯੁੱਧ ਵਿਚ ਮਲੇਰਕੋਟਲੇ ਦਾ ਨਵਾਬ ਮੁਹੰਮਦ ਸ਼ੇਰ ਖਾਨ ਅਤੇ ਜਰਨੈਲ ਖੁਆਜਾ ਅਲੀ ਮਲੇਰਕੋਟਲੀਆ ਵੀ ਮਾਰੇ ਗਏ। ਇਸ ਤਰ੍ਹਾਂ ਧਰਮੀ ਖਾਲਸਾ ਪੰਥ ਦੀ ਸ਼ਾਨਦਾਰ ਜਿੱਤ ਹੋਈ ਅਤੇ ਪਾਪੀ ਨੂੰ ਦੰਡ ਮਿਲਿਆ ਅਤੇ ਉਹ ਮਾਰਿਆ ਗਿਆ। ਇਹ ਖਾਲਸਾ ਪੰਥ ਦੀ ਸ਼ਕਤੀ ਦਾ ਇਕ ਹੋਰ ਸ਼ਾਨਦਾਰ ਅਤੇ ਇਤਿਹਾਸਿਕ ਕ੍ਰਿਸ਼ਮਾ ਸੀ। ਗੁਰ ਸਾਹਿਬ ਇਉਂ ਫੁਰਮਾਉਂਦੇ ਹਨ:

*ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ ੮੯)*

ਅਗਲੇ ਦਿਨ ਸਿੱਖ ਫ਼ੌਜਾਂ ੧੩ ਮਈ, ੧੭੧੦ ਈ. ਨੂੰ ਸਰਹਿੰਦ ਵਿਚ

ਦਾਖ਼ਲ ਹੋਈਆਂ। ਦੋਸ਼ੀਆਂ ਨੂੰ ਚੁਣ-ਚੁਣ ਕੇ ਸਜ਼ਾਵਾਂ ਦਿੱਤੀਆਂ। ਵਜ਼ੀਰ ਖਾਨ ਦੇ ਮਹੱਲਾਂ ਵਿੱਚੋਂ ਬਹੁਤ ਸਾਰਾ ਧਨ ਬਾਬਾ ਬੰਦਾ ਸਿੰਘ ਬਹਾਦਰ ਦੇ ਹੱਥ ਲੱਗਾ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ 'ਸਪੋਲੀਏ' ਕਹਿਣ ਅਤੇ ਵਜ਼ੀਰ ਖਾਨ ਨੂੰ ਉਕਸਾਅ ਕੇ ਸਾਹਿਬਜ਼ਾਦਿਆਂ ਨੂੰ ਕਤਲ(ਸ਼ਹੀਦ) ਕਰਨ ਦੀ ਸਲਾਹ ਦੇਣ ਵਾਲੇ ਸੁੱਚਾ ਨੰਦ ਨੂੰ ਨੱਕ ਵਿਚ ਨਕੇਲ ਪਾ ਕੇ ਗਲੀਆਂ ਵਿਚ ਘਸੀਟ-ਘਸੀਟ ਕੇ ਨਰਕਾਂ ਨੂੰ ਤੋਰ ਦਿੱਤਾ ਗਿਆ। ਅਗਲੇ ਦਿਨ ੧੪ ਮਈ, ੧੭੧੦ ਈ. ਨੂੰ ਬਾਗ਼-ਏ-ਹਾਫ਼ੀਜ਼ੀ (ਹੁਣ ਆਮਖਾਸ ਬਾਗ) ਵਿਖੇ ਇਕ ਵਿਸ਼ਾਲ ਲੋਕ ਦਰਬਾਰ ਲਾਇਆ ਗਿਆ ਜਿਸ ਵਿਚ ਸਥਾਨਕ ਲੋਕਾਂ ਨੂੰ ਉਨ੍ਹਾਂ ਦੇ ਜਾਨ, ਮਾਲ, ਧਰਮ, ਧਾਰਮਿਕ ਚਿੰਨ੍ਹਾਂ ਅਤੇ ਧਾਰਮਿਕ ਅਸਥਾਨਾਂ ਦੀ ਮੁਕੰਮਲ ਸੁਰੱਖਿਆ ਦਾ ਭਰੋਸਾ ਦਿਵਾਇਆ ਗਿਆ। ਜਾਗੀਰਦਾਰੀ ਪ੍ਰਣਾਲੀ ਖਤਮ ਕਰ ਕੇ ਵਾਹੀਕਾਰਾਂ ਨੂੰ ਉਨ੍ਹਾਂ ਵੱਲੋਂ ਵਾਹੀ ਜਾ ਰਹੀ ਜ਼ਮੀਨ ਦੇ ਮਾਲਕ ਬਣਾ ਦਿੱਤਾ। ਇਸ ਤਰ੍ਹਾਂ ਹੁਣ ਗੁਰੂ-ਆਸ਼ੇ ਅਨੁਸਾਰ ਉਨ੍ਹਾਂ ਅਖੌਤੀ ਦਲਿਤਾਂ, ਪੱਛੜੀਆਂ ਸ਼੍ਰੇਣੀਆਂ, ਕਿਰਤੀਆਂ ਅਤੇ ਗ਼ਰੀਬਾਂ ਨੂੰ ਸਰਦਾਰੀ, ਜ਼ਿਮੀਦਾਰੀ, ਧਰਮ, ਧਾਰਮਿਕਤਾ, ਸ਼ਾਸਤਰ, ਸ਼ਸਤਰ ਅਤੇ ਰਾਜ-ਭਾਗ ਦੇ ਮਾਲਕ ਬਣਾ ਦਿੱਤਾ ਗਿਆ। ਸ੍ਰੀ ਗੁਰੂ ਨਾਨਕ ਸਾਹਿਬ ਜੀ ਵੱਲੋਂ ਅਰੰਭੇ ਮੁਕੰਮਲ ਇਨਕਲਾਬ ਦਾ ੧ ਵੈਸਾਖ ੧੭੫੬ ਬਿਕ੍ਰਮੀ ਨੂੰ ਖਾਲਸਾ ਪੰਥ ਦੀ ਸਾਜਨਾ ਤੋਂ ਬਾਅਦ ਇਹ ਦੂਸਰਾ ਕ੍ਰਿਸ਼ਮਾ ਸੀ। ਫੈਸਲੇ ਅਨੁਸਾਰ ਰਾਜ ਪ੍ਰਬੰਧ ਨੂੰ ਸਹੀ ਰੂਪ ਵਿਚ ਚਲਾਉਣ ਹਿੱਤ ਬਾਬਾ ਬਾਜ ਸਿੰਘ ਨੂੰ ਸਰਹਿੰਦ ਦਾ ਗਵਰਨਰ ਅਤੇ ਬਾਬਾ ਆਲੀ ਸਿੰਘ ਸਲੌਦੀ ਨੂੰ ਡਿਪਟੀ ਗਵਰਨਰ ਥਾਪਿਆ ਗਿਆ। ਸਮਾਣੇ ਦਾ ਗਵਰਨਰ ਸ. ਫਤਿਹ ਸਿੰਘ ਨੂੰ ਨਿਯੁਕਤ ਕੀਤਾ ਗਿਆ।

ਸਰਹਿੰਦ 'ਤੇ ਮੁਕੰਮਲ ਕਬਜ਼ਾ ਕਰਨ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਮਲੇਰਕੋਟਲੇ ਵੱਲ ਵਧੇ। ਮਲੇਰਕੋਟਲੇ ਦੇ ਹਾਕਮਾਂ ਵੱਲੋਂ ਬਾਬਾ ਜੀ ਦਾ ਮੁਕਾਬਲਾ ਨਾ ਕਰਨ ਅਤੇ ਅਧੀਨਗੀ ਮੰਨ ਲੈਣ ਕਾਰਨ ਇਸ ਸ਼ਹਿਰ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਗਿਆ। ਬਾਬਾ ਜੀ ਨੇ ਬੀਬੀ ਅਨੂਪ ਕੌਰ, ਜੋ ਨਵਾਬ ਮਲੇਰਕੋਟਲਾ ਦੇ ਜ਼ੁਲਮ ਦਾ ਸ਼ਿਕਾਰ ਹੋਣ ਕਾਰਨ ਸ਼ਹੀਦ ਹੋ ਗਈ ਸੀ, ਦੀ ਲਾਸ਼ ਬਰਾਮਦ ਕਰ ਕੇ ਸਿੱਖ ਮਰਯਾਦਾ ਅਨੁਸਾਰ ਆਪਣੇ ਹੱਥੀਂ ਸਸਕਾਰ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਬਜਾਏ ਲੋਹਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ ਤੇ ਆਪਣੀਆਂ ਅਗਲੀਆਂ ਮੁਹਿੰਮਾਂ ਦਾ ਆਧਾਰ ਕੇਂਦਰ ਬਣਾਇਆ। ਜਿਸ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਕਿਲ੍ਹੇ ਉੱਤੇ ਕਬਜ਼ਾ ਕੀਤਾ ਤਾਂ ਇਹ ਬੜੀ ਟੁੱਟੀ-ਭੱਜੀ ਹਾਲਤ ਵਿਚ ਸੀ, ਛੇਤੀ ਹੀ ਇਸ ਦੀ ਮੁਰੰਮਤ ਕੀਤੀ ਗਈ।

ਸਰਹਿੰਦ ਦਾ ਖ਼ਜ਼ਾਨਾ, ਸਾਰੀਆਂ ਮੁਹਿੰਮਾਂ ਵਿਚ ਪ੍ਰਾਪਤ ਹੋਏ ਮਾਲ-ਅਸਬਾਬ ਤੇ ਜੰਗੀ ਸਾਮਾਨ ਤੋਂ ਇਲਾਵਾ ਕਬਜ਼ੇ ਹੇਠ ਆਏ ਇਲਾਕਿਆਂ ਤੋਂ ਉਗਰਾਹਿਆ ਹੋਇਆ ਮਾਮਲਾ ਆਦਿ ਸਭ ਇੱਥੇ ਇਕੱਠੇ ਕੀਤੇ ਗਏ। ਅਸਲੀ ਅਰਥਾਂ ਵਿਚ ਲੋਹਗੜ੍ਹ ਸਿੰਘਾਂ ਦੇ ਨਵੇਂ ਬਣ ਰਹੇ ਰਾਜ ਦੀ ਰਾਜਧਾਨੀ ਬਣ ਗਿਆ। ਫ਼ੌਜੀ ਨਜ਼ਰੀਏ ਤੋਂ ਇਸ ਜਗ੍ਹਾ ਦੀ ਚੋਣ ਕਾਫ਼ੀ ਬੁੱਧੀਮਾਨੀ ਵਾਲੀ ਸੀ, ਕਿਉਂਕਿ ਸੁਰੱਖਿਆ ਪੱਖੋਂ ਇਹ ਮੁੱਖ ਮਾਰਗ ਤੋਂ ਹਟ ਕੇ ਨੀਮ ਪਹਾੜੀ ਇਲਾਕੇ ਨਾਲ ਲੱਗਣ ਕਰਕੇ ਕਾਫ਼ੀ ਸੁਰੱਖਿਅਤ ਸੀ। ਬਾਬਾ ਬੰਦਾ ਸਿੰਘ ਬਹਾਦਰ ਹੁਣ ਪਹਿਲਾ ਸਿੱਖ ਬਾਦਸ਼ਾਹ ਬਣ ਗਿਆ ਸੀ। ਉਸ ਦੇ ਕੋਲ ਸ਼ਰਧਾਲੂ ਸਿੰਘਾਂ ਦੀ ਫ਼ੌਜ ਵੀ ਹੋ ਗਈ ਸੀ। ਰਾਜ-ਕਾਜ ਲਈ ਰਾਜਧਾਨੀ ਵੀ ਤੇ ਰਹਿਣ ਲਈ ਮਹਿਲ ਵੀ। ਇਹ ਸੰਸਾਰ ਅੰਦਰ ਅਤੇ ਇਸ ਧਰਤੀ ਉੱਤੇ ਪਹਿਲੇ ਸਿੱਖ ਰਾਜ ਦੀ ਸਥਾਪਨਾ ਹੋ ਗਈ ਸੀ। ਉਸ ਨੇ ਰਾਜ ਦੀ ਸਦੀਵੀ ਪੱਕੀ ਨਿਸ਼ਾਨੀ ਲਈ ਸ੍ਰੀ ਗੁਰੂ ਨਾਨਕ ਦੇਵ ਜੀ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਦਾ ਸਿੱਕਾ ਵੀ ਜਾਰੀ ਕਰ ਦਿੱਤਾ, ਜਿਸ 'ਤੇ ਫ਼ਾਰਸੀ ਦੇ ਹੇਠ ਲਿਖੇ ਸ਼ਬਦ ਉੱਕਰੇ ਹੋਏ ਸਨ:

*"ਸਿੱਕਾ ਜ਼ਦ ਬਰ ਹਰ ਦੋ ਆਲਮ ਤੇਗ਼ਿ ਨਾਨਕ ਵਾਹਿਬ ਅਸਤ।*
*ਫ਼ਤਿਹ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ ਫ਼ਜਲਿ ਸੱਚਾ ਸਾਹਿਬ ਅਸਤ।"*

ਜਿਸ ਦਾ ਅਰਥ ਹੈ:

*ਸਿੱਕਾ ਮਾਰਿਆ ਦੋ ਜਹਾਨ ਉੱਤੇ,*
*ਬਖ਼ਸ਼ਾਂ ਬਖ਼ਸ਼ੀਆਂ ਨਾਨਕ ਦੀ ਤੇਗ ਨੇ ਜੀ।*
*ਫਤਿਹ ਸ਼ਾਹਿ ਸ਼ਾਹਾਨ ਗੋਬਿੰਦ ਸਿੰਘ ਦੀ,*
*ਮਿਹਰਾਂ ਕੀਤੀਆਂ ਸੱਚੇ ਰੱਬ ਏਕ ਨੇ ਜੀ।*

ਬਾਦਸ਼ਾਹੀ ਸਿੱਕਿਆਂ ਦੀ ਤਰ੍ਹਾਂ ਇਸ ਦੇ ਪਿਛਲੇ ਪਾਸੇ ਰਾਜਧਾਨੀ ਦੀ ਉਸਤਤਿ ਦੇ ਇਹ ਸ਼ਬਦ ਸਨ: *ਜ਼ਰਬ ਬ-ਅਮਾਨੁ-ਦਹਿਰ, ਮੁਸੱਵਰਤ ਸ਼ਹਿਰ, ਜੀਨਤੁ-ਤਖ਼ਤ, ਮੁਬਾਰਕ ਬਖ਼ਤ।*

ਅਰਥਾਤ: ਜਾਰੀ ਹੋਇਆ ਸੰਸਾਰ ਦੇ ਸ਼ਾਂਤੀ-ਅਸਥਾਨ, ਸ਼ਹਿਰਾਂ ਦੀ ਮੂਰਤਿ, ਧੰਨਭਾਗੀ ਰਾਜਧਾਨੀ ਤੋਂ।

ਬਾਬਾ ਬੰਦਾ ਸਿੰਘ ਬਹਾਦਰ ਨੇ ਸਰਕਾਰੀ ਦਸਤਾਵੇਜ਼, ਸਨਦਾਂ, ਪ੍ਰਵਾਨਿਆਂ ਆਦਿ ਲਈ ਮੋਹਰ ਬਣਵਾਈ।

ਮੋਹਰ ਦੇ ਸ਼ਬਦ ਇਹ ਸਨ:-

*ਦੇਗ ਉ ਤੇਗ ਉ ਫ਼ਤਿਹ ਉ ਨੁਸਰਤ ਬੇ-ਦਰੰਗ*

*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ*

ਅਰਥਾਤ- ਦੇਗ ਤੇਗ ਜਿੱਤ ਸੇਵ ਨਿਰਾਲਮ,
ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ।

ਮੁਗ਼ਲ ਬਾਦਸ਼ਾਹਾਂ ਦੇ ਸੰਨਿ-ਜਲੂਸ ਦੀ ਅਰਥਾਤ ਰਾਜ-ਸੰਮਤ ਦੀ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਵੀ ਸਰਹਿੰਦ ਦੀ ਫਤਿਹ ਤੋਂ ਇਕ ਨਵਾਂ ਸੰਮਤ ਨਾਨਕਸ਼ਾਹੀ ਅਰੰਭ ਕੀਤਾ ਜੋ ਉਸ ਦੇ ਰਾਜ ਦੇ ਅੰਤ ਦੇ ਨਾਲ ਹੀ ਉਨ੍ਹਾਂ ਵੱਲੋਂ ਚਲਾਏ ਸਿੱਕੇ ਅਦਾਲਤੀ ਮੋਹਰ ਅਤੇ ਹੋਰ ਨਿਸ਼ਾਨੀਆਂ ਵਾਂਗ ਸਮਾਪਤ ਹੋ ਗਿਆ। ਉਸ ਨੇ ਇਹ ਸਭ ਕੁਝ ਮੁਗ਼ਲ ਬਾਦਸ਼ਾਹ ਦੀ ਬਰਾਬਰੀ ਦੇ ਤੌਰ ’ਤੇ ਇਸ ਲਈ ਕੀਤਾ ਕਿ ਲੋਕਾਂ ਵਿੱਚੋਂ ਲੰਮੇ ਸਮੇਂ ਦੀ ਦੂਹਰੀ ਗ਼ੁਲਾਮੀ ਕਾਰਨ ਪੈਦਾ ਹੋਈ ਹੀਣ ਭਾਵਨਾ ਖਤਮ ਹੋਵੇ ਅਤੇ ਉਨ੍ਹਾਂ ਅੰਦਰ ਅਜ਼ਾਦੀ ਦਾ ਅਹਿਸਾਸ ਪੈਦਾ ਹੋ ਜਾਵੇ ਕਿ ਉਹ ਕਿਸੇ ਨਾਲੋਂ ਘੱਟ ਨਹੀਂ ਹਨ। ਫ਼ਰਕ ਇੰਨਾ ਹੈ ਕਿ ਮੁਗ਼ਲ ਬਾਦਸ਼ਾਹ ਦੇ ਸਿੱਕੇ, ਰਾਜਧਾਨੀ, ਮੋਹਰਾਂ ਬਾਦਸ਼ਾਹ ਦੇ ਨਾਂ ’ਤੇ ਚੱਲਦੇ ਸਨ, ਪਰ ਖਾਲਸੇ ਦਾ ਰਾਜ ਨੇਤਾ ਬਾਬਾ ਬੰਦਾ ਸਿੰਘ ਆਪਣੇ ਨਿੱਜੀ ਨਾਂ ’ਤੇ ਕੁਝ ਨਹੀਂ ਕਰਦਾ ਸੀ। ਉਹ ਰਾਜ ਦੀ ਪ੍ਰਾਪਤੀ ਵਾਹਿਗੁਰੂ ਦੀ ਮਿਹਰ ਨਾਲ ਸ੍ਰੀ ਗੁਰੂ ਨਾਨਕ ਸਾਹਿਬ, ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਬਖ਼ਸ਼ਿਸ਼ ਮੰਨਦਾ ਹੈ ਤੇ ਆਪ ਦੇਗ ਤੇ ਤੇਗ਼ ਰਾਹੀਂ ਕੇਵਲ ਸੇਵਾਦਾਰ ਹੈ। ਉਸ ਲਈ ਬਖ਼ਸ਼ਿਸ਼ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਹੈ। ਫਤਿਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੇ ਪਾਤਸ਼ਾਹੀ ਅਕਾਲ ਪੁਰਖ ਦੀ ਹੈ। (ਪੁਸਤਕ *ਬੰਦਾ ਸਿੰਘ ਬਹਾਦਰ* ਰਚਨਾ ਡਾ. ਗੰਡਾ ਸਿੰਘ, ਸਫ਼ਾ ੩੯-੪੧)

ਜਿੱਤਾਂ ਦਾ ਸਿਲਸਿਲਾ ਜਾਰੀ ਰੱਖਦਿਆਂ ਬਾਬਾ ਬੰਦਾ ਸਿੰਘ ਬਹਾਦਰ ਨੇ ਜੁਲਾਈ ੧੭੧੦ ਈ. ਵਿਚ ਗੰਗਾ ਤੇ ਜਮਨਾ ਦੇ ਮੈਦਾਨੀ ਇਲਾਕਿਆਂ ’ਤੇ ਕਬਜ਼ਾ ਕਰ ਲਿਆ। ਮਾਝੇ ਤੇ ਦੁਆਬੇ ਦੇ ਸਿੱਖ ਉੱਠ ਖੜ੍ਹੇ ਹੋਏ। ਅਕਤੂਬਰ ੧੭੧੦ ਈ. ਤਕ ਕਿਲ੍ਹਾ ਭਗਵੰਤ ਰਾਏ ਤੇ ਭੀਲੋਵਾਲ ਭੀ ਸਿੱਖ ਫੌਜਾਂ ਦੇ ਕਬਜ਼ੇ ਵਿਚ ਆ ਗਏ। ਭਾਵੇਂ ਜਿੱਤੇ ਇਲਾਕਿਆਂ ਦੇ ਨਵੇਂ ਪ੍ਰਬੰਧਕ ਨਿਯੁਕਤ ਕੀਤੇ ਜਾਂਦੇ ਸਨ ਜੋ ਅਖੌਤੀ ਦਲਿਤ ਜਾਤੀਆਂ ਅਤੇ ਕਿਰਤੀਆਂ ਵਿੱਚੋਂ ਹੀ ਹੁੰਦੇ ਸਨ। ਕਮਾਲ ਇਸ ਗੱਲ ਦੀ ਸੀ ਕਿ ਜਦੋਂ ਇਹ ਨਵੇਂ ਨਿਯੁਕਤ ਪ੍ਰਬੰਧਕ ਆਪਣੇ ਇਲਾਕਿਆਂ, ਪਿੰਡਾਂ ਅਤੇ ਕਸਬਿਆਂ ਵਿਚ ਜਾਂਦੇ ਸਨ ਤਾਂ ਅਖੌਤੀ ਉੱਚ ਸ਼੍ਰੇਣੀਆਂ ਦੇ ਲੋਕ ਕਤਾਰਾਂ ਬੰਨ੍ਹ ਕੇ ਦੋਨੋਂ ਹੱਥ ਜੋੜ ਕੇ ਇਨ੍ਹਾਂ ਦਾ ਸੁਆਗਤ ਕਰਦੇ ਸਨ ਅਤੇ ਇਨ੍ਹਾਂ ਪ੍ਰਬੰਧਕਾਂ ਦਾ ਹੁਕਮ ਉਨ੍ਹਾਂ ਲਈ ਇਕ ਤਰ੍ਹਾਂ ਨਾਲ ਇਲਾਹੀ ਹੁਕਮ ਹੀ ਸੀ। ਇਹ ਉਹੀ ਦਲਿਤ ਅਤੇ ਕਿਰਤੀ ਸਨ ਜਿਨ੍ਹਾਂ ਨੂੰ ਇਹ ਅਖੌਤੀ ਉੱਚ ਸ਼੍ਰੇਣੀਆਂ ਵਾਲੇ ‘ਅਛੂਤ’ ਕਹਿ ਕੇ

ਨਫਰਤ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਨਕਲਾਬੀ ਮਿਸ਼ਨ ਦਾ ਇਹ ਇਕ ਹੈਰਾਨੀਕੁੰਨ ਮੁਕਾਮ ਸੀ। ਸਿੱਖਾਂ ਦੀ ਚੜ੍ਹਤ ਨੇ ਹਿੰਦੋਸਤਾਨ ਦੇ ਬਾਦਸ਼ਾਹ ਬਹਾਦਰ ਸ਼ਾਹ ਨੂੰ ਭੈ-ਭੀਤ ਕਰ ਦਿੱਤਾ। ਉਸ ਨੇ ਸਿੱਖਾਂ ਕੋਲੋਂ ਜਿੱਤਿਆ ਹੋਇਆ ਇਲਾਕਾ ਲੈਣ ਲਈ ਆਪ ਪੰਜਾਬ ਵੱਲ ਕੂਚ ਕੀਤਾ। ਹਾਲਾਤ ਅਨੁਸਾਰ ਸਿੱਖਾਂ ਨੂੰ ਪਿੱਛੇ ਹਟਣਾ ਪਿਆ। ਬਾਬਾ ਬੰਦਾ ਸਿੰਘ ਬਹਾਦਰ ਸਮੇਤ ਸਿੱਖ ਲੋਹਗੜ੍ਹ ਦੇ ਕਿਲ੍ਹੇ ਵਿਚ ਆ ਟਿਕੇ। ਸ਼ਾਹੀ ਸੈਨਾ ਨੇ ਕਿਲ੍ਹੇ ਨੂੰ ਘੇਰ ਲਿਆ ਤੇ ਬਾਬਾ ਬੰਦਾ ਸਿੰਘ ਬਹਾਦਰ ਪਿੱਛੇ ਹਟ ਕੇ ਪਹਾੜਾਂ ਵੱਲ ਚਲੇ ਗਏ। ਇਸੇ ਦੌਰਾਨ ਪੰਥ-ਦੋਖੀ ਪਹਾੜੀ ਰਾਜੇ ਭੀਮ ਚੰਦ ਨੂੰ ਜਾ ਸੋਧਿਆ।

੧੮ ਫਰਵਰੀ, ੧੭੧੨ ਈ. ਨੂੰ ਬਹਾਦਰ ਸ਼ਾਹ ਦੀ ਮੌਤ ਹੋ ਗਈ। ਦਿੱਲੀ ਦਾ ਬਾਦਸ਼ਾਹ ਫ਼ਰੁੱਖਸੀਅਰ ਇਕ ਕਮਜ਼ੋਰ ਪਰ ਜ਼ਾਲਮ ਬਾਦਸ਼ਾਹ ਸੀ। ਕਾਇਰ ਹਾਕਮ ਹਮੇਸ਼ਾਂ ਹੀ ਜ਼ਾਲਮ ਅਤੇ ਜ਼ੁਲਮੀ ਹੋਇਆ ਕਰਦਾ ਹੈ। ਨੀਤੀਵਾਨ ਅਤੇ ਗੁਣਵਾਨ ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਮੌਕੇ ਦਾ ਲਾਭ ਉਠਾਇਆ ਅਤੇ ਮੁੜ ਆਪਣੀ ਤਾਕਤ ਨੂੰ ਸੰਗਠਿਤ ਕੀਤਾ ਤੇ ਕਈ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ੧੭੧੨ ਈ. ਨੂੰ ਸਰਹਿੰਦ ਤੇ ਲੋਹਗੜ੍ਹ ਫਿਰ ਜਿੱਤ ਲਏ। ਬਟਾਲਾ ਤੇ ਕਲਾਨੌਰ ਨੂੰ ਜਿੱਤ ਕੇ ਸਮਸ਼ ਖਾਨ ਨੂੰ ਮਾਰ ਮੁਕਾਇਆ। ਅੰਤ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿਚ ਬਾਬਾ ਬੰਦਾ ਸਿੰਘ ਬਹਾਦਰ ਤੇ ਕਈ ਹੋਰ ਸਿੰਘ ਮੁਗ਼ਲ ਫ਼ੌਜ ਦੇ ਘੇਰੇ ਵਿਚ ਆ ਗਏ। ਇਹ ਘੇਰਾ ਅੱਠ ਮਹੀਨੇ ਤਕ ਜਾਰੀ ਰਿਹਾ। ਘੇਰਾ ਲੰਮਾ ਹੋਣ ਕਾਰਨ ਰਾਸ਼ਨ ਦੀ ਕਮੀ ਹੋਣ ਲੱਗੀ। ਸਿਪਾਹੀ ਭੁੱਖ ਤੇ ਪਿਆਸ ਦਾ ਸਾਹਮਣਾ ਕਰ ਰਹੇ ਸਨ। ਨਤੀਜੇ ਵਜੋਂ ਤਕਰੀਬਨ ੭੪੦ ਸਿੰਘ ਸੂਰਮਿਆਂ ਸਮੇਤ ਬਾਬਾ ਬੰਦਾ ਸਿੰਘ ਨੂੰ ਦਸੰਬਰ ੧੭੧੫ ਈ. ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਂਵ ਤਾਂ ਸਾਰਾ ਸਿੱਖ ਇਤਿਹਾਸ ਹੀ ਸ਼ਹੀਦੀਆਂ ਨਾਲ ਭਰਿਆ ਪਿਆ ਹੈ, ਪਰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਸਿੱਖ ਇਤਿਹਾਸ ਵਿਚ ਹੀ ਨਹੀਂ, ਸਗੋਂ ਸੰਸਾਰ ਦੇ ਸਮੁੱਚੇ ਇਤਿਹਾਸ ਵਿਚ ਹੀ ਲੂੰ-ਕੰਡੇ ਖੜ੍ਹੇ ਕਰਨ ਵਾਲੀ ਸ਼ਹੀਦੀ ਹੈ। ਬਾਬਾ ਬੰਦਾ ਸਿੰਘ ਬਹਾਦਰ ਨੂੰ ਉਨ੍ਹਾਂ ਦੇ ਸਾਥੀ ਸਿੰਘਾਂ ਸਮੇਤ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਜਾਇਆ ਗਿਆ। ਪਿੰਜਰੇ ਵਿਚ ਬੰਦ ਬਾਬਾ ਬੰਦਾ ਸਿੰਘ ਬਹਾਦਰ ਤੋਂ ਅਜੇ ਵੀ ਮੁਗ਼ਲ ਫੌਜੀਆਂ ਨੂੰ ਭੈਅ ਆ ਰਿਹਾ ਸੀ। ਦਿੱਲੀ ਪਹੁੰਚ ਕੇ ਉਨ੍ਹਾਂ ਨੂੰ ਕੈਦ ਕਰ ਦਿੱਤਾ ਗਿਆ। ਤਸੀਹੇ ਦਿੱਤੇ ਗਏ ਅਤੇ ਅੰਤ ੫ ਮਾਰਚ, ੧੭੧੬ ਈ. ਨੂੰ ਸਿੰਘਾਂ ਦਾ ਕਤਲ-ਏ-ਆਮ ਸ਼ੁਰੂ ਹੋਇਆ। ਤਕਰੀਬਨ ੧੦੦ ਸਿੰਘਾਂ ਨੂੰ ਰੋਜ਼ਾਨਾ ਕਤਲ(ਸ਼ਹੀਦ) ਕੀਤਾ ਜਾਂਦਾ। ਸਿੰਘ ਅਜਿੱਤ ਭਾਵਨਾ ਨਾਲ ਮੌਤ ਨੂੰ ਜੀ ਆਇਆਂ

ਕਹਿੰਦੇ, ਖਿੜੇ ਚਿਹਰੇ ਨਾਲ ਸ਼ਹੀਦ ਹੁੰਦੇ ਰਹੇ।

ਜਦੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਸਾਥੀ ਸਿੰਘਾਂ ਨੂੰ ੧੦੦-੧੦੦ ਕਰ ਕੇ ਹਰ ਰੋਜ਼ ਸ਼ਹੀਦ ਕੀਤਾ ਜਾ ਰਿਹਾ ਸੀ ਤਾਂ ਉਸ ਸਮੇਂ ਮੌਤ ਦਾ ਡਰ ਅਤੇ ਖੌਫ਼ ਮਨ ਵਿੱਚੋਂ ਕੱਢ ਕੇ ਆਪਣੇ ਧਰਮ ਉੱਤੇ ਪੂਰਾ ਪਹਿਰਾ ਦੇਣ ਵਾਲੇ ਇਕ ਅੱਲੜ੍ਹ ਉਮਰ ਦੇ ਨੌਜਵਾਨ ਲੜਕੇ ਦੀ ਕਹਾਣੀ ਇਸ ਤਰ੍ਹਾਂ ਹੈ- ਕੈਦੀ ਸਿੰਘਾਂ ਦੇ ਜਥੇ ਵਿੱਚੋਂ ਇਕ ਕਿਸ਼ੋਰ ਅਵਸਥਾ ਦੇ ਨੌਜਵਾਨ ਨੂੰ ਉਸ ਦੀ ਮਾਤਾ ਵੱਲੋਂ ਬਾਦਸ਼ਾਹ ਫ਼ਰੁੱਖਸੀਅਰ ਪਾਸੋਂ ਇਹ ਫਰਿਆਦ ਕਰ ਕੇ ਕਿ ਉਸ ਦਾ ਪੁੱਤਰ "ਗੁਰੂ ਕਾ ਸਿੱਖ" ਨਹੀਂ ਹੈ, ਉਸ ਦੀ ਰਿਹਾਈ (ਬੰਦ ਖਲਾਸੀ) ਦਾ ਹੁਕਮ ਜਾਰੀ ਕਰਵਾ ਕੇ ਸੰਬੰਧਿਤ ਕੋਤਵਾਲ ਨੂੰ ਪਹੁੰਚਾ ਦਿੱਤਾ ਗਿਆ, ਪਰੰਤੂ ਉਸ ਨੌਜਵਾਨ, ਜੋ ਜਵਾਨੀ ਵਿਚ ਪ੍ਰਵੇਸ਼ ਹੀ ਕਰ ਰਿਹਾ ਸੀ ਅਤੇ ਉਸ ਦਾ ਵਿਆਹ ਤਾਜ਼ਾ ਹੀ ਹੋਇਆ ਹੈ, ਨੇ ਪੂਰੀ ਦ੍ਰਿੜ੍ਹਤਾ ਨਾਲ ਕਿਹਾ ਕਿ ਉਸ ਦੀ ਮਾਤਾ ਝੂਠ ਬੋਲਦੀ ਹੈ, ਉਹ ਤਾਂ ਪੱਕਾ "ਗੁਰੂ ਕਾ ਸਿੱਖ" ਹੈ। ਉਸ ਨੇ ਇੱਥੋਂ ਤਕ ਵੀ ਕਹਿ ਦਿੱਤਾ ਕਿ ਉਹ ਉਸ ਦੀ ਮਾਤਾ ਹੀ ਨਹੀਂ ਹੈ। ਨਤੀਜੇ ਵਜੋਂ ਉਸ ਨੌਜਵਾਨ ਨੂੰ ਵੀ ਬਾਕੀ ਸਿੰਘਾਂ ਦੇ ਨਾਲ ਹੀ ਸ਼ਹੀਦ ਕਰ ਦਿੱਤਾ ਗਿਆ ਅਤੇ ਉਸ ਨੇ ਸਿੰਘ-ਸ਼ਹੀਦਾਂ ਦੀ ਲੰਮੀ ਲੜੀ ਵਿਚ ਆਪਣਾ ਨਾਮ ਲਿਖਵਾ ਕੇ ਇਤਿਹਾਸ ਵਿਚ ਨਵਾਂ ਅਧਿਆਇ ਜੋੜ ਦਿੱਤਾ। ਇਸ ਤਰ੍ਹਾਂ ਉਸ ਨੇ ਆਪਣੇ ਨਾਸ਼ਵਾਨ ਸਰੀਰ ਦਾ ਮੋਹ ਤਿਆਗ ਕੇ *ਕਬੀਰ ਮੁਹਿ ਮਰਨੇ ਕਾ ਚਾਉ ਹੈ* ਦੀ ਭਾਵਨਾ ਵਿਚ ਪਰਪੱਕ ਰਹਿੰਦਿਆਂ "ਧਰਮ ਨਹੀਂ ਹਾਰਿਆ" ਸਗੋਂ ਧਰਮ, ਅਸੂਲ, ਸਿਧਾਂਤ, ਗੌਰਵ, ਅਣਖ, ਦੇਸ਼ ਪਿਆਰ ਅਤੇ ਸੁਤੰਤਰਤਾ ਖਾਤਰ ਆਪਣੀ ਕੁਰਬਾਨੀ ਦਿੱਤੀ।

ਦੁਨੀਆ ਦੇ ਇਤਿਹਾਸ ਵਿਚ ਅਜਿਹੀਆਂ ਅਨੋਖੀਆਂ ਅਤੇ ਮਨੁੱਖੀ ਅਕਲ ਨੂੰ ਦੰਗ ਕਰ ਦੇਣ ਵਾਲੀਆਂ ਘਟਨਾਵਾਂ ਸ਼ਾਇਦ ਹੀ ਹੋਰ ਕਿਧਰੇ ਹੋਈਆਂ ਹੋਣ। ਇਹੋ 'ਗੁਰਮਤਿ ਸੱਭਿਆਚਾਰ' ਦੀ ਵਿਲੱਖਣਤਾ ਹੈ। ਇਹ ਮੌਤ ਨਾਲ ਜੂਝਦਿਆਂ ਉਸ ਉੱਤੇ ਫਤਿਹ ਹਾਸਲ ਕਰਨ ਦੀ ਖੇਡ ਹੈ ਜੋ ਖਾਲਸਾ ਪੰਥ ਅੰਦਰ ਨਿਰਾਲੀ ਹੈ। ਇਹ ਖਾਲਸਾ ਪੰਥ ਨੇ ਉਸ ਦੇਸ਼ ਵਿਚ ਕਰ ਵਿਖਾਇਆ ਜਿਸ ਦੀ ਹਾਲਤ ਵਾਰ-ਵਾਰ ਦੇ ਵਿਦੇਸ਼ੀ ਹਮਲਿਆਂ ਨੇ *ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥ ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥* ਵਾਲੀ ਸੀ।

ਤਕਰੀਬਨ ਤਿੰਨ ਮਹੀਨੇ ਤਕ ਅੰਤਾਂ ਦਾ ਜਬਰ, ਜ਼ੁਲਮ, ਤਸ਼ੱਦਦ ਅਤੇ ਤਸੀਹੇ ਦੇਣ ਤੋਂ ਬਾਅਦ ਵੀ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਜ਼ਾਲਮਾਂ ਦੀ ਈਨ ਨਾ ਮੰਨੀ ਅਰਥਾਤ ਦੀਨ ਮੁਹੰਮਦੀ ਕਬੂਲ ਨਾ ਕੀਤਾ ਤਾਂ ੯ ਜੂਨ, ੧੭੧੬ ਈ. ਨੂੰ

ਬਾਬਾ ਬੰਦਾ ਸਿੰਘ ਬਹਾਦਰ ਨੂੰ ਤੇ ਉਨ੍ਹਾਂ ਦੇ ਚੋਣਵੇਂ ਸਾਥੀਆਂ ਨੂੰ ਕਿਲ੍ਹੇ ਤੋਂ ਬਾਹਰ ਲਿਆਂਦਾ ਗਿਆ ਤੇ ਜਲੂਸ ਦੀ ਸ਼ਕਲ ਵਿਚ ਕੁਤਬ ਮੀਨਾਰ ਦੇ ਨੇੜੇ ਖਵਾਜਾ ਕੁਤਬਦੀਨ ਬਖਤਿਆਰ ਕਾਕੀ ਦੇ ਰੋਜ਼ੇ ਪਾਸ ਪਹੁੰਚਾਇਆ ਗਿਆ। ਬਹੁਤ ਸਾਰੇ ਚਸ਼ਮਦੀਦ ਗਵਾਹਾਂ ਅਨੁਸਾਰ ਬਾਬਾ ਬੰਦਾ ਸਿੰਘ ਦੀ ਸ਼ਹਾਦਤ ਇਸ ਤਰ੍ਹਾਂ ਹੋਈ— ਇਸ ਸਥਾਨ ਉੱਤੇ ਬਾਦਸ਼ਾਹ ਫ਼ਰੁੱਖਸੀਅਰ ਖੁਦ ਆ ਕੇ ਬੈਠ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਹੀਦੀ ਜਾਮ ਪਿਲਾਉਣ ਤੋਂ ਪਹਿਲਾਂ ਉਨ੍ਹਾਂ ਨੂੰ ਉਨ੍ਹਾਂ ਦੇ ਬੇਟੇ ਨੂੰ ਕਤਲ ਕਰਨ ਦਾ ਡਰ ਦਿੱਤਾ ਗਿਆ। ਬਾਲਕ ਅਜੈ ਸਿੰਘ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਸਾਹਮਣੇ ਲਿਆ ਕੇ ਬਾਬਾ ਜੀ ਨੂੰ ਬੱਚੇ ਨੂੰ ਆਪਣੇ ਹੱਥੀਂ ਕਤਲ ਕਰਨ ਲਈ ਦਬਾਅ ਪਾਇਆ ਗਿਆ ਪਰੰਤੂ ਉਹ ਨਾ ਮੰਨੇ। ਅੰਤ ਤਕ ਉਹ ਦ੍ਰਿੜ੍ਹ ਰਹੇ। ਉਨ੍ਹਾਂ ਦੇ ਪੌਣੇ ਚਾਰ ਸਾਲ ਦੇ ਪੁੱਤਰ ਅਜੈ ਸਿੰਘ ਨੂੰ ਕਤਲ ਕਰ ਕੇ ਉਸ ਦਾ ਧੜਕਦਾ ਦਿਲ ਬਾਬਾ ਜੀ ਦੇ ਮੂੰਹ ਵਿਚ ਤੁੰਨਿਆ ਗਿਆ। ਉਨ੍ਹਾਂ ਦੇ ਪੁੱਤਰ ਦੀਆਂ ਆਂਦਰਾਂ ਕੱਢ ਕੇ ਉਨ੍ਹਾਂ ਦਾ ਹਾਰ ਬਾਬਾ ਬੰਦਾ ਸਿੰਘ ਬਹਾਦਰ ਦੇ ਗਲ ਵਿਚ ਪਾਇਆ ਗਿਆ। ਇਸ ਸਭ ਕੁਝ ਦੇ ਬਾਵਜੂਦ ਬਾਬਾ ਜੀ ਅਹਿੱਲ, ਅਡਿੱਗ, ਅਡੋਲ ਅਤੇ ਦ੍ਰਿੜ੍ਹ ਰਹੇ। ਬਾਬਾ ਜੀ ਅੰਤਲੇ ਸੁਆਸ ਤਕ ਆਪਣੇ ਗੁਰੂ ਪਿਤਾ ਅਤੇ ਧਰਮ ਵਿਚ ਸਿਦਕਦਿਲੀ ਨਾਲ ਦ੍ਰਿੜ੍ਹ ਰਹੇ। ਜਿਹੜੇ ਲੋਕ ਬਾਬਾ ਜੀ ਦੇ ਗੁਰੂ ਆਸ਼ੇ ਤੋਂ ਭਟਕ ਜਾਣ ਦਾ ਕੂੜ ਪ੍ਰਚਾਰ ਕਰ ਕੇ ਉਨ੍ਹਾਂ ਦੀ ਦੇਣ, ਕੁਰਬਾਨੀ ਅਤੇ ਸ਼ਹੀਦੀ ਨੂੰ ਛੁਟਿਆਉਣ ਦੀ ਕੋਝੀ ਸ਼ਰਾਰਤ ਕਰਦੇ ਹਨ ਇਹ ਉਨ੍ਹਾਂ ਦੇ ਮੂੰਹ ਉੱਤੇ ਇਕ ਕਰਾਰੀ ਚਪੇੜ ਹੀ ਹੈ। ਨਿਸਚੇ ਹੀ ਬਾਬਾ ਬੰਦਾ ਸਿੰਘ ਬਹਾਦਰ ਦੇ ਸਾਹਮਣੇ ਸਤਿਗੁਰਾਂ ਦਾ ਮਹਾਨ ਸਿਧਾਂਤ, *ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥* ਅਤੇ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਦੀ ਮਿਸਾਲ ਵੀ ਸਾਹਮਣੇ ਸੀ।

ਤਸ਼ੱਦਦ, ਜਬਰ ਅਤੇ ਜ਼ੁਲਮ ਦੇ ਸਾਰੇ ਹੀਲੇ ਫ਼ੇਲ ਹੋ ਜਾਣ ਉੱਤੇ ਬਾਦਸ਼ਾਹ ਫ਼ਰੁੱਖਸੀਅਰ ਦੇ ਹੁਕਮ ਅਨੁਸਾਰ ਜੱਲਾਦ ਨੇ ਉਨ੍ਹਾਂ ਦੀਆਂ ਅੱਖਾਂ ਕੱਢੀਆਂ, ਲਾਲ ਭਖਦੇ ਜੰਬੂਰਾਂ ਨਾਲ ਸਰੀਰ ਤੋਂ ਮਾਸ ਨੋਚਿਆ ਗਿਆ। ਫਿਰ ਬਾਬਾ ਬੰਦਾ ਸਿੰਘ ਦਾ ਇੱਕ ਹੱਥ ਕੱਟਿਆ ਗਿਆ। ਫਿਰ ਦੂਜਾ ਹੱਥ ਕੱਟਿਆ ਗਿਆ। ਉਪਰੰਤ ਇਸੇ ਤਰ੍ਹਾਂ ਪਹਿਲਾਂ ਇੱਕ ਪੈਰ ਕੱਟਿਆ ਗਿਆ ਅਤੇ ਫਿਰ ਦੂਜਾ ਪੈਰ ਕੱਟਿਆ ਗਿਆ।ਮਹਾਂਕਵੀ ਸ੍ਰੀ ਰਵਿੰਦਰ ਨਾਥ ਟੈਗੋਰ ਵੱਲੋਂ ਬੰਗਲਾ ਭਾਸ਼ਾ ਵਿਚ ਲਿਖੀ ਸ਼ਰਧਾਂਜਲੀ-ਨੁਮਾ ਕਵਿਤਾ ਦਾ ਪੰਜਾਬੀ ਅਨੁਵਾਦ ਇਸ ਤਰ੍ਹਾਂ ਹੈ:-

*ਬੋਟੀ ਬੋਟੀ ਕਰ ਦਿੱਤਾ ਗਿਆ,*

*ਬਲੀ ਯੋਧਾ ਸੀਅ ਨਾ ਆਖਦਿਆਂ।*
*ਦਰਬਾਰ ਵਿਚ ਹਾਜਰ ਦਰਬਾਰੀਆਂ ਅੱਖਾਂ ਮੁੰਦ ਲਈਆਂ।*
*ਦਰਬਾਰੀ ਸਾਰੇ ਦਰਬਾਰ ਦੇ ਡੂੰਘੀਆਂ ਸੋਚਾਂ ਵਿਚ ਡੁੱਬ ਗਏ।*

ਅੰਤ ਵਿਚ ਸਿਰ ਤੇ ਧੜ ਨੂੰ ਅਲੱਗ ਕਰ ਕੇ ਟੁੱਕੜੇ-ਟੁੱਕੜੇ ਕਰ ਦਿੱਤਾ ਗਿਆ। ਸਿੱਖਾਂ ਦਾ ਪਹਿਲਾ ਹੁਕਮਰਾਨ ਇਸ ਤਰ੍ਹਾਂ ਸ਼ਹੀਦ ਹੋ ਗਿਆ, ਪਰੰਤੂ ਉਸ ਨੇ ਧਰਮ ਨਹੀਂ ਹਾਰਿਆ। ਇਹ ਸ਼ਹੀਦੀ ਆਪਣੇ ਆਪ ਵਿਚ ਅਦੁੱਤੀ ਅਤੇ ਲਾਸਾਨੀ ਸੀ। ਇਹ ਗੌਰਵ, ਮਾਣ ਪਰ ਅਸਚਰਜਤਾ ਵਾਲੀ ਗੱਲ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਇਸ ਸਾਰੇ ਜ਼ੁਲਮ-ਸਿਤਮ ਦੌਰਾਨ ਪੂਰੀ ਤਰ੍ਹਾਂ ਅਹਿੱਲ ਅਤੇ ਅਡੋਲ ਰਹੇ। ਇਸ ਤਰ੍ਹਾਂ ਉਨ੍ਹਾਂ ਸਿੱਖ ਸ਼ਹੀਦੀ ਸਿਧਾਂਤ ਅਤੇ ਵਿਰਾਸਤ ਉੱਤੇ ਪੂਰਾ ਪਹਿਰਾ ਦਿੱਤਾ। ਉਹ ਸੱਚਮੁਚ ਹੀ ਗੁਰੂ ਸਾਹਿਬ ਦਾ 'ਹੁਕਮੀ ਬੰਦਾ' ਹੋ ਨਿਬੜਿਆ। ਬਾਬਾ ਬੰਦਾ ਸਿੰਘ ਬਹਾਦਰ ਦੀ ਲਾਸਾਨੀ ਅਤੇ ਅਦੁੱਤੀ ਸ਼ਹੀਦੀ ਨੇ ਸਿੱਖ ਸ਼ਹੀਦਾਂ ਦੇ ਇਤਿਹਾਸ ਵਿਚ ਇਕ ਨਵਾਂ ਅਧਿਆਇ ਜੋੜ ਦਿੱਤਾ।

ਜਿਸ ਤਰ੍ਹਾਂ ਉੱਪਰ ਦੱਸਿਆ ਗਿਆ ਹੈ ਕਿ ਬੰਗਾਲੀ ਮਹਾਂਕਵੀ ਸ੍ਰੀ ਰਵਿੰਦਰ ਨਾਥ ਟੈਗੋਰ ਵੀ ਬਾਬਾ ਬੰਦਾ ਸਿੰਘ ਬਹਾਦਰ ਦੀ ਅਦੁੱਤੀ ਬਹਾਦਰੀ, ਨਿਡਰਤਾ, ਦ੍ਰਿੜ੍ਹਤਾ, ਸਿਦਕਦਿਲੀ ਅਤੇ ਬੇਮਿਸਾਲ ਕੁਰਬਾਨੀ ਅਤੇ ਲਾਸਾਨੀ ਸ਼ਹੀਦੀ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਿਆ। ਉਹ ਵੀ ਆਪਣੀ ਬੰਗਲਾ ਭਾਸ਼ਾ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਆਪਣਾ ਹਾਰਦਿਕ ਖਿਰਾਜ਼-ਏ-ਅਕੀਦਤ ਪੇਸ਼ ਕਰਦੇ ਹਨ। ਜਿਸ ਦਾ ਸ. ਮਨੋਹਰ ਸਿੰਘ ਵੱਲੋਂ ਕੀਤਾ ਪੰਜਾਬੀ ਅਨੁਵਾਦ ਨਿਮਨ ਅਨੁਸਾਰ ਹੈ:-

*ਹੁਣ ਹੋਣੀ ਹੱਥ ਆ ਗਿਆ, ਬੰਦਾ ਸਿੰਘ ਮਹਾਨ,*
*ਉਸ ਦੇ ਨਿੱਕੇ ਬਾਲ ਨੂੰ, ਸਾਹਵੇਂ ਕੀਤਾ ਆਣ।*
*ਕਾਜ਼ੀ ਕਹਿੰਦਾ, ਸਿੰਘ ਜੀ, ਇਹ ਪਕੜੋ ਕਿਰਪਾਨ,*
*ਕੱਟੋ ਇਸ ਦੇ ਸੀਸ ਨੂੰ, ਇਹ ਸ਼ਾਹੀ ਫੁਰਮਾਨ।*

ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਪੁੱਤਰ ਨੂੰ ਖ਼ੁਦ ਕਤਲ ਕਰਨੋਂ ਠੋਕ ਕੇ ਜਵਾਬ ਦਿੱਤਾ ਤਾਂ ਕਾਜ਼ੀ ਕ੍ਰੋਧਵਾਨ ਹੋ ਗਿਆ। ਉਸ ਸਮੇਂ ਦਾ ਦ੍ਰਿਸ਼ ਮਹਾਂਕਵੀ ਟੈਗੋਰ ਜੀ ਇਉਂ ਬਿਆਨ ਕਰਦੇ ਹਨ:-

*ਕਾਜ਼ੀ ਹੋਇਆ ਕ੍ਰੋਧਵਾਨ, ਝੱਲ ਨ ਸਕਿਆ ਝਾਲ,*
*ਕੀਤਾ ਵਾਰ ਜਲਾਦ ਨੇ, ਤੜਫਣ ਲਗਾ ਬਾਲ,*
*ਸਫਲ ਨਾ ਤਾਂ ਵੀ ਹੋ ਸਕੀ, ਹੋਣੀ ਦੀ ਇਹ ਚਾਲ,*

*ਲੁੱਸ ਲੁੱਸ ਉਛਲਣ ਆਂਦਰਾਂ, ਧਰਤੀ ਲਾਲੋ ਲਾਲ,*
*ਲਿਖਿਆ ਏ ਇਤਿਹਾਸ ਵਿਚ ਬੰਦਾ ਰਿਹਾ ਅਹਿੱਲ,*
*ਕੋਹੇ ਹੋਏ ਉਸ ਬਾਲ ਦਾ, ਲੁੱਸ ਲੁੱਸ ਕਰਦਾ ਦਿਲ,*
*ਪਿਓ ਦੇ ਮੂੰਹ ਵਿਚ ਪਾਇਆ ਤਾਂ ਜੋ ਜਾਵੇ ਡੋਲ,*
*ਇਹ ਕਰੜੀ ਅਜ਼ਮਾਇਸ਼ ਸੀ, ਬੰਦਾ ਰਿਹਾ ਅਡੋਲ।*

ਇਸੇ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਦੀ ਦਰਦਨਾਕ ਅਤੇ ਦਿਲ-ਕੰਬਾਊ ਸ਼ਹੀਦੀ ਦਾ ਦਰਦਨਾਕ ਦ੍ਰਿਸ਼ ਵੀ ਮਹਾਂਕਵੀ ਟੈਗੋਰ ਇਉਂ ਬਿਆਨ ਕਰਦੇ ਹਨ:-

*ਐਸਾ ਭਿਆਨਕ ਦ੍ਰਿਸ਼ ਸੀ, ਵੇਖਣ ਵਾਲੇ ਕਹਿਣ,*
*ਨਾਲ ਜੰਬੂਰਾਂ ਨੋਚ ਕੇ, ਪਹਿਲਾਂ ਕੱਢੇ ਨੈਣ।*
*ਲਾਲ ਸਲਾਖਾਂ ਕੀਤੀਆਂ, ਇੱਕ ਇੱਕ ਅੰਗ ਜਲਾਣ,*
*ਫਤਿਹ ਬੁਲਾਈ ਸਿੰਘ ਨੇ, ਤਨ ਤੋਂ ਉੱਡੇ ਪ੍ਰਾਣ।*

ਬਾਬਾ ਬੰਦਾ ਸਿੰਘ ਬਹਾਦਰ ਦੀ ਦੇਸ਼, ਪੰਜਾਬ ਖਾਸ ਕਰ ਸਿੱਖਾਂ ਨੂੰ ਬਹੁਤ ਵੱਡੀ ਦੇਣ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖਾਂ ਅੰਦਰ ਸੁਤੰਤਰਤਾ, ਵੱਖਰੀ ਅਤੇ ਵਿਲੱਖਣ ਕੌਮ ਅਤੇ ਰਾਜ ਕਰਨ ਦੀ ਭਾਵਨਾ ਦਾ ਅਹਿਸਾਸ ਪੈਦਾ ਕਰ ਦਿੱਤਾ। ਕੁਝ ਖੇਤਰਾਂ ਵਿਚ ਉਨ੍ਹਾਂ ਦੇ ਪਾਏ ਹੋਏ ਪੂਰਨੇ ਅੱਜ ਤਕ ਅਪਣਾਏ ਜਾ ਰਹੇ ਹਨ। ਉਨ੍ਹਾਂ ਦਾ ਪਹਿਲਾ ਕੰਮ ਸਿਰਲੱਥ ਖਾਲਸਾ ਨੂੰ ਦਰਪੇਸ਼ ਹਾਲਾਤ ਦੇ ਮੱਦੇ-ਨਜ਼ਰ ਹੋਰ ਚੰਗੀ ਤਰ੍ਹਾਂ ਸੰਗਠਿਤ ਕਰਨਾ ਸੀ। ਫੌਜੀ ਜਰਨੈਲ ਦੇ ਤੌਰ 'ਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਟਾਕਰੇ ਦਾ ਹੋਰ ਕੋਈ ਵਿਅਕਤਿਤਵ ਮਿਲਣਾ ਅਤਿ ਮੁਸ਼ਕਲ ਹੈ। ਮਿਸਟਰ ਮੈਗਰੇਗਰ ਲਿਖਦਾ ਹੈ, "ਬੰਦਾ ਸਿੰਘ ਬਹਾਦਰ ਜਰਨੈਲਾਂ ਵਿਚ ਉੱਚੀ ਥਾਂ ਰੱਖਦਾ ਹੈ। ਉਸ ਦਾ ਨਾਮ ਪੰਜਾਬ ਤੇ ਪੰਜਾਬੋਂ ਬਾਹਰ ਮੁਗ਼ਲਾਂ ਵਿਚ ਦਹਿਸ਼ਤ ਫੈਲਾਉਣ ਲਈ ਕਾਫ਼ੀ ਸੀ।" ਸ੍ਰੀ ਗੋਕਲ ਚੰਦ ਨਾਰੰਗ ਅਨੁਸਾਰ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲਾਂ ਦੇ ਅਜਿੱਤ ਹੋਣ ਦਾ ਭਰਮ ਤੋੜਿਆ ਤੇ ਬਾਬਾ ਬੰਦਾ ਸਿੰਘ ਨੇ ਮੁਗ਼ਲਾਂ (ਜ਼ਾਲਮਾਂ) ਨੂੰ ਪੰਜਾਬ ਦੀ ਧਰਤੀ 'ਤੇ ਮਾਰ ਮੁਕਾਇਆ।"

ਉਨ੍ਹਾਂ ਨੇ ਪੰਜਾਬ ਦੇ ਵਾਹੀਕਾਰ ਕਿਸਾਨਾਂ ਨੂੰ ਭੋਇੰ ਦੇ ਮਾਲਕ ਬਣਾ ਦਿੱਤਾ। ਉਨ੍ਹਾਂ ਤੋਂ ਪਿੱਛੋਂ ਵੀ ਇਹ ਪ੍ਰਬੰਧ ਅੰਗਰੇਜ਼ਾਂ ਦੇ ਰਾਜ ਤਕ ਇਵੇਂ ਹੀ ਚੱਲਦਾ ਰਿਹਾ। ਉਨ੍ਹਾਂ ਨੇ ਪੰਜਾਬ ਵਿਚ ਰਾਜਨੀਤਿਕ ਜਾਗ੍ਰਿਤੀ ਲਿਆਉਣ ਦੇ ਨਾਲ-ਨਾਲ ਆਰਥਿਕ ਖੁਸ਼ਹਾਲੀ ਦਾ ਮੁੱਢ ਵੀ ਬੰਨ੍ਹ ਦਿੱਤਾ ਸੀ। ਉਨ੍ਹਾਂ ਨੇ ਪੰਜਾਬ ਵਿਚ ਇਕ ਵੱਡੀ ਕ੍ਰਾਂਤੀ ਲਿਆਂਦੀ ਸੀ। ਦੂਜਿਆਂ ਦੀਆਂ ਜ਼ਮੀਨਾਂ 'ਤੇ ਕੰਮ ਕਰਨ ਵਾਲੇ ਬੇਜ਼ਮੀਨੇ ਮੁਜਾਰੇ ਤੇ ਕਿਸਾਨਾਂ ਨੂੰ ਜ਼ਿਮੀਂਦਾਰ ਤੇ ਸਿੱਖ ਸਰਦਾਰ ਬਣਾ ਦਿੱਤਾ ਸੀ। ਇਸ ਪੱਖੋਂ ਵੀ

ਪੰਜਾਬ ਬਾਬਾ ਬੰਦਾ ਸਿੰਘ ਬਹਾਦਰ ਦੀ ਦੂਰ-ਦ੍ਰਿਸ਼ਟੀ ਤੇ ਡੂੰਘੀ ਸੋਚ ਨਾਲ ਦਿੱਤੀ ਉਨ੍ਹਾਂ ਦੀ ਦੇਣ ਦਾ ਸਦਾ ਕਰਜ਼ਦਾਰ ਰਹੇਗਾ।

ਇਸ ਤਰ੍ਹਾਂ ਸਾਰੀ ਕਥਾ ਵਾਰਤਾ ਵਿੱਚੋਂ ਇਹ ਸਪੱਸ਼ਟ ਹੋਇਆ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਧਰਤੀ ਉੱਤੇ ਭਾਰਤ ਦੇਸ਼ ਅੰਦਰ ਪਹਿਲੇ ਅਜ਼ਾਦ ਸਿੱਖ ਲੋਕ-ਰਾਜ ਦੀ ਸਥਾਪਨਾ ਕੀਤੀ। ਚਿਰਾਂ ਦੀ ਸਮਾਜਿਕ ਅਤੇ ਰਾਜਨੀਤਿਕ ਗ਼ੁਲਾਮੀ ਤੋਂ ਬਾਅਦ ਲੋਕਾਂ ਨੇ ਅਜ਼ਾਦੀ ਦੀ ਹਵਾ ਵਿਚ ਸਾਹ ਲਿਆ ਅਤੇ ਅਜ਼ਾਦੀ ਦਾ ਨਿੱਘ ਮਾਣਿਆ। ਰਾਜਨੀਤਿਕ ਵਿਉਂਤਬੰਦੀ ਅਨੁਸਾਰ ਹਰ ਇਲਾਕੇ ਦਾ ਪ੍ਰਬੰਧਕ ਨਿਯੁਕਤ ਕੀਤਾ। ਉਹ ਪ੍ਰਬੰਧਕ ਦੱਬੇ-ਕੁਚਲੇ ਲੋਕਾਂ ਵਿੱਚੋਂ ਹੀ ਹੁੰਦਾ ਸੀ। ਇਹ ਪਹਿਲੀ ਵਾਰ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਰਹਿਨੁਮਾਈ ਹੇਠ ਪੰਜਾਬ ਦੇ ਦੱਬੇ-ਕੁਚਲੇ ਲੋਕਾਂ ਨੇ ਰਾਜ-ਭਾਗ ਅਤੇ ਅਜ਼ਾਦੀ ਦਾ ਅਨੰਦ ਮਾਣਿਆ। ਇਤਿਹਾਸਕਾਰਾਂ ਨੇ ਠੀਕ ਹੀ ਲਿਖਿਆ ਹੈ ਕਿ ਇਹ ਭਾਰਤ ਦੀ ਧਰਤੀ ਉੱਤੇ ਦਲਿਤ ਅਤੇ ਕਿਰਤੀਆਂ ਦਾ ਇਨਕਲਾਬ ਸੀ। ਹੁਣ ਹੇਠਲੀ ਉੱਪਰ ਆ ਚੁੱਕੀ ਸੀ। ਬਾਬਾ ਬੰਦਾ ਸਿੰਘ ਬਹਾਦਰ ਦੇ ਤਹਿਤ ਵਿਚ ਤਕਰੀਬਨ ਛੇ ਸਾਲਾਂ ਲਈ ਜਿਹੜੇ ਇਲਾਕੇ ਆਏ ਸਨ ਉਨ੍ਹਾਂ ਇਲਾਕਿਆਂ ਵਿਚ ਪੂਰਨ ਧਾਰਮਿਕ ਅਜ਼ਾਦੀ ਸੀ। ਕਿਸੇ ਵੀ ਧਰਮ ਦੇ ਧਾਰਮਿਕ ਚਿੰਨ੍ਹ ਜਾਂ ਧਾਰਮਿਕ ਸਥਾਨ ਨਾਲ ਕੋਈ ਛੇੜ-ਛਾੜ ਨਹੀਂ ਕੀਤੀ ਗਈ। ਸਗੋਂ ਪੂਰੀ ਸੁਰੱਖਿਆ ਪ੍ਰਦਾਨ ਕੀਤੀ। ਸਰਹਿੰਦ ਸ਼ਹਿਰ ਦੀ ਹਦੂਦ ਅੰਦਰ ਇਸਲਾਮੀ ਮਤ ਦਾ ਮਰਕਜ਼ 'ਰੋਜ਼ਾ ਸ਼ਰੀਫ਼' ਨੂੰ ਬਿਲਕੁਲ ਨਾ ਛੇੜਿਆ ਜਾਣਾ ਇਹ ਧਰਮ ਨਿਰਪੱਖਤਾ ਦਾ ਸਬੂਤ ਹੈ। ਸੱਚਮੁਚ ਹੀ ਬਾਬਾ ਬੰਦਾ ਸਿੰਘ ਬਹਾਦਰ ਦਾ ਰਾਜ ਸਤਿਗੁਰਾਂ ਵੱਲੋਂ ਦਿੱਤੇ 'ਹਲੇਮੀ ਰਾਜ' ਦੇ ਸਿਧਾਂਤ ਉੱਤੇ ਪੂਰਾ ਉਤਰਦਾ ਹੈ। ਸਹੀ ਅਰਥਾਂ ਵਿਚ ਜੋ ਕਿ ਇਕ ਆਦਰਸ਼ਕ ਰਾਜ ਸੀ। ਗੁਰਮਤਿ ਵਿਚ ਜੋ ਰਾਜ ਦਾ ਸੰਕਲਪ ਦਿੱਤਾ ਗਿਆ ਹੈ ਉਹ ਐਸਾ ਰਾਜ ਹੈ ਜਿਸ ਵਿਚ ਨੰਗ, ਭੁੱਖ ਅਤੇ ਕੰਗਾਲੀ ਨਾ ਹੋਵੇ। ਜਿਸ ਵਿਚ ਹਰ ਮਨੁੱਖ ਨੂੰ ਆਪਣੇ ਅਕੀਦੇ ਅਨੁਸਾਰ ਆਪਣਾ ਧਰਮ ਪਾਲਣ ਦੀ ਖੁੱਲ ਹੋਵੇ। ਜਿਸ ਵਿਚ ਕੋਈ ਜੋਰ ਜਬਰ ਕਰ ਕੇ ਕਿਸੇ ਨੇਕ, ਸ਼ਰੀਫ਼ ਜਾਂ ਗ਼ਰੀਬ ਦਾ ਸ਼ੋਸ਼ਣ ਨਾ ਕਰੇ, ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਨਾ ਕਰੇ। ਜਿਸ ਰਾਜ ਵਿਚ ਧੀਆਂ-ਭੈਣਾਂ ਦੀ ਇੱਜ਼ਤ ਆਬਰੂ ਅਤੇ ਸੁਤੰਤਰਤਾ ਪੂਰੀ ਤਰ੍ਹਾਂ ਮਹਿਫੂਜ਼ ਹੋਵੇ। ਪੂਰੀ ਭਾਈਚਾਰਕ ਸਾਂਝ ਹੋਵੇ ਅਤੇ ਸਾਂਝੀਵਾਲਤਾ ਦਾ ਬੋਲਬਾਲਾ ਹੋਵੇ। ਭਗਤ ਰਵਿਦਾਸ ਜੀ ਦਾ 'ਬੇਗਮਪੁਰਾ ਸ਼ਹਿਰ' ਦਾ ਸਿਧਾਂਤ ਵੀ ਇਹੋ ਹੀ ਹੈ। ਗੁਰਵਾਕ ਹੈ:

*- ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨ ਕਿਸੈ ਰਞਾਣਦਾ॥*

*ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੪)*

*- ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥*

*ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ ੩੪੫)*

ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਲਿਖਦੇ ਹਨ ਕਿ ਬਾਬਾ ਬੰਦਾ ਸਿੰਘ ਬਹਾਦਰ ਮੁਸਲਮਾਨਾਂ ਜਾਂ ਇਸਲਾਮ ਦਾ ਵੈਰੀ ਨਹੀਂ ਸੀ। ਉਸ ਨੇ ਕਦੀ ਵੀ ਹਜ਼ਰਤ ਮੁਹੰਮਦ ਸਾਹਿਬ ਵਿਰੁੱਧ ਕੁਝ ਨਹੀਂ ਸੀ ਕਿਹਾ। ਹਾਲਾਂ ਕਿ ਸਮੇਂ ਦੇ ਬਾਦਸ਼ਾਹ ਬਹਾਦਰ ਸ਼ਾਹ ਨੇ ੧੦ ਦਸੰਬਰ, ੧੭੧੦ ਈ. ਨੂੰ ਸਿੰਘਾਂ ਵਿਰੁੱਧ ਹੁਕਮ ਜਾਰੀ ਕਰ ਦਿੱਤਾ ਸੀ ਕਿ ਜਿੱਥੇ ਕਿਧਰੇ ਵੀ ਕੋਈ ਸਿੰਘ ਦਿਸੇ ਜਾਂ ਮਿਲੇ ਉਸ ਨੂੰ ਫੌਰਨ ਕਤਲ ਕਰ ਦਿੱਤਾ ਜਾਵੇ। ਮਗਰੋਂ ਇਸੇ ਹੁਕਮ ਨੂੰ ਬਾਦਸ਼ਾਹ ਫ਼ਰੁੱਖਸੀਅਰ ਨੇ ਪੂਰੀ ਸਖਤੀ ਨਾਲ ਲਾਗੂ ਕੀਤਾ। ਇੱਥੇ ਇਹ ਵਰਣਨ ਕਰਨਾ ਵੀ ਸਾਰਥਕ ਹੋਵੇਗਾ ਕਿ ਬਾਦਸ਼ਾਹ ਔਰੰਗਜ਼ੇਬ ਦੇ ਦਿਹਾਂਤ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਦੇ ਬੇਟੇ ਸਹਿਜ਼ਾਦਾ ਮੁਹੰਮਦ ਮੁਅੱਜ਼ਮ ਦੀ ਸਿੰਘਾਂ ਨੂੰ ਭੇਜ ਕੇ ਤਖਤ ਪ੍ਰਾਪਤੀ ਲਈ ਮਦਦ ਕੀਤੀ ਸੀ। ਉਪਰੰਤ ਉਹ ਬਾਦਸ਼ਾਹ ਬਹਾਦਰ ਸ਼ਾਹ ਦੇ ਨਾਮ ਨਾਲ ਤਖਤ-ਨਸ਼ੀਨ ਹੋਇਆ। ਬਾਬਾ ਬੰਦਾ ਸਿੰਘ ਬਹਾਦਰ ਨੇ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਅਤੇ ਸਿੱਖ ਸਿਧਾਂਤ ਅਨੁਸਾਰ ਜ਼ਾਲਮ ਦੇ ਜ਼ੁਲਮ ਅਤੇ ਜਾਬਰ ਦੇ ਜਬਰ ਵਿਰੁੱਧ ਸਾਰਾ ਸੰਘਰਸ਼ ਕੀਤਾ। ਉਸ ਨੇ ਮੁਸਲਮਾਨਾਂ ਉੱਤੇ ਕੋਈ ਧਾਰਮਿਕ ਪਾਬੰਦੀਆਂ ਨਹੀਂ ਸਨ ਲਾਈਆਂ। ਮੁਸਲਮਾਨਾਂ ਨੂੰ ਆਪਣੀ ਇੱਛਾ ਅਤੇ ਧਾਰਮਿਕ ਮਰਯਾਦਾ ਅਨੁਸਾਰ ਨਮਾਜ਼ ਅਤੇ ਖੁਤਬਾ ਪੜ੍ਹਨ ਦੀ ਪੂਰੀ ਖੁੱਲ੍ਹ ਸੀ। ਉਨ੍ਹਾਂ ਦੇ ਧਾਰਮਿਕ ਅਸਥਾਨ ਪੂਰਨ ਰੂਪ ਵਿਚ ਸੁਰੱਖਿਅਤ ਸਨ। ਇਹੋ ਕਾਰਨ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਕਲਾਨੌਰ (ਜਿੱਥੇ ਬਾਦਸ਼ਾਹ ਅਕਬਰ ਦੀ ਤਾਜਪੋਸ਼ੀ ਹੋਈ ਸੀ) ਵਿਖੇ ੫੦੦੦ ਪੰਜ ਹਜ਼ਾਰ ਮੁਸਲਮਾਨ ਵੀ ਖਾਲਸਾ ਫੌਜਾਂ ਵਿਚ ਸ਼ਾਮਲ ਹੋ ਗਏ ਸਨ। ਬਾਬਾ ਬੰਦਾ ਸਿੰਘ ਬਹਾਦਰ ਪਾਸ ਤਾਂ ਸਤਿਗੁਰਾਂ ਵੱਲੋਂ ਬਖਸ਼ਿਸ਼, ਚੜ੍ਹਦੀ ਕਲਾ ਦਾ ਅਟੁੱਟ ਜਜ਼ਬਾ, ਗਰੀਬਾਂ ਮਜਲੂਮਾਂ, ਪੀੜਤਾਂ, ਦੁਖੀਆਂ ਦੀ ਸੇਵਾ ਅਤੇ ਸੁਰੱਖਿਆ ਕਰਨ ਦਾ ਜਜ਼ਬਾ ਸੀ ਜਿਸ ਲਈ ਉਨ੍ਹਾਂ ਅੰਦਰ ਧਰਮ ਯੁੱਧ ਲਈ ਪੂਰਾ ਚਾਅ ਸੀ। ਦੁਖਦਾਇਕ ਗੱਲ ਇਹ ਸੀ ਕਿ ਜਿਸ ਧਰਮ ਅਤੇ ਰਾਜ ਦੀ ਰੱਖਿਆ ਲਈ ਗੁਰੂ ਸਾਹਿਬਾਨ ਨੇ ਸਰਬੰਸ ਦੇ ਕੇ ਭਾਰੀ ਕੁਰਬਾਨੀਆਂ ਕੀਤੀਆਂ ਅਤੇ ਸ਼ਹੀਦੀਆਂ ਪਾਈਆਂ ਉਨ੍ਹਾਂ ਭਾਰਤੀ ਰਾਜਿਆਂ ਨੇ ਹੀ ਪਹਿਲਾਂ

ਭੰਗਾਣੀ ਦੇ ਯੁੱਧ ਵਿਚ ਫਿਰ ਨਦੌਣ ਦੇ ਯੁੱਧ ਵਿਚ ਅਤੇ ਫਿਰ ੧੭੦੪ ਈ. ਦੇ ਸ੍ਰੀ ਅਨੰਦਪੁਰ ਸਾਹਿਬ ਦੇ ਯੁੱਧ ਵਿਚ ਗੁਰੂਕਿਆਂ ਦਾ ਵਿਰੋਧ ਕਰਦਿਆਂ ਮੁਗ਼ਲੀਆ ਸਲਤਨਤ ਦਾ ਸਾਥ ਦਿੱਤਾ। ਇਸੇ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਵਿਰੁੱਧ ਸਮੇਂ ਦੇ ਭਾਰਤੀ ਰਾਜਿਆਂ ਜਿਹਾ ਕਿ ਰਾਜਾ ਅਜੀਤ ਸਿੰਹੁ ਜੋਧਪੁਰੀਆ, ਰਾਜਾ ਜੈ ਸਿੰਹੁ ਜੈਪੁਰੀਆ, ਰਾਜਾ ਚਤਰ ਸਿੰਹੁ ਸਾਲ ਬੰਦੇਲਾ, ਚੂੜਮਨੀ ਜਾਟ, ਗੋਪਾਲ ਸਿੰਹੁ ਭਦਾਵੜੀਆ, ਉਦਿੱਤ ਸਿੰਹੁ ਬੁੰਦੇਲਾ, ਬਦਲ ਸਿੰਹੁ ਬੁੰਦੇਲਾ, ਬਚਨ ਸਿੰਹੁ ਕਛਵਾਹਾ ਅਤੇ ਸ਼ਿਵਾਲਿਕ ਪਹਾੜੀਆਂ ਦੇ ਰਾਜਿਆਂ ਨੇ ਖੁੱਲ੍ਹ ਕੇ ਮੁਗ਼ਲਾਂ ਦੀ ਮਦਦ ਕੀਤੀ। ਇਨ੍ਹਾਂ ਰਜਵਾੜਿਆਂ ਨੂੰ ਆਪਣੇ ਦੇਸ਼, ਧਰਮ ਅਤੇ ਅਣਖ ਨਾਲੋਂ ਮੁਗ਼ਲਾਂ ਦੀ ਗ਼ੁਲਾਮੀ ਹੇਠ ਆਪਣੀਆਂ ਛੋਟੀਆਂ-ਛੋਟੀਆਂ ਰਿਆਸਤੀ ਗੱਦੀਆਂ ਜ਼ਿਆਦਾ ਪਿਆਰੀਆਂ ਸਨ ਅਤੇ ਇਹ ਦੇਸ਼ ਅੰਦਰ ਜਾਗੀਰਦਾਰੀ ਅਤੇ ਜਾਤ-ਪਾਤੀ ਸਿਸਟਮ ਨੂੰ ਕਾਇਮ ਰੱਖਣ ਦੇ ਪੱਕੇ ਮੁਦੱਈ ਸਨ।

ਬਾਬਾ ਬੰਦਾ ਸਿੰਘ ਬਹਾਦਰ ਦੇ ਪਾਏ ਪੂਰਨਿਆਂ ਨੇ ਆਉਣ ਵਾਲੇ ਸਮੇਂ ਵਿਚ ਸਿੱਖ ਕੌਮ ਲਈ ਚਾਨਣ-ਮੁਨਾਰੇ ਦਾ ਕੰਮ ਕੀਤਾ ਤੇ ਹਮੇਸ਼ਾਂ ਲਈ ਸਿੱਖ ਕੌਮ ਅੰਦਰ ਅਜ਼ਾਦੀ ਦੀ ਚਿਣਗ ਲਾ ਦਿੱਤੀ ਜੋ ਕਿ ਪਿੱਛੋਂ ਜਾ ਕੇ ਰਾਜ ਦੀ ਪ੍ਰਾਪਤੀ ਲਈ ਸੰਘਰਸ਼ ਦਾ ਕਾਰਨ ਬਣੀ। ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਤਕਰੀਬਨ ੬ ਸਾਲ ਜਮਨਾ ਤੋਂ ਰਾਵੀ ਤਕ ਦੇ ਵਿਸ਼ਾਲ ਇਲਾਕੇ ਉੱਤੇ ਆਪਣਾ ਦਬਦਬਾ ਕਾਇਮ ਰੱਖਿਆ। ਸੰਨ ੧੭੧੬ ਈ. ਵਿਚ ਉਹ ਭਾਵੇਂ ਸ਼ਹੀਦ ਹੋ ਗਏ, ਪਰ ਉਹ ਪੰਜਾਬ ਵਿਚ ਜਿਸ ਸਿੱਖ ਰਾਜ ਦੀ ਬੁਨਿਆਦ ਕਾਇਮ ਕਰ ਗਏ ਸਨ, ਉਸ ਉੱਤੇ ਹੀ ਸੰਨ ੧੭੯੯ ਈ. ਨੂੰ ਲਾਹੌਰ ਫਤਿਹ ਕਰਨ ਉਪਰੰਤ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿਚ ਇਕ ਵਿਸ਼ਾਲ ਸਿੱਖ ਹਲੇਮੀ ਰਾਜ ਕਾਇਮ ਕੀਤਾ। ਸੰਨ ੧੭੧੭ ਈ. ਤੋਂ ਬਾਅਦ ਕਈ ਦਹਾਕੇ ਸਿੰਘਾਂ ਨੂੰ ਖਤਮ ਕਰਨ ਲਈ ਮੁਗ਼ਲ ਸਰਕਾਰ ਵੱਲੋਂ ਬੇਹੱਦ ਜ਼ੁਲਮ ਕੀਤੇ ਗਏ, ਪਰ ਉਨ੍ਹਾਂ ਨੇ ਸੰਘਰਸ਼ ਜਾਰੀ ਰੱਖਿਆ। ਸੰਨ ੧੭੪੮ ਈ. ਵਿਚ ਸਿੰਘਾਂ ਦੇ ੧੨ ਜਥੇ ਬਣਾਏ ਗਏ ਅਤੇ ਬਾਅਦ ਵਿਚ ਇਨ੍ਹਾਂ ਤੋਂ ਬਾਰ੍ਹਾਂ ਮਿਸਲਾਂ ਹੋਂਦ ਵਿਚ ਆਈਆਂ। ਇਨ੍ਹਾਂ ਵਿੱਚੋਂ ਇਕ ਸੀ ਸ਼ੁਕਰਚੱਕੀਆ ਮਿਸਲ। ਇਸ ਮਿਸਲ ਵਿੱਚੋਂ ਹੀ ਮਹਾਰਾਜਾ ਰਣਜੀਤ ਸਿੰਘ ਸਨ। ■

# ਧਰਮ ਪ੍ਰਚਾਰ ਲਈ ਗੁਰਦੁਆਰੇ ਕੀ ਭੂਮਿਕਾ ਨਿਭਾਉਣ

*-ਡਾ. ਇੰਦਰਜੀਤ ਸਿੰਘ ਗੋਗੋਆਣੀ**

ਗੁਰਦੁਆਰੇ ਦਾ ਕੋਸ਼ਗਤ ਅਰਥ ਗੁਰੂ ਦਾ ਘਰ ਹੈ ਤੇ ਸਤਿਗੁਰਾਂ ਨੇ ਇਸ ਦੀ ਮਹਿਮਾ ਇਉਂ ਵਰਣਨ ਕੀਤੀ ਹੈ- *ਗੁਰੂ ਦੁਆਰੈ ਹੋਇ ਸੋਝੀ ਪਾਇਸੀ* 'ਮਹਾਨ ਕੋਸ਼' ਦੇ ਕਰਤਾ ਨੇ ਗੁਰਦੁਆਰਾ ਸਾਹਿਬ ਦੀ ਵਿਸ਼ੇਸ਼ਤਾ ਬਿਆਨ ਕਰਦਿਆਂ ਲਿਖਿਆ ਹੈ, "ਸਿੱਖਾਂ ਦਾ ਗੁਰਦੁਆਰਾ ਵਿਦਯਾਰਥੀਆਂ ਲਈ ਸਕੂਲ, ਆਤਮ ਜਿਗਯਾਸਾ ਵਾਲਿਆਂ ਲਈ ਗਯਾਨ ਉਪਦੇਸ਼ਕ ਆਚਾਰਯ, ਰੋਗੀਆਂ ਲਈ ਸ਼ਫ਼ਾਖ਼ਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤ੍ਰੀ ਜਾਤ ਦੀ ਪਤ ਰਖਣ ਲਈ ਲੋਹਮਈ ਦੁਰਗ ਅਤੇ ਮੁਸਾਫ਼ਰਾਂ ਲਈ ਵਿਸ਼੍ਰਾਮ ਦਾ ਅਸਥਾਨ ਹੈ।"ਅਜੋਕੇ ਸਮੇਂ ਵਿਚ ਦੇਸ਼/ਵਿਦੇਸ਼ ਵਿਚ ਬਹੁਤ ਸਾਰੇ ਗੁਰਦੁਆਰਿਆਂ ਦੇ ਸੁਘੜ ਪ੍ਰਬੰਧਕ ਉਪਰੋਕਤ ਅਨੁਸਾਰ ਚੰਗਾ ਉੱਦਮ ਕਰ ਰਹੇ ਹਨ। ਫਿਰ ਵੀ ਸਧਾਰਨ ਪਿੰਡਾਂ ਤੋਂ ਲੈ ਕੇ ਦੇਸ਼/ਵਿਦੇਸ਼ ਤਕ ਧਰਮ ਪ੍ਰਚਾਰ ਲਈ ਅਸੀਂ ਹੋਰ ਚੰਗਾ ਕੀ ਕਰ ਸਕਦੇ ਹਾਂ, ਵਿਚਾਰ-ਅਧੀਨ ਇਹ ਮੁੱਖ ਵਿਸ਼ਾ ਹੈ।

**ਚੰਗੇ ਗ੍ਰੰਥੀ ਸਿੰਘ ਤੇ ਚੰਗੀ ਤਨਖ਼ਾਹ:-**

ਪੰਜਾਬ ਵਿਚ ਇਸ ਸਮੇਂ ਵੀਹ ਦੇ ਕਰੀਬ ਪ੍ਰਚਾਰਕਾਂ ਦੀ ਸਿਖਲਾਈ ਵਾਲੇ ਕਾਲਜ ਹਨ ਜੋ ਗੁਰਮਤਿ ਦੀ ਸਿੱਖਿਆ ਦੇ ਰਹੇ ਹਨ। ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਸਿਖਲਾਈ-ਯਾਫ਼ਤਾ ਹੋਵੇਗਾ ਤਾਂ ਉਹ ਗੁਰੂ-ਘਰ ਨੂੰ ਪ੍ਰਚਾਰ ਦਾ ਕੇਂਦਰ ਬਣਾ ਸਕਦਾ ਹੈ। ਉਸ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਚੰਗੀ ਤਨਖ਼ਾਹ, ਰਿਹਾਇਸ਼ ਦਾ ਪ੍ਰਬੰਧ ਹੋਵੇ। ਕਈ ਵਾਰ ਸਭ ਕੁਝ ਹੁੰਦਿਆਂ ਵੀ ਪ੍ਰਬੰਧਕ-ਜਨ ਗ੍ਰੰਥੀ ਤੇ ਰਾਗੀ ਸਿੰਘਾਂ ਨੂੰ ਯੋਗ ਤਨਖਾਹ ਨਹੀਂ ਦਿੰਦੇ ਹਨ। ਇਸ ਸੰਬੰਧੀ ਸਮੂਹ ਪ੍ਰਬੰਧਕਾਂ ਨੂੰ ਚਿੰਤਨ-ਮੰਥਨ ਦੀ ਅਹਿਮ ਲੋੜ ਹੈ।

**ਗੁਰਮੁਖੀ ਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ:-**

ਅੱਜ ਵੱਡੀ ਗਿਣਤੀ ਵਿਚ ਵਿਦਿਆਰਥੀ ਪੰਜਾਬੀ ਵਿਸ਼ੇ ਵਿਚ ਵੀ ਕਮਜ਼ੋਰ ਹਨ। ਗੁਰਮੁਖੀ ਕਲਾਸਾਂ ਨਾਲ ਭਾਸ਼ਾ ਦਾ ਗਿਆਨ ਵਧੇਗਾ ਤੇ ਗੁਰਬਾਣੀ ਸੰਥਿਆ ਨਾਲ ਨਿੱਤਨੇਮ ਦੀਆਂ ਬਾਣੀਆਂ ਦਾ ਸ਼ੁੱਧ ਪਾਠ ਆਵੇਗਾ। ਇਲਾਕੇ ਦੇ ਵੱਡੀ ਗਿਣਤੀ 'ਚ ਮਾਈ-ਭਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਪਾਠ ਕਰਨਾ ਸਿੱਖਣਗੇ। ਕਿਧਰੇ ਹਫ਼ਤਾਵਾਰੀ ਜਾਂ ਐਤਵਾਰੀ ਕਲਾਸ ਵੀ ਹੋ ਸਕਦੀ ਹੈ। ਇਸ ਵਿਚ ਸਥਾਨਕ ਗ੍ਰੰਥੀ ਸਿੰਘ ਦੇ ਨਾਲ ਸੇਵਾ-ਮੁਕਤ ਭਾਸ਼ਾ ਅਧਿਆਪਕ ਵੀ ਚੰਗਾ ਯੋਗਦਾਨ ਪਾ ਸਕਦੇ ਹਨ। ਨੈਤਿਕ ਕਦਰਾਂ-ਕੀਮਤਾਂ ਦੀ ਸਿੱਖਿਆ ਤੇ ਅਮਲੀ ਜੀਵਨ ਦੀ ਸਮਾਜ ਨੂੰ ਡਾਢੀ ਜ਼ਰੂਰਤ ਹੈ।

**ਲਾਇਬ੍ਰੇਰੀ ਦਾ ਪ੍ਰਬੰਧ:-**

ਇਸ ਸਮੇਂ ਹਰੇਕ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਪਾਸ ਮਾਇਆ ਦੇ ਚੰਗੇ ਸਾਧਨ ਹਨ। ਕਈ ਪਿੰਡਾਂ-ਸ਼ਹਿਰਾਂ ਵਿਚ ਗੁਰਦੁਆਰਾ ਸਾਹਿਬ ਵਿਖੇ ਚੰਗੀਆਂ ਲਾਇਬ੍ਰੇਰੀਆਂ ਹਨ।

**ਪ੍ਰਿੰਸੀਪਲ, ਖਾਲਸਾ ਕਾਲਜ ਸੀ: ਸੈ: ਸਕੂਲ, ਸ੍ਰੀ ਅੰਮ੍ਰਿਤਸਰ। ਮੋ : +੯੧੯੮੧੫੯-੮੫੫੫੯*

ਸਮੇਂ ਦੀ ਲੋੜ ਹੈ ਕਿ ਜੇਕਰ ਪੰਜਾਬੀ ਭਾਸ਼ਾ ਤੇ ਧਾਰਮਿਕ ਸਾਹਿਤ ਨੂੰ ਬਚਾਉਣਾ ਹੈ ਤਾਂ ਪ੍ਰਬੰਧਕ-ਜਨ ਇਕ-ਦੋ ਕਮਰੇ ਗੁਰਦੁਆਰਾ ਸਾਹਿਬ ਵਿਖੇ 'ਪੁਸਤਕ ਘਰ' ਲਈ ਰਾਖਵੇਂ ਰੱਖਣ। ਇਸ ਦੇ ਨਾਲ ਗੁਰਮਤਿ ਦੇ ਮੈਗਜ਼ੀਨ ਤੇ ਰੋਜ਼ਾਨਾ ਅਖ਼ਬਾਰ ਵੀ ਆਉਣ। ਜਦ ਮਾਹੌਲ ਤੇ ਸਾਧਨ ਦਿਆਂਗੇ ਤਾਂ ਪਾਠਕ ਵੀ ਪੈਦਾ ਹੋਣਗੇ।

**ਲੋੜਵੰਦ ਵਿਦਿਆਰਥੀਆਂ ਲਈ ਗੋਲਕ 'ਚੋਂ ਦਸਵੰਧ:-**

ਸਮਕਾਲੀ ਹਾਲਾਤਾਂ ਅਨੁਸਾਰ ਗੁਰੂ ਦੀ ਗੋਲਕ ਵਿੱਚੋਂ ਵਿੱਦਿਅਕ ਫੰਡ ਰੱਖਣਾ ਚਾਹੀਦਾ ਹੈ। ਧੜੇਬੰਦੀਆਂ ਤੋਂ ਉੱਪਰ ਉੱਠ ਕੇ ਜਦ ਪ੍ਰਬੰਧਕ ਲੋੜਵੰਦ ਬੱਚਿਆਂ ਦੀ ਸਹਾਇਤਾ ਕਰਨਗੇ ਤਾਂ ਕੁਦਰਤੀ ਉਹ ਬੱਚੇ ਅਤੇ ਮਾਪੇ ਗੁਰੂ-ਘਰ ਨਾਲ ਭਾਵੁਕ ਤੌਰ ਤੇ ਸਾਂਝ ਬਣਾਉਣਗੇ। ਦੇਸ਼/ਵਿਦੇਸ਼ ਵਿਚ ਦਾਨੀਆਂ ਦੀ ਕਮੀ ਨਹੀਂ ਸਗੋਂ ਸ਼ੁਭ ਉੱਦਮ ਦੀ ਘਾਟ ਹੈ। ਚੰਗਾ ਹੋਵੇ ਵੱਡਿਆਂ ਸ਼ਹਿਰਾਂ ਤੇ ਦੂਰ ਦੇਸ਼ਾਂ ਵਿਚ ਗੁਰਦੁਆਰਾ ਨੋਟਿਸ ਬੋਰਡ ਉੱਪਰ ਰੋਜ਼ਗਾਰ ਦੀ ਜਾਣਕਾਰੀ ਵੀ ਦਿੱਤੀ ਜਾਵੇ। ਇਹ ਆਮ ਘਰਾਂ ਦੇ ਕਾਮਿਆਂ ਤੋਂ ਲੈ ਕੇ ਕਿਸੇ ਵੀ ਪੱਧਰ ਦੀ ਹੋ ਸਕਦੀ ਹੈ।

**ਗੁਰਮਤਿ ਕੈਂਪਾਂ ਦਾ ਪ੍ਰਬੰਧ:-**

ਹਰ ਗੁਰਦੁਆਰਾ ਸਾਹਿਬ ਵਿਚ ਛੋਟੇ-ਛੋਟੇ ਸਥਾਨਕ ਪਹੁੰਚ ਅਨੁਸਾਰ ਗੁਰਮਤਿ ਕੈਂਪ ਲੱਗਣੇ ਚਾਹੀਦੇ ਹਨ। ਇਸ ਵਿਚ ਉਸਾਰੂ ਵਿਚਾਰ-ਚਰਚਾ ਹੋਵੇ ਤੇ ਬੇਲੋੜੇ ਵਿਵਾਦਾਂ ਤੋਂ ਬਚਿਆ ਜਾਵੇ। ਸਿਮਰਨ ਅਭਿਆਸ ਹੋਵੇ।

ਸੰਗਤ ਲਈ ਗੁਰਬਾਣੀ, ਭਾਸ਼ਣ, ਕਵਿਤਾ, ਸੁੰਦਰ ਲਿਖਾਈ, ਚਿੱਤਰ ਕਲਾ, ਕੀਰਤਨ ਆਦਿ ਦੀ ਸਿਖਲਾਈ ਵੀ ਹੋਵੇ। ਇਸ ਨਾਲ ਉਤਸ਼ਾਹ ਵੱਧਦਾ ਹੈ। ਘਰੇਲੂ ਸੁਆਣੀਆਂ ਅਤੇ ਬਜ਼ੁਰਗਾਂ ਦੇ ਵੀ ਗੁਰਮਤਿ ਕੈਂਪ ਹੋਣੇ ਚਾਹੀਦੇ ਹਨ। ਇਸ ਨਾਲ ਭਾਈਚਾਰਕ ਸਾਂਝ ਵੱਧਦੀ ਹੈ ਜੋ ਅੱਜ ਇਕੱਲਤਾ ਹੰਢਾਅ ਰਹੇ ਪਰਵਾਰਾਂ ਨੂੰ ਵਧੀਕ ਜ਼ਰੂਰਤ ਹੈ। ਇਸ ਨਾਲ ਫੋਕਟ ਕਰਮ-ਕਾਂਡ, ਵਹਿਮਾਂ-ਭਰਮਾਂ ਤੋਂ ਵੀ ਮੁਕਤ ਹੋਵਾਂਗੇ ਤੇ ਗੁਰਮਤਿ ਦਾ ਸਹੀ ਪ੍ਰਚਾਰ ਹੋਵੇਗਾ।

**ਲੋਕ ਸੇਵਾ ਦੇ ਕਾਰਜ:-**

ਇਕ ਸੇਵਾ ਤਾਂ ਹਰ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੈ ਜੋ ਵਿਸ਼ੇਸ਼ ਮਾਨਤਾ ਰੱਖਦੀ ਹੈ, ਪਰ ਗੁਰਦੁਆਰਾ ਸਾਹਿਬ ਤੋਂ ਬਾਹਰ ਵੀ ਸੇਵਾ ਦੇ ਕਾਰਜ ਹੋ ਸਕਦੇ ਹਨ ਜਿਵੇਂ ਪਿੰਡ ਨਗਰ ਵਿਚ ਸਫ਼ਾਈ ਦਾ ਕਾਰਜ, ਸਹੀ ਚੋਣ ਕਰ ਕੇ ਬੂਟੇ ਲਾਉਣ ਤੇ ਪਾਲਣਾ ਕਰਨ ਦੀ ਸੇਵਾ, ਲੋੜਵੰਦ ਪਰਵਾਰਾਂ ਦੀ ਮਦਦ ਕਰਨੀ, ਰੁੱਖਾਂ ਦੀ ਸੰਭਾਲ, ਇਲਾਕੇ ਦੀਆਂ ਟੁੱਟੀਆਂ ਸੜਕਾਂ ਤੇ ਰਾਹਾਂ ਦੇ ਡੂੰਘੇ ਟੋਏ ਠੀਕ ਕਰਨੇ, ਰੋਸ਼ਨੀ ਦਾ ਪ੍ਰਬੰਧ, ਪਾਣੀ ਦੀ ਸੰਭਾਲ ਤੇ ਪੀਣ ਦਾ ਪ੍ਰਬੰਧ, ਆਰਥਿਕ ਤੌਰ'ਤੇ ਲੋੜਵੰਦ ਪਰਵਾਰਾਂ ਦੀਆਂ ਬੱਚੀਆਂ ਦੇ ਵਿਆਹ ਦਾ ਪ੍ਰਬੰਧ ਆਦਿ ਬਹੁਤ ਕਾਰਜ ਕਰਨਯੋਗ ਹਨ।

**ਲੋੜਵੰਦਾਂ ਲਈ ਦਵਾਈ ਦਾ ਪ੍ਰਬੰਧ:-**

ਦੇਸ਼/ਵਿਦੇਸ਼ ਦੇ ਗੁਰੂ-ਘਰਾਂ ਵਿਚ ਕਈ ਜਗ੍ਹਾ ਡਿਸਪੈਂਸਰੀ ਦਾ ਪ੍ਰਬੰਧ ਜਾਂ ਹੋਮਿਓਪੈਥੀ ਦੀ ਸਹੂਲਤ ਹੈ। ਕੁਝ ਸਾਧੂਆਂ-ਸੰਤਾਂ ਨੇ ਦੇਸੀ ਦਵਾਖ਼ਾਨੇ ਦੇ ਪ੍ਰਬੰਧ ਵੀ ਕੀਤੇ ਹਨ ਪਰ ਇਹ ਸਭ ਉਂਗਲਾਂ 'ਤੇ ਗਿਣਨਯੋਗ ਹਨ। ਯੁੱਗ ਦੀਆਂ ਲੋੜਾਂ ਅਨੁਸਾਰ ਵਧੀਕ ਜ਼ਰੂਰਤ ਹੈ, ਜਿਵੇਂ

ਰੋਜ਼ਾਨਾ ਦੋ-ਤਿੰਨ ਘੰਟੇ ਲਈ ਮਾਹਰ ਡਾਕਟਰ ਦਾ ਪ੍ਰਬੰਧ ਹੋ ਸਕਦਾ ਹੈ। ਚੰਗੀ ਹਿਕਮਤ ਦੇ ਗਿਆਤਾ ਦੀਆਂ ਪ੍ਰਬੰਧਕ ਸੇਵਾਵਾਂ ਲੈ ਸਕਦੇ ਹਨ ਜਾਂ ਹੋਮਿਓਪੈਥੀ ਵੀ ਸਾਰਥਕ ਹੈ। ਗੁਰੂ-ਘਰ ਤੋਂ ਜੋ ਦਵਾ ਤੇ ਦੁਆ ਦੇ ਨਾਲ ਰੋਗ-ਮੁਕਤ ਹੋਣਗੇ, ਉਹ ਸਦਾ ਲਈ ਭਾਵੁਕ ਸਾਂਝ ਰੱਖਣਗੇ।

**ਵੱਖ-ਵੱਖ ਮੁਕਾਬਲੇ ਕਰਵਾਏ ਜਾਣ:**

ਗੁਰਦੁਆਰਾ ਕਮੇਟੀਆਂ ਸੰਗਤ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਉਮਰ ਵਰਗ ਦੇ ਮੁਕਾਬਲਿਆਂ ਲਈ ਕਾਰਜ ਕਰ ਸਕਦੀਆਂ ਹਨ। ਉਮਰ ਵਰਗ ਅਨੁਸਾਰ ਗੁਰਬਾਣੀ ਕੰਠ ਮੁਕਾਬਲਾ, ਸੁੰਦਰ ਦਸਤਾਰ ਮੁਕਾਬਲਾ, ਪੰਜਾਬੀ ਦਾ ਸੁੰਦਰ ਲਿਖਾਈ ਮੁਕਾਬਲਾ, ਗੁਰਬਾਣੀ ਕੀਰਤਨ, ਕਵੀਸ਼ਰੀ, ਢਾਡੀ ਵਾਰਾਂ, ਸਮਾਜ ਸੇਵਾ, ਕਿਸ ਨੇ ਕਿੰਨੀਆਂ ਪੁਸਤਕਾਂ ਪੜ੍ਹੀਆਂ, ਖਰੀਦੀਆਂ ਆਦਿ। ਇਸ ਤਰ੍ਹਾਂ ਇਨਾਮ ਸਨਮਾਨ ਵਿਚ ਵੀ ਸਿਰੋਪਾਓ ਦੀ ਥਾਂ ਸ਼ਾਨਦਾਰ ਪੁਸਤਕਾਂ ਦਿੱਤੀਆਂ ਜਾਣ ਜਾਂ ਵਿਦਿਆਰਥੀਆਂ ਨੂੰ ਲੋੜੀਂਦੀਆਂ ਵਸਤਾਂ ਹੀ ਦਿੱਤੀਆਂ ਜਾਣ।

**ਕਵੀਸ਼ਰੀ ਤੇ ਢਾਡੀ ਦਰਬਾਰ:-**

ਅਸੀਂ ਆਪਣੇ ਅਮੀਰ ਵਿਰਸੇ ਤੋਂ ਦੂਰ ਵੀ ਜਾ ਰਹੇ ਹਾਂ। ਪ੍ਰਬੰਧਕਾਂ ਨੂੰ ਕਵੀ ਦਰਬਾਰ, ਕਵੀਸ਼ਰੀ ਦਰਬਾਰ ਤੇ ਢਾਡੀ ਦਰਬਾਰ ਵੀ ਕਰਵਾਉਣੇ ਚਾਹੀਦੇ ਹਨ ਤਾਂ ਇਹ ਕਲਾਵਾਂ ਜੀਵਤ ਰਹਿਣਗੀਆਂ। ਸਾਡੇ ਕੀਰਤਨ ਦਰਬਾਰਾਂ ਦੇ ਵਾਂਗ ਇਹ ਦਰਬਾਰ ਵੀ ਹੋਣੇ ਚਾਹੀਦੇ ਹਨ।

**ਕੁਝ ਗੁਰਪੁਰਬਾਂ ਦਾ ਪ੍ਰਬੰਧ ਨੌਜਵਾਨਾਂ ਨੂੰ ਦਿੱਤਾ ਜਾਵੇ:-**

ਅੱਜ ਨੌਜਵਾਨ ਬੱਚਿਆਂ ਨੂੰ ਗੁਰਦੁਆਰਾ ਸਾਹਿਬ ਨਾਲ ਜੋੜ ਕੇ ਰੱਖਣ ਦੀ ਵਧੀਕ ਲੋੜ ਹੈ। ਕੁਝ ਪੁਰਬ ਨੌਜਵਾਨ ਮਨਾਉਣ ਜਿਵੇਂ-ਚਾਰ ਸਾਹਿਬਜ਼ਾਦਿਆਂ ਦਾ ਸ਼ਹੀਦੀ ਪੁਰਬ, ਬੰਦੀ ਛੋੜ ਦਿਵਸ (ਦੀਵਾਲੀ) ਨਵੇਂ ਸਾਲ ਦੀ ਅਰੰਭਤਾ ਦਾ ਸਮਾਗਮ ਹੋਵੇ ਅਤੇ ਕੁਝ ਸਿੱਖ ਯੋਧਿਆਂ ਦੇ ਦਿਨ-ਦਿਹਾੜੇ ਨੌਜਵਾਨਾਂ ਨੂੰ ਸਮਰਪਿਤ ਕੀਤੇ ਜਾਣ। ਇਸ ਤਰ੍ਹਾਂ ਵਿਰਸੇ ਤੇ ਵਿਰਾਸਤ ਦਾ ਮਾਣ ਵਧੇਗਾ।

ਤੱਤ ਸਾਰ ਕਿ ਇਹ ਸਭ ਲਾਗੂ ਤਾਂ ਹੋ ਸਕਦਾ ਹੈ, ਜੇਕਰ ਸਮੂਹ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕ ਭਾਵਨਾ ਵਾਲੇ ਹੋਣ। ਅਸੀਂ ਧੜੇਬੰਦੀਆਂ ਤੋਂ ਉਪਰ ਉਠਾਂਗੇ ਤਾਂ ਭਲਾ ਹੋਵੇਗਾ। ਕਿਤੇ ਵੀ ਜਾਤ-ਪਾਤ ਦਾ ਵਿਤਕਰਾ ਨਾ ਹੋਵੇ। ਪਤਿਤ ਸਿੱਖਾਂ ਨੂੰ ਵੀ ਕਲਾਵੇ ਵਿਚ ਲਈਏ। ਨਫ਼ਰਤਵਾਦੀ ਪ੍ਰਚਾਰ ਨਾਲ ਸਭ ਧਰਮਾਂ ਵਿੱਚ ਖੜੋਤ ਆਵੇਗੀ, ਇਸ ਲਈ ਬਚਣਾ ਜ਼ਰੂਰੀ ਹੈ। ਗੁਰੂ-ਘਰ ਇੰਨੀ ਸ਼ਕਤੀ ਹੈ ਕਿ ਨੇਕ ਨੀਅਤ ਨਾਲ ਕੀਤੇ ਕਾਰਜ ਸਦਾ ਸਫ਼ਲ ਹੋਣਗੇ।

■

# ਸੰਸਾਰ ਵਿਚ ਪ੍ਰੀਤ ਦਾ ਕਾਲ

*-ਪ੍ਰੋ. ਪੂਰਨ ਸਿੰਘ**

ਇਸ ਸੰਸਾਰ ਵਿਚ ਅੰਨ ਦਾ ਕਾਲ ਨਹੀਂ, ਮਨ ਦਾ ਕਾਲ ਨਹੀਂ, ਦਿਲਲਗੀ ਦਾ ਕਾਲ ਨਹੀਂ, ਯੋਗਾਂ ਭੋਗਾਂ ਦਾ ਕਾਲ ਨਹੀਂ, ਕਿਸੇ ਪਦਾਰਥ ਚੀਜ਼ ਦਾ ਕਾਲ ਨਹੀਂ। ਰੱਬ ਨੇ ਸੂਰ, ਚੰਨ ਦੀ ਰੋਸ਼ਨੀ ਖਲੇਰ ਦਿੱਤੀ, ਜਲ ਥਲ ਬਿਅੰਤ ਹੀ ਵਿਛਾ ਦਿੱਤੇ, ਹਵਾ ਦੇ ਇੰਨੇ ਗੁੰਬਦ ਬਣਾ ਦਿੱਤੇ, ਆਕਾਸ਼ ਇੰਨਾ ਅਨੰਤ ਫੈਲਾ ਦਿੱਤਾ, ਮਨ ਦੀਆਂ ਸ਼ਕਤੀਆਂ ਰਿਧੀਆਂ, ਸਿਧੀਆਂ ਦੇ ਢੇਰਾਂ ਦੇ ਢੇਰ ਲਾ ਦਿੱਤੇ। ਸਰਬ ਥੀਂ ਮਹਿੰਗੀਆਂ ਚੀਜ਼ਾਂ ਇੰਨੀਆਂ ਪ੍ਰਾਪਤ ਕਰਾਈਆਂ ਜੋ ਉਹ ਸਭ ਅਮੁੱਲੀਆਂ ਲੱਭ ਪੈਂਦੀਆਂ ਹਨ, ਇਤਨਾ ਧਨ ਹੈ ਜੋ ਜਿੱਥੇ ਮਨੁੱਖ ਚਲਦੇ ਹਨ ਉਹ ਥਾਵਾਂ ਸੋਨੇ ਚਾਂਦੀ ਜਵਾਹਰਾਤ ਨਾਲ ਜੜੀਆਂ ਜਾ ਸਕਦੀਆਂ ਹਨ, ਇੰਨਾ ਮਨ ਹੈ ਜੋ ਸੂਰਜ ਤੇ ਚੰਨ ਕੱਪੜੇ ਆਣ ਧੋਏ ਤੇ ਦੇਗਚੇ ਚਾੜ੍ਹੇ ਤੇ ਹਵਾਵਾਂ ਬੁਹਾਰੀਆਂ ਫੇਰਨ, ਬੱਦਲਾਂ ਦੀਆਂ ਬਿਜਲੀਆਂ ਕਮਰੇ ਨੂੰ ਆਣ ਰੋਸ਼ਨ ਕਰਨ, ਕੁਦਰਤ ਹੱਥ ਜੋੜ ਅੱਗੇ ਖਲੋਵੇ, ਸਮੁੰਦਰਾਂ ਦੀ ਛਾਤੀ ਪੁਰ ਸੜਕਾਂ ਬਣ ਜਾਣ, ਰਿਧੀਆਂ ਸਿਧੀਆਂ ਲੋਹੇ ਦੇ ਇੰਜਣਾਂ ਨੂੰ ਬਖਸ਼ ਦਿੱਤੀਆਂ ਜਾਣ, ਇੰਨੀ ਲੁੱਟ ਪਾਈ ਜਾਵੇ, ਪਰ ਘਾਟਾ ਹੈ ਤਾਂ ਪ੍ਰੀਤ ਦਾ! ਜੇ ਪ੍ਰੀਤ ਹੋਵੇ ਤਾਂ ਤਨ, ਮਨ , ਧਨ ਸਭ ਮਿਲ ਕੇ ਮਨੁੱਖ ਦੀ ਸੇਵਾ ਕਰਨ, ਗੁਰਮੁਖ ਜੀਵਨ ਆਵੇ, ਮਨੁੱਖ ਇਕ ਦੂਏ ਨੂੰ ਦੇਖ ਦੇਖ ਕੇ ਖੁਸ਼ ਹੋਵੇ, ਵਾਰੀ ਜਾਵੇ, ਬਲਿਹਾਰੀ ਜਾਵੇ, ਮਨੁੱਖ ਦੇ ਨਹੀਂ, ਪ੍ਰੀਤ ਦੇ ਸਦਕੇ ਸਦਕੇ, ਸਤਿਗੁਰੂ ਦੇ ਨਾਮ ਉਤੋਂ ਸਦਕੇ ਸਦਕੇ ਜਾਵੇ। ਇਹ ਜਗਤ ਸੱਚਖੰਡ ਬਣ ਜਾਵੇ, ਫਾਸਲੇ ਸਾਰੇ ਦੂਰ ਹੋ ਜਾਣ। ਅਮਨ ਚੈਨ, ਸੁਖ, ਪ੍ਰੇਮ, ਪ੍ਰੀਤ ਦੀਆਂ ਨਿੱਤ ਨਵੀਆਂ ਲਹਿਰਾਂ ਤੇ ਰੰਗ ਉੱਠਣ! ਹਾਂ ਜੀ, ਪੱਤਾ-ਪੱਤਾ, ਜ਼ੱਰਰਾ-ਜ਼ੱਰਰਾ ਸਤਿਗੁਰੂ ਦੀ ਮਹਿਮਾ ਦਾ ਗੀਤ ਗਾਵੇ! ਹਾਂ ਜੀ ਪ੍ਰੀਤ ਬੋਲ ਉਠੇ! ਹਾਂ ਜੀ, ਚੁੱਪ ਵਿਚ ਕੂਕਾਂ ਹੋਣ ਤੇ ਕੂਕਾਂ ਵਿਚ ਚੁੱਪ ਹੋਵੇ, ਕੂੜ ਨਿਖੁਟੇ ਤੇ ਓੜਕ ਸੱਚ ਦੀ ਜੀਤ ਹੋਵੇ ਤੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਹੋਵਣ!

**ਗੁਰਮੁਖੀ ਪ੍ਰੀਤ ਲਹਿਰਾਂ:** ਬਸ ਇਕ ਨਿੱਕੀ ਕਣੀ ਪ੍ਰੀਤ ਦੀ ਜਦ ਆਣ ਵੱਸੇ ਤਾਂ ਉਹ ਧੰਨ-ਭਾਗ ਸਿੰਘ ਹੋਯਾ, ਉਹ ਸੁਹਾਗਣ ਸਿੰਘਣੀ ਹੋਈ:

*ਕਿਨਕਾ ਏਕ ਜਿਸੁ ਜੀਅ ਬਸਾਵੈ॥ ਤਾ ਕੀ ਮਹਿਮਾ ਗਨੀ ਨ ਆਵੈ॥*

(*ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੨*)

ਇਨ੍ਹਾਂ ਪ੍ਰੀਤ ਵਾਲਿਆਂ ਦੇ ਗੁਰਮੁਖੀ ਜੀਵਨ ਮਨੁੱਖ-ਮਨ ਨੂੰ ਸਿੱਧਾ ਕਰਦੇ ਹਨ। ਮਨੁੱਖੀ-ਬੁੱਧੀ ਨੂੰ ਨਿਰੋਲ ਤੇ ਨਿਰਮਲ ਤੇ ਨਿਰਛਲ ਬਣਾਂਦੇ ਹਨ, ਸੰਸਾਰ ਵਿਚ ਅਰਸ਼ੀ ਚੀਜ਼ਾਂ ਦਾ ਵਾਧਾ ਕਰਦੇ ਹਨ। ਅਰਸ਼ੀ ਅਕਲਾਂ, ਅਰਸ਼ੀ ਸ਼ਕਲਾਂ, ਅਰਸ਼ੀ ਦਿਲ, ਅਰਸ਼ੀ ਦਿਮਾਗ ਲੈ ਆਉਂਦੇ ਹਨ। ਇਹ ਗੁਰਮੁਖੀ ਜੀਵਨ ਉਹ ਨਹਿਰਾਂ ਹਨ

*ਗੁਰਪੁਰਵਾਸੀ

ਜਿਨ੍ਹਾਂ ਵਿਚ ਪ੍ਰੀਤ-ਜਲ ਅਰਸ਼ਾਂ ਥੀਂ ਵਗਦਾ ਹੈ ਤੇ ਪ੍ਰੀਤ-ਬੂਟੀਆਂ ਮੁਸ਼ਕ ਆਣ ਮਚਾਉਂਦੀਆਂ ਹਨ:

"ਵਾਹਿਗੁਰੂ ਚੰਬੇ ਦੀ ਬੂਟੀ, ਮੇਰੇ ਮਨ ਵਿਚ ਸਤਗੁਰ ਲਾਈ ਹੂ।
ਆਬੇ ਹਯਾਤ ਦਾ ਪਾਣੀ ਮਿਲਿਆ, ਨਹਰ ਅਰਸ਼ ਤੋਂ ਆਈ ਹੂ।
ਅੰਦਰ ਬੂਟੀ ਮੁਸ਼ਕ ਮਚਾਯਾ, ਜਦ ਫੂਲਨ 'ਤੇ ਆਈ ਹੂ।
ਜੁਗ ਜੁਗ ਜੀਵੇ ਸਤਗੁਰ ਪਯਾਰਾ ਜਿਨ ਏਹ ਬੂਟੀ ਲਾਈ ਹੂ।"

ਇਹ ਗੁਰਮੁਖੀ ਪ੍ਰੀਤ-ਨਹਿਰਾਂ ਹਨ, ਹਾਂ ਜੀ, ਗੁਰਮੁਖ ਲੋਕ ਅਲਾਹੀ ਸਾਂਈ ਫਕੀਰ ਲੋਕ ਹਨ, ਸਤਿਗੁਰ ਨਾਨਕ-ਗੋਬਿੰਦ ਸਿੰਘ ਜੀ ਦੇ ਰਾਜ-ਯੋਗੀ ਹਨ। ਹਾਂ ਜੀ, ਇਹੋ ਸੱਚੇ ਸਹਿਜ-ਜੋਗੀ ਹਨ। ਇਹ ਗੁਰਮੁਖ ਸੰਤ ਸਤਿਗੁਰੂ ਨਾਨਕ ਗੋਬਿੰਦ ਜੀ ਦੇ ਨਵੇਂ ਵਿਹੰਗਮੀ:

*ਗੁਰਮੁਖਿ ਸਚੀ ਆਸਕੀ ਜਿਤੁ ਪ੍ਰੀਤਮੁ ਸਚਾ ਪਾਈਐ॥*
*ਅਨਦਿਨੁ ਰਹਹਿ ਅਨੰਦਿ ਨਾਨਕ ਸਹਜਿ ਸਮਾਈਐ॥੧੦॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੨)*

ਗ੍ਰਿਹਸਥ-ਵਿਚ-ਅਤੀਤ ਲੋਕ ਹਨ। ਇਹ ਗੁਰਮੁਖ ਸੰਤ ਸਤਿਗੁਰੂ ਨਾਨਕ-ਗੋਬਿੰਦ ਸਿੰਘ ਜੀ ਦੇ ਨਵੇਂ ਖਾਲਸਾ ਪੰਥ ਦੇ ਦਰਸਾਣ ਵਾਲੇ ਹਨ। ਇਹ ਉਹ ਚੀਜ਼ਾਂ ਹਨ ਜਿਨ੍ਹਾਂ ਵਾਸਤੇ ਲੋਕੀਂ ਸਦੀਆਂ ਭਰ ਤਰਸਦੇ ਰਹੇ, ਇਹ ਉਹ ਲੋਕ ਹਨ ਜਿਨ੍ਹਾਂ ਦੇ ਬਣਨ ਵਾਸਤੇ ਇੰਨ੍ਹਾਂ ਚਿਰ ਲੱਗਾ, ਕੌਮਾਂ ਦੀਆਂ ਕੌਮਾਂ ਭੰਨ-ਭੰਨ ਫਿਰ ਬਣਾਈਆਂ। ਮਤ ਮਤਾਂਤਰ ਫੈਲੇ, ਦੀਨ ਦੁਨੀ ਦੇ ਅਨੇਕ ਰਸਤੇ ਰਿਵਾਜ਼ ਚੱਲੇ। ਇਹ ਉਹ ਲੋਕੀਂ ਹਨ ਜਿਨ੍ਹਾਂ ਦੇ ਦਰਸ਼ਨਾਂ ਵਾਸਤੇ ਪ੍ਰਿਥਵੀ ਇੰਨਾ ਚਿਰ ਸਹਕਦੀ ਰਹੀ, ਤਾਰੇ ਬਣ ਗਏ ਸਨ, ਸੂਰਜ ਬਣ ਗਏ ਸਨ, ਪ੍ਰਿਥਵੀ ਬਣ ਗਈ ਸੀ, ਘਾਹ ਹੋ ਪਏ ਸਨ, ਬੇਲ ਬੂਟੇ-ਫ਼ਲ-ਫੁੱਲ ਸਭ ਲੱਗ ਪਏ ਸਨ, ਬੰਦਰ ਤੇ ਜਾਨਵਰ ਬਣ ਚੁੱਕੇ, ਹੌਲੇ-ਹੌਲੇ ਆਦਮੀ ਦੀ ਦੇਹ ਕੁਦਰਤ ਘੜਨ ਲੱਗੀ, ਕਈ ਵਾਰੀ ਘੜ-ਘੜ ਬਣਾਈ ਤੇ ਫਿਰ ਕਈ ਪ੍ਰਕਾਰ ਦੀ ਬਣਾਈ। ਮਨੁੱਖਾ ਦੇਹ ਬਣ ਚੁੱਕੀ ਸੀ ਤੇ ਫਿਰ ਇਸ ਦੇਹ ਨੇ ਕਈ ਦੁਖੜੇ ਸਹਾਰੇ, ਮੌਤ ਦੇ ਨਜ਼ਾਰਿਆਂ ਥੀਂ ਜਨਮ-ਜਨਮਾਂਤਰਾਂ ਹਾਰੀ ਫਿਰੀ ਵੈਰਾਗ ਤਿਆਗ ਦੇ ਕੂੜੇ ਉਪਾਵਾਂ ਦੇ ਪਿੱਛੇ ਭੱਜਦੀ ਰਹੀ।

ਇਨ੍ਹਾਂ ਘਾਲਾਂ ਪਿੱਛੋਂ ਸਤਿਗੁਰੂ ਨਾਨਕ ਜੀ ਆਏ ਤੇ ਉਨ੍ਹਾਂ ਵੀ ਕਈ ਘਾਲਾਂ ਘਾਲ ਗੁਰਮੁਖ ਜੀਵਨ ਤਿਆਰ ਕੀਤਾ। ਹਾਂ ਜੀ, ਉਹ ਦੇਹ, ਉਹ ਅਮੋਲਕ ਮਨੁੱਖਾ ਦੇਹ ਜਿਸ ਨੂੰ ਪੁਰਾਤਨ ਦੀਆਂ ਕਈ ਪਰਿਵਤਨ ਹੋਣ ਵਾਲੀਆਂ ਸਭਯਤਾ ਨੇ ਰੂੜੀ ਉੱਪਰ ਸੁੱਟ ਪਾਇਆ ਸੀ, ਉਸ ਨੂੰ ਸਨਮਾਨਿਆ। ਉਹ ਮਨੁੱਖਾ ਦੇਹ ਜਿਹੜੀ ਮੌਤ ਦੇ ਡਰ ਨਾਲ ਮੌਤ ਥੀਂ ਪਹਿਲੇ ਹੀ ਮਾਰ ਦਿੱਤੀ ਸੀ, ਮੌਤ ਨੂੰ ਭਸਮ ਕਰ ਕੇ ਉਸ ਉੱਪਰ ਜਿੱਤ ਦੀ ਖੁਸ਼ੀ ਵਿਚ ਨਚਾਈ, ਪੁਰਾਣੀਆਂ ਸਭ ਬਾਤਾਂ ਰੱਦੀ ਕਰ ਦਿੱਤੀਆਂ, ਇਕ ਨਵੀਂ ਬਾਤ ਦਾ ਆਦਿ ਕੀਤਾ। ਹਾਂ ਜੀ, ਪੂਰਬ ਪੱਛਮ, ਉੱਤਰ ਦੱਖਣ ਵਿਚ ਆਦਿ ਕੀਤਾ। ਜੇ ਹਾਲੇ ਇਸ ਨਵੀਂ ਗੁਰੂ ਨਾਨਕ-ਗੋਬਿੰਦ ਸਿੰਘੀ ਸਭਿਅਤਾ ਦਾ

ਲੋਕਾਂ ਨੂੰ ਪਤਾ ਨਹੀਂ ਲੱਗਾ ਤਾਂ ਕੇ ਹੋਯਾ, ਜੇ ਹਾਲੇ ਸਿੱਖ ਨਾਮ ਵਾਲਿਆਂ ਨੂੰ ਵੀ ਖ਼ਬਰ ਨਹੀਂ ਤਾਂ ਕੇ ਹੋਯਾ, ਹੁਣੇ ਲਗ ਜਾਸੀ, ਆਪਣੀ ਗਊਂ ਨੂੰ ਲਗ ਜਾਸੀ, ਔਹ ਸਾਹਮਣੇ ਤੱਕੋ ਨਾ! ਸਾਰਾ ਜਗਤ "ਨਾਨਕ ਗੋਬਿੰਦ ਸਿੰਘੀ" ਸਭਿਅਤਾ ਨੂੰ ਲੋੜਦਾ ਹੈ! ਔਹ ਨਾਨਕ ਨਿਰੰਕਾਰੀ ਦੇ ਸ਼ਰਨ ਆਏ, ਔਹ ਤੱਕੋ ਨਾ! ਕਲਗੀਆਂ ਵਾਲੇ ਦੇ ਅਕਾਲੀ ਝੰਡੇ ਤੱਲੇ ਕੌਣ ਆਏ? ਹਾਂ ਜੀ, ਲੋਕ ਪ੍ਰਲੋਕ ਦੇ ਸਾਰੇ ਆਏ! ਹਾਂ ਜੀ, ਉਹ ਪ੍ਰੀਤ ਦੀ ਭੁੱਖੀ ਸਿੱਖੀ ਨੂੰ ਤਰਸਦੀ ਸਾਰੀ ਲੁਕਾਈ ਦੌੜੀ ਦੌੜੀ ਆਈ!

ਸਤਿਗੁਰੂ ਨਾਨਕ ਜੀ ਨੇ ਗੁਰਮੁਖੀ ਜੀਵਨ ਬਣਾ ਕੇ ਅਰਸ਼ ਤੇ ਫਰਸ਼ ਦਾ ਫਰਕ ਮਿਟਾਇਆ, ਸਰੀਰ ਆਤਮਾ ਦੇ ਭੇਦ ਉਡਾਏ, ਮਨੁੱਖਾ ਦੇਹ ਨੂੰ ਆਪਣੀ ਪ੍ਰੀਤ ਦਾ ਮੰਦਰ ਬਣਾ ਨਿਵਾਜਿਆ, ਮੰਦਰ ਆਪਣੇ ਵਿਚ ਤੇ ਆਪ ਨੂੰ ਮੰਦਰ ਵਿਚ ਸਜਾਇਆ। ਧੰਨ ਮੇਰੇ ਸਤਿਗੁਰੂ ਪਰਉਪਕਾਰੀ ਜੀਉ!

*ਜਿਨ ਕਉ ਪ੍ਰੇਮ ਪਿਆਰੁ ਤਉ ਆਪੇ ਲਾਇਆ ਕਰਮੁ ਕਰਿ॥*
*ਨਾਨਕ ਲੇਹੁ ਮਿਲਾਇ ਮੈ ਜਾਚਿਕ ਦੀਜੈ ਨਾਮੁ ਹਰਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੨)*

ਜਿਸ ਗੱਲ ਦੀ ਥਾਂ ਆਸ਼ਾ, ਤ੍ਰਿਸ਼ਨਾ ਵਿਚ ਲੋਕੀਂ ਮਨੁੱਖਾ ਦੇਹ ਨੂੰ ਮਾਰ-ਮਾਰ, ਸਾੜ ਸਾੜ, ਚੀਰ-ਚੀਰ, ਨਪੀੜ-ਨਪੀੜ ਮੋਏ। ਉਹ ਸੱਚ ਦੀ ਲੋਅ, ਉਹ ਧੁਰ ਦੀ ਜੋਤ, ਉਹ ਸੱਚਖੰਡੀ ਸਵਾਦ ਰਸ, ਮਾਤ-ਲੋਕੀ ਜੀਵਨ ਵਿਚ ਇੱਥੇ ਹੀ ਭਰ ਦਿੱਤਾ, ਉਰੇ ਨੂੰ ਪਰੇ ਕਰ ਦਿੱਤਾ, ਪਰੇ ਨੂੰ ਉਰੇ ਕਰ ਦਿੱਤਾ। ਦੂਰ ਨੂੰ ਨੇੜੇ ਕਰ ਦਿੱਤਾ, ਨੇੜੇ ਨੂੰ ਦੂਰ ਕਰ ਦਿੱਤਾ। ਮੈਨੂੰ 'ਤੂੰ ਹਾਂ ਜੀ', 'ਆਪ' ਕਰ ਦਿੱਤਾ ਤੇ 'ਆਪ' ਨੂੰ ਮੈਂ ਮੇਰੀ, ਕਰ ਦਿੱਤਾ, ਮੌਤ ਫੌਤ ਉਡਾ ਦਿੱਤੀ, ਕਿਹੇ ਨਕਦ ਗੱਫੇ ਆਣ ਵਰਤਾਏ!

ਉਹ ਜੀਵਨ ਜਿਸ ਨੂੰ ਦੂਰ ਥੀਂ ਦੱਸਣ ਵਾਸਤੇ ਮਨੁੱਖਾ ਜੀਵਨ ਦੀ ਜੜ੍ਹ ਪੁੱਟ ਦਿੱਤੀ, ਹਠ ਯੋਗ ਕਰਾ ਕਰਾ ਸਾੜ ਸੁੱਟੀ, ਬਿੰਦ ਰਖਾ ਰਖਾ ਅਨੰਤ ਨਏ ਪਾਪਾਂ ਦਾ ਆਦਿ ਕੀਤਾ, ਮਰਦਾਂ ਥੀਂ ਅਮਰਦ ਬਣਾ ਘੱਤੇ, ਰੱਬ ਨੇ ਕੰਨ ਦਿੱਤੇ ਇਨ੍ਹਾਂ ਪੜਵਾ ਦਿੱਤੇ, ਰੱਬ ਨੇ ਕੇਸ ਦਿੱਤੇ ਇਨ੍ਹਾਂ ਮੁਨਵਾ ਸੁੱਟੇ, ਰੱਬ ਨੇ ਰਸਨਾ ਦਿੱਤੀ ਇਨ੍ਹਾਂ ਮੌਨ ਕਰਾ ਦਿੱਤੀ, ਰੱਬ ਨੇ ਸਰੀਰ ਦਿੱਤਾ ਇਨ੍ਹਾਂ ਖਾਕੂ ਰੁਲਾਯਾ, ਰੱਬ ਨੇ ਸਾਰਾ ਸੰਸਾਰ ਦਿੱਤਾ, ਇੰਨੇ ਰਸ ਦਿੱਤੇ, ਫੁੱਲ ਦਿੱਤੇ, ਫ਼ਲ ਦਿੱਤੇ, ਇਨ੍ਹਾਂ ਨੇ ਕੂੜੇ ਤਿਆਗਾਂ ਨਾਲ ਮਨੁੱਖ ਕੋਲੋਂ ਸਭ ਖੋਹ ਲਏ। ਮੈਨੂੰ ਮੁੜ ਹਾਸੀ ਆਂਵਦੀ ਹੈ ਜਦ ਮੈਂ ਦੇਖਦਾ ਹਾਂ ਕਿ ਬੁੱਧ ਦੇ, ਈਸਾ ਦੇ ਸ਼ੰਕਰ ਦੇ ਬਿੰਦਰਖੀ ਸੰਗਤੀਆਂ ਨੇ ਆਪਣੇ ਪੀਰਾਂ ਕੋਲੋਂ ਖੂਬ ਬਦਲੇ ਲਏ, ਇਨ੍ਹਾਂ ਜਤੀਆਂ ਸਤੀਆਂ ਨੇ ਉਹ ਪਾਪ ਚਲਾਏ ਜਿਨ੍ਹਾਂ ਦਾ ਨਾਮ ਸੁਣ ਸਾਧਾਰਣ ਆਦਮੀ ਕੰਬ ਉਠੇ।

ਯੋਗੀਆਂ ਦੇ ਪਾਪ ਦੀ ਜੜ੍ਹ ਮਨੁੱਖਾਂ ਦੇਹੀ ਦੀ ਕਾਟ ਕੂਟ ਪਰੇ ਡਾਰੀ, ਸਦੀਆਂ ਦੇ ਸਮਾਧੜੇ ਲੱਗ ਗਏ, ਧਿਆਨ ਵਿਚ ਜੁੜੇ ਹੋਏ ਵਿਹਲੇ (ਸੁੰਨ) ਦਾ ਧਿਆਨ ਕੀਤਾ ਖੁਲ੍ਹ ਦਾ ਗਿਆਨ ਹੋਇਆ ਸੰਨਿਆਸੀਆਂ ਦੇ ਕੇਸ ਮੁੰਨੇ ਤੇ ਗੋਰਖੀ ਜੋਗੀਆਂ ਨੇ ਦੇਹੀ ਹੀ ਸਾਰੀ ਮੁੰਨ-ਮੁੰਨ ਸਫਾ ਚਟ ਕੀਤੀ। ਭਾਈ! ਸ਼ੁੱਧ ਪਵਿੱਤਰ ਬ੍ਰਹਮ ਜੁ ਬਣਨਾ

ਹੋਇਆ, ਇਹ ਤਾਂ ਮਲ ਮੂਤਰ ਦੀ ਲੋਥ ਹੋਈ! ਰੱਬੀ ਜੀਵਨ ਦੀਆਂ ਉਮੈਦਾਂ ਵਿਚ ਇਨ੍ਹਾਂ ਨੇ ਸਾਧਾਰਣ ਮਨੁੱਖੀ-ਜੀਵਨ ਵੀ ਤਬਾਹ ਕਰ ਦਿੱਤਾ। ਮੌਤ ਦੇ ਸਿਮਰਨ ਵਿਚ ਲੋਕੀਂ ਬੰਨ ਦਿੱਤੇ, ਨਿਰਬਲਤਾ ਦਾ ਨਾਮ ਸਤੋਗੁਣ ਰੱਖਿਆ, ਇੰਦ੍ਰੀਆਂ ਨੂੰ ਮਾਰ ਮੁਕਾਉਣ ਦਾ ਨਾਮ ਸਤੋਗੁਣ, ਤਾਂ ਮਨੁੱਖਾ ਦੇਹੀ ਦਾ ਹਾਲ ਦੀਨ ਵਾਲਿਆਂ ਨੇ ਕੀਤਾ। ਗੰਦੀਆਂ ਲੀਰਾਂ ਵਿਚ ਲਪੇਟਿਆ, ਗੰਦੇ ਪਾਣੀ ਛਕਾਏ, ਧੂੜਾਂ ਵਿਚ ਰੁਲਾਇਆ, ਮੈਲੇ ਨਾਲ ਭਰ ਭਰੀ ਕੇ 'ਪਵਿੱਤ੍ਰਤਾ' ਦਾ ਸਬੂਤ ਦਿੱਤਾ। ਦੁਨੀ ਵਾਲੇ ਜਿਹੜਾ ਇਸ ਦਾ ਹਾਲ ਕਰਦੇ ਹਨ ਉਹ ਤਾਂ ਇੱਥੇ ਦੱਸਣ ਦੀ ਲੋੜ ਨਹੀਂ ਹਰ ਕਿਸੇ ਨੂੰ ਪਤਾ ਹੀ ਹੈ। ਵਿਸ਼ੇ-ਵਿਕਾਰਾਂ ਵਿਚ ਖਰਾਬ ਕੀਤਾ, ਖਾ ਖਾ ਕੇ ਡਾਕਿਆ, ਕਾਮ, ਕ੍ਰੋਧ, ਲੋਭ, ਮੋਹ ਦੀਆਂ ਮੰਗਾਂ ਸਾੜ-ਸਾੜ ਮਨੂਰ ਕੀਤਾ, ਦੁਨੀ ਵਾਲੇ ਗਏ ਦੀਨ ਵਾਲਿਆਂ ਕੋਲ ਆਪਣੇ ਤਾਪਾਂ ਥੀਂ ਬਚਣ ਵਾਸਤੇ ਤੇ ਦੀਨ ਵਾਲਿਆਂ ਨੇ ਕੜਾਹੀ ਵਿੱਚੋਂ ਕੱਢ ਵੱਡੇ ਕੜਾਹੇ ਤੱਤੇ ਤੇਲ ਵਾਲੇ ਵਿਚ ਪਾਇਆ। ਹਾਂ ਜੀ, ਇਸ ਮਨੁੱਖਾ ਦੇਹੀ ਨੂੰ ਸਤਿਗੁਰੂ ਨਾਨਕ ਜੀ ਨੇ ਆਣ ਨਿਵਾਜਿਆ ਮੇਰਾ ਦੋਹਾਂ ਤਲਵਾਰਾਂ ਵਾਲਾ ਸਤਿਗੁਰੂ ਆਇਆ-- ਇਕ ਮਾਰੀ ਦੀਨ ਨੂੰ, ਦੂਜੀ ਚਲਾਈ ਦੁਨੀ ਨੂੰ ਤੇ ਮਨੁੱਖਾ ਦੇਹੀ ਨੂੰ ਬਚਾ ਲਿਆ।

ਮਨੁੱਖਾ ਦੇਹ ਨੂੰ ਦੁਰਲੱਭ[੧] ਦੱਸਿਆ ਤੇ ਹੁਕਮ ਕੀਤਾ ਕਿ ਨਾ ਇਹਨੂੰ ਦੁਨੀਆ ਦੀਆਂ ਕੂੜੀਆਂ ਪ੍ਰੀਤਾਂ ਵਿਚ ਤੇ ਨਾ ਦੀਨ ਦੀਆਂ ਕੂੜੀਆਂ ਰੀਤਾਂ ਵਿਚ ਨਸ਼ਟ ਕਰੋ। ਦੀਨ ਦੁਨੀ ਦੁਹਾਂ ਥੀਂ ਛੁੜਾ ਮਨੁੱਖ ਨੂੰ ਆਪਣੇ ਖਾਲਸ ਰੂਪ ਵਿਚ ਖਾਲਸਾ ਸਜਾਇਆ, ਅਦਭੁਤ ਪ੍ਰੀਤ ਮੂਰਤ ਬਣਾਈ, ਦੀਨ ਦੇ ਸਦੀਆਂ ਦੇ ਕੁਠਿਆਂ ਨੂੰ ਅੰਮ੍ਰਿਤ ਦਾਨ ਨੇ ਜੁਆ ਲਿਆ ਤੇ ਹਾਂ ਜੀ, ਨਗਾਰੇ ਦੀ ਚੋਟ ਹੁਕਮ ਹੋਇਆ ਕਿ ਜੀਉਂਦਿਆਂ ਨੂੰ ਦੜੇ ਦੀਨ ਦੁਹਾਂ ਦੀ ਲੋੜ ਨਹੀਂ, ਖਾਲਸਾ ਖਾਲਸਾ ਰੱਖਿਆ।

ਹਾਂ ਜੀ, ਤੱਕੋ ਨਾ ਬ੍ਰਿਛ ਬੂਟੇ, ਨਦੀ, ਪਹਾੜ ਨਾ ਈਸਾਈ ਨਾ ਮੂਸ਼ਾਈ, ਨਾ ਹਿੰਦੂ ਨਾ ਮੁਸਲਮਾਨ, ਨਾ ਦੀਦਾਰ ਨਾ ਕਾਫਰ, ਆਪਣੇ ਰੱਬੀ ਚਿੰਨ੍ਹਾਂ ਵਿਚ ਸਜੇ ਖੜੌਤੇ ਹਨ। ਆਦਮੀ ਨੇ ਕੀ ਕਸੂਰ ਕੀਤਾ ਹੈ ਜੋ ਦੀਨ ਨੇ ਲੋਹੇ ਤਪਾ ਇਸ ਦੇ ਸਿਰਾਂ, ਮੱਥਿਆਂ, ਬਾਹਾਂ, ਨੱਕਾਂ, ਕੰਨਾਂ ਤੇ ਮੋਹਰਾਂ ਲਾ ਦਿੱਤੀਆਂ।

ਸਤਿਗੁਰੂ ਨੇ ਹੁਕਮ ਕੀਤਾ, ਇਹ ਦੇਹ ਰੱਬੀ-ਹੱਥਾਂ ਨਾਲ ਸਜੀ ਹੈ, ਕੋਈ ਚਿੰਨ ਨਾ ਲਾਉ ਜੋ ਜੋ ਰੱਬੀ-ਦਾਤ ਹੈ ਉਸ ਨੂੰ ਸੰਵਾਰ ਕੇ ਰੱਖੋ ਤੇ ਹਾਂ ਜੀ, ਖੂਬ ਸਜਾ ਕੇ ਰੱਖੋ, ਬਣਾ ਤਣਾ ਕੇ ਰੱਖੋ, ਜਿਹੜੀ ਚੀਜ਼ ਪ੍ਰੀਤਮ ਜੀ ਦੀ ਹੋਵੇ ਉਹ ਨੂੰ ਕਿਉਂ ਮਾੜਾ ਮਾੜਾ ਆਖ ਨਿਰਾਦਰ ਕਰਨਾ ਤੇ ਖਵਾਰ ਕਰਨਾ! ਹੁਕਮ ਹੋਇਆ ਸਿੰਘਾਂ ਦੇ ਸਰੀਰ ਸਜੇ ਰੱਜੇ ਕੱਜੇ ਰਹਿਣ। ਹਾਂ ਜੀ, ਇਸ ਗੁਰਮੁਖ ਦੇਹ ਨੂੰ ਸਤਿਗੁਰੂ ਜੀ ਨੇ ਆਪ ਦਸ ਵੇਰੀ ਧਾਰਨ ਕਰ ਕੇ ਸਦਾ ਲਈ ਨਿਵਾਜ ਦਿੱਤਾ। ਮੈਨੂੰ ਇਹ ਦੇਹ ਪਿਆਰੀ ਲਗਦੀ ਹੈ! ਹਾਂ ਜੀ, ਅੰਗ-ਅੰਗ ਪਿਆਰਾ ਲਗਦਾ ਹੈ! ਹਾਂ ਜੀ ਅੰਗ-ਅੰਗ ਪੋਟਾ-ਪੋਟਾ ਹਰਿਮੰਦਰ ਦੀਆਂ ਸੰਗਮਰਮਰ ਦੀਆਂ ਪਉੜੀਆਂ 'ਤੇ ਫਰਸ਼ ਦਿਸਦੇ ਹਨ, ਮੱਥਾ ਟੇਕਣ 'ਤੇ ਸਦਾ ਜੀ ਕਰਦਾ ਹੈ। ਇਹ ਉਹ ਦੇਹ ਹੈ, ਜਿਸ ਨੂੰ ਮੇਰੇ ਬਾਬੇ ਨੇ ਦਸ ਵਾਰੀ ਧਾਰਨ

*੧. ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੬)*

ਕੀਤਾ ਤੇ ਹਾਂ ਜੀ, ਇਹ ਉਹ ਦੇਹ ਹੈ ਜਿੱਥੇ ਬਾਬਾ ਜੀ ਹਾਂ ਜੀ, ਕਲਗੀਆਂ ਵਾਲੇ ਫੇਰਾ ਪਾ ਪਾ ਆਪਣੀ ਗੁਰਮੁਖੀ ਸੰਗਤਾਂ ਭਗਤਾਂ ਨੂੰ ਲੂੰ-ਲੂੰ ਹੁਣ ਵੀ ਆਪ ਨਿਹਾਲ ਕਰਦੇ ਹਨ!

*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੫੯)*

ਮਨੁੱਖਾ ਦੇਹੀ ਮੋਹਣੀ ਕਰ ਦਿੱਤੀ:

*ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪੬)*

ਦੁਨੀਆ ਸੰਵਾਰ ਦਿੱਤੀ, ਅੰਨ ਵਿਚ ਸਵਾਦ ਭਰ ਦਿੱਤਾ:

*ਜਪੀਐ ਨਾਮੁ ਅੰਨ ਕੈ ਸਾਦਿ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੩)*

ਜਲ ਵਿਚ ਰਸ ਭਰ ਦਿੱਤਾ, ਸਰੀਰ ਦੀਆਂ ਸਾਰੀਆਂ ਕਿਰਯਾਂ ਪਵਿੱਤਰ ਕਰ ਦਿੱਤੀਆਂ, ਗ੍ਰਿਹਿਸਤੀਆਂ ਹਾਂ ਨਿਰਬਾਣ ਗ੍ਰਿਹਿਸਤੀਆਂ ਦੀਆਂ ਝੋਲੀਆਂ ਦੁੱਧਾਂ-ਪੁੱਤਰਾਂ ਨਾਲ ਭਰ ਦਿੱਤੀਆਂ, ਰਾਜ ਭਾਗ ਬਖਸ਼ੇ, ਅਟੱਲ ਸੁਹਾਗ ਬਖਸ਼ੇ, ਦੁਨੀਆ ਇਉਂ ਸੰਵਾਰੀ ਤੇ ਅੰਦਰਲੇ ਮਨੁੱਖ ਨੂੰ ਉਹ ਮਨੁੱਖ ਜਿਹੜਾ ਦਿਸਦਾ ਨਹੀਂ ਉਸ ਨੂੰ ਦੁਨੀ ਦੀਨ ਦੋਹਾਂ ਦੇ ਕੂੜੇ ਲਾਲਚਾਂ, ਖਿੱਚ ਬੱਧਾ, ਹੁਣ ਇਹੋ ਜਿਹੀਆਂ ਗੰਢਾਂ ਪਈਆਂ ਜਿਨ੍ਹਾਂ ਦੇ ਜੋੜ ਧੁਰੀਂ ਜਾ ਲੱਗੇ:

*ਮੂ ਲਾਲਨ ਸਿਉ ਪ੍ਰੀਤਿ ਬਨੀ॥ਰਹਾਉ॥*
*ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੨੭)*

ਦੀਨ ਦੁਨੀਆ ਦੋਹਾਂ ਨੂੰ ਉਡਾ ਕੇ ਸਤਿਸੰਗ ਰਚਿਆ, ਸਤਿਸੰਗ ਵਿਚ ਸੱਚਖੰਡ ਰਚਿਆ, ਸੱਚਖੰਡ ਵਿਚ ਆਪ ਸਦਾ ਲਈ ਬਿਰਾਜਮਾਨ ਹੋਏ। ਸੱਚਖੰਡ ਓਹਾ ਹੀ ਜਿੱਥੇ ਸਤਿਗੁਰ ਹੋਵਨ। ਪਦਾਰਥ 'ਦੂਰ ਨੇੜੇ' ਦੂਰ ਹੋਏ ਪਦਾਰਥ, 'ਦਿਨ ਰਾਤ' ਕਾਫੂਰ ਹੋਏ। ਇਕ ਨਾਨਕ-ਨੂਰ ਹੀ ਨੂਰ ਨਾਲ ਤਨ, ਮਨ, ਅੰਨ, ਧਨ ਜੀ ਜਾਨ ਜਹਾਨ ਭਰਪੂਰ ਹੋਏ!!

*ਮੂਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰੁ ਛਾਇ॥*
*ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ॥*

*( ਸ੍ਰੀ ਗੁਰੂ ਗ੍ਰੰਥ ਸਾਹਿਬ,੧੩੬੪)*

■

# ਸ਼ਹੀਦ ਭਾਈ ਮਨੀ ਸਿੰਘ ਜੀ

*-ਗਿ. ਸੋਹਣ ਸਿੰਘ ਸੀਤਲ**

ਸਿੱਖਾਂ ਨੂੰ ਮੁਕਾਉਣ ਦਾ ਚੰਗਾ ਢੰਗ ਖ਼ਾਨ ਬਹਾਦਰ ਜ਼ਕਰੀਆ ਖਾਨ ਨੇ ਏਹਾ ਸਮਝਿਆ ਕਿ ਉਨ੍ਹਾਂ ਨੂੰ ਅੰਮ੍ਰਿਤਸਰ ਇਸ਼ਨਾਨ ਕਰਨ ਨਾ ਆਉਣ ਦਿੱਤਾ ਜਾਵੇ। ਕਿਉਂਕਿ ਕਾਜ਼ੀਆਂ ਵੱਲੋਂ ਉਸ ਨੂੰ ਦੱਸਿਆ ਗਿਆ ਸੀ ਕਿ ਸ੍ਰੀ ਅੰਮ੍ਰਿਤਸਰ ਸਰੋਵਰ ਵਿਚ ਇਸ਼ਨਾਨ ਕਰ ਕੇ ਸਿੰਘ ਅਮਰ ਹੋ ਜਾਂਦੇ ਹਨ। ਇਸ ਕੰਮ ਵਾਸਤੇ ਸੂਬੇਦਾਰ ਨੇ ਕਾਜ਼ੀ ਅਬਦੁਰ ਰਹਿਮਾਨ ਖਾਨ ਨੂੰ ਸ੍ਰੀ ਅੰਮ੍ਰਿਤਸਰ ਦਾ ਹਾਕਮ ਬਣਾ ਕੇ ਘੱਲਿਆ। ਥੋੜ੍ਹੇ ਚਿਰ ਪਿੱਛੋਂ ਹੀ ਸ. ਸੁੱਖਾ ਸਿੰਘ ਮਾੜੀ ਕੰਬੋਕੀ ਤੇ ਸ. ਥਰਾਜ ਸਿੰਘ ਦੇ ਹੱਥੋਂ ਕਾਜ਼ੀ ਅਬਦੁਰ ਰਹਿਮਾਨ ਖਾਨ ਮਾਰਿਆ ਗਿਆ।

ਫਿਰ ਸੂਬੇਦਾਰ ਨੇ ਬੜਾ ਸਖ਼ਤ ਹੁਕਮ ਦੇ ਕੇ ਦੀਵਾਨ ਲਖਪਤ ਰਾਏ ਨੂੰ ਸ੍ਰੀ ਅੰਮ੍ਰਿਤਸਰ ਭੇਜਿਆ। ਉਹਨੇ ਮਿੱਟੀ ਪੁਆ ਕੇ ਸਰੋਵਰ ਦਾ ਬਹੁਤ ਸਾਰਾ ਹਿੱਸਾ ਪੂਰ ਦਿੱਤਾ। ਤੰਗ ਆ ਕੇ ਸਿੱਖ ਘਰ-ਘਾਟ ਛੱਡ ਕੇ ਜੰਗਲਾਂ, ਪਹਾੜਾਂ ਜਾਂ ਬੀਕਾਨੇਰ ਦੇ ਰੇਤਥਲਿਆਂ ਵੱਲ ਨੱਸ ਗਏ। ਮਾਝੇ ਵਿਚ ਸਿੱਖ ਦੇ ਦਰਸ਼ਨ ਵੀ ਦੁਰਲੱਭ ਹੋ ਗਏ।

ਭਾਈ ਸਾਹਿਬ ਭਾਈ ਮਨੀ ਸਿੰਘ ਜੀ ੧੭੨੧ ਈ. ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਜੀ ਦੇ ਗ੍ਰੰਥੀ ਚਲੇ ਆ ਰਹੇ ਸਨ। ਉਹ ਨਿਰਮਲੇ ਸੰਤਾਂ ਦੇ ਲਿਬਾਸ (ਚਿੱਟੇ ਕੱਪੜਿਆਂ) ਵਿਚ ਰਹਿੰਦੇ ਸਨ। ਉਹ ਸੰਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਸਮਝਾਉਂਦੇ ਰਹਿੰਦੇ। ਨਿਰਮਲੇ ਸੰਤਾਂ ਦੀ ਪ੍ਰਣਾਲੀ ਤੇ ਗੁਰਬਾਣੀ ਦੇ ਟਕਸਾਲੀ ਅਰਥ ਉਨ੍ਹਾਂ ਤੋਂ ਹੀ ਚੱਲੇ ਹਨ। ਉਨ੍ਹਾਂ ਕੋਲ ਹਰ ਵੇਲੇ ਪੰਦਰਾਂ-ਵੀਹ ਸੰਤ, ਫ਼ਕੀਰ (ਮੁਸਲਮਾਨ) ਟਿਕੇ ਰਹਿੰਦੇ ਤੇ ਗੁਰੂ ਕਾ ਲੰਗਰ ਵਰਤਦਾ ਰਹਿੰਦਾ। ਹਾਕਮਾਂ ਵੱਲੋਂ ਵੀ ਭਾਈ ਸਾਹਿਬ ਜੀ ਨੂੰ ਸਭ ਦਾ ਸਾਂਝਾ (ਫ਼ਕੀਰ) ਸਮਝਿਆ ਜਾਂਦਾ।

ਦੀਵਾਨ ਲਖਪਤ ਰਾਏ ਤੇ ਕਾਜ਼ੀ ਅਬਦੁੱਰ ਰਜ਼ਾਕ ਦੇ ਕਰੜੇ ਪ੍ਰਬੰਧ ਦੇ ਕਾਰਨ ਸਿੱਖਾਂ ਦਾ ਸ੍ਰੀ ਅੰਮ੍ਰਿਤਸਰ ਆਉਣਾ ਅਸਲੋਂ ਬੰਦ ਹੋ ਗਿਆ। ਭਾਈ ਮਨੀ ਸਿੰਘ ਜੀ ਦੀ ਆਤਮਾ ਵਾਸਤੇ ਇਹ ਵਿਛੋੜਾ ਅਸਹਿ ਸੀ। ਉਹ ਸੰਗਤ ਦੇ ਖੁੱਲ੍ਹੇ ਦਰਸ਼ਨ ਕਰਨ ਲਈ ਕੋਈ ਵਿਉਂਤ ਸੋਚਣ ਲੱਗੇ।

ਏਸ ਮਤਲਬ ਵਾਸਤੇ ਭਾਈ ਸਾਹਿਬ ਜੀ ਨੇ ਸ੍ਰੀ ਅੰਮ੍ਰਿਤਸਰ ਵਿਚ ਨੀਯਤ ਹਾਕਮ ਅਬਦੁੱਰ ਰਜ਼ਾਕ ਨਾਲ ਮੇਲ-ਮਿਲਾਪ ਪੈਦਾ ਕੀਤਾ। ਭਾਈ ਸਾਹਿਬ ਜੀ ਨੇ

---

**ਗੁਰਪੁਰਵਾਸੀ*

ਕਾਜ਼ੀ ਨੂੰ ਕੁਝ ਤਮ੍ਹਾਂ ਦੇਣਾ ਮੰਨਿਆ, ਤਾਂ ਕਾਜ਼ੀ ਇਸ ਗੱਲ ਉੱਤੇ ਰਜ਼ਾਮੰਦ ਹੋ ਗਿਆ ਕਿ ਭਾਈ ਸਾਹਿਬ ਜੀ ਦੇ ਪ੍ਰਬੰਧ ਥੱਲੇ ਦੀਪਮਾਲਾ ਦਾ ਮੇਲਾ ਲੱਗੇ।

ਦੋ ਹਜ਼ਾਰ ਰੁਪੈ ਤਾਂ ਕਾਜ਼ੀ ਅਬਦੁੱਰ ਰਜ਼ਾਕ ਨੂੰ ਵੱਢੀ ਤੇ ਪੰਜ ਹਜ਼ਾਰ ਠੇਕੇ ਵਜੋਂ ਲਾਹੌਰ ਸਰਕਾਰ ਨੂੰ ਦੇਣ ਦਾ ਫੈਸਲਾ ਹੋਇਆ। ਦੀਪਮਾਲਾ ਦਾ ਮੇਲਾ ਦਸ ਦਿਨ ਲੱਗਣਾ ਮੰਨਿਆ। ਇਹ ਸ਼ਰਤ ਸਾਫ਼ ਤੌਰ 'ਤੇ ਪੱਕੀ ਕੀਤੀ ਗਈ ਕਿ ਓਨੇ ਦਿਨ ਸਰਕਾਰੀ ਫ਼ੌਜ ਦਾ ਹੋਰ ਕੋਈ ਸਰਕਾਰੀ ਕਰਮਚਾਰੀ ਸ੍ਰੀ ਅੰਮ੍ਰਿਤਸਰ ਨਹੀਂ ਆਵੇਗਾ। ਇੱਥੇ ਰਹਿਣ ਵਾਲੇ ਹਾਕਮ ਵੀ ਮੇਲੇ ਵਿਚ ਦਖ਼ਲ ਨਹੀਂ ਦੇਣਗੇ। ਮੇਲੇ ਆਉਂਦੀ ਸੰਗਤ ਜਾਂ ਸਿੰਘਾਂ ਦੇ ਜਥਿਆਂ ਨੂੰ ਸਰਕਾਰ ਵੱਲੋਂ ਕੋਈ ਰੁਕਾਵਟ ਨਹੀਂ ਹੋਵੇਗੀ। ਸੰਗਤ ਦੇ ਚਲੇ ਜਾਣ ਪਿੱਛੋਂ ਠੇਕੇ ਦੀ ਰਕਮ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕਰਾ ਦਿੱਤੀ ਜਾਵੇਗੀ।

ਕਾਜ਼ੀ ਨੂੰ ਇਸ ਵਿੱਚੋਂ ਦੋ ਹਜ਼ਾਰ ਗੁਪਤ ਤੌਰ 'ਤੇ ਮਿਲ ਜਾਣਾ ਸੀ। ਸੋ, ਉਹਨੇ ਭਾਈ ਸਾਹਿਬ ਜੀ ਦੇ ਹੱਕ ਵਿਚ ਲਿਖ ਕੇ ਇਹ ਸ਼ਰਤਾਂ ਲਾਹੌਰ ਭੇਜ ਦਿੱਤੀਆਂ। ਕਾਜ਼ੀ ਦੇ ਜ਼ੋਰ ਦੇਣ 'ਤੇ ਸੂਬੇਦਾਰ ਲਾਹੌਰ ਨੇ ਵੀ ਇਹ ਸ਼ਰਤਾਂ ਪ੍ਰਵਾਨ ਕਰ ਲਈਆਂ।

ਮੇਲਾ ਲੱਗਣ ਦਾ ਫੈਸਲਾ ਹੋ ਗਿਆ। ਤਿਆਰੀ ਹੋਣ ਲੱਗੀ। ਸ੍ਰੀ ਅੰਮ੍ਰਿਤਸਰ ਦੇ ਉਦਾਲੇ ਦੀ ਸੰਗਤ ਨੇ ਬੜੇ ਉਤਸ਼ਾਹ ਨਾਲ ਪੂਰੇ ਹੋਏ ਸਰੋਵਰ ਦੀ ਸਫ਼ਾਈ ਕੀਤੀ ਤੇ ਖੂਹਾਂ ਦਾ ਪਾਣੀ ਪਾ ਕੇ ਸਰੋਵਰ ਭਰ ਦਿੱਤਾ। ਭਾਈ ਸਾਹਿਬ ਦਾ ਅਸਲੀ ਨਿਸ਼ਾਨਾ ਸੀ ਕਿ ਥਾਂ-ਥਾਂ ਖਿਲਰੇ ਹੋਏ ਜਥੇ 'ਕੱਠੇ ਹੋਣ, ਤਾਂ ਪੰਥ ਦੀ ਬਿਹਤਰੀ ਵਾਸਤੇ ਕੋਈ ਨਿੱਗਰ ਪ੍ਰੋਗਰਾਮ ਬਣਾਇਆ ਜਾਵੇ। ਉਨ੍ਹਾਂ ਨੇ ਚਿੱਠੀਆਂ ਲਿਖ ਕੇ ਸ਼ਰਧਾਲੂ ਸਿੱਖਾਂ ਹੱਥ ਥਾਂ-ਥਾਂ ਸਿੰਘਾਂ ਨੂੰ ਭੇਜ ਦਿੱਤੀਆਂ।

ਇਹ ਚਿੱਠੀਆਂ ਭੇਜ ਕੇ ਬਾਬਾ ਮਨੀ ਸਿੰਘ ਜੀ ਲੋੜੀਂਦੀ ਤਿਆਰੀ ਕਰਨ ਲੱਗੇ। ਸਥਾਨਕ ਸੰਗਤ ਦੇ ਦਿਲ ਵਿਚ ਮੇਲੇ ਦਾ ਚਾਅ ਸੀ। ਭਾਈ ਸਾਹਿਬ ਦਾ ਖਿਆਲ ਸੀ ਕਿ ਮੇਲਾ ਬੜਾ ਲੱਗੇਗਾ ਤੇ ਚੜ੍ਹਾਵਾ ਬੇਅੰਤ ਹੋ ਜਾਵੇਗਾ। ਉਸ ਵਿੱਚੋਂ ਸੱਤ ਹਜ਼ਾਰ ਹਾਕਮਾਂ ਨੂੰ ਦੇ ਕੇ ਬਾਕੀ ਬੱਚਤ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਕੀਤੀ ਜਾਵੇਗੀ।

ਦੂਜੇ ਪਾਸੇ ਮੁਸਲਮਾਨ ਹਾਕਮ ਕੁਝ ਹੋਰ ਹੀ ਸੋਚ ਰਹੇ ਸਨ। ਉਨ੍ਹਾਂ ਵਿਚ ਧਰਮ ਈਮਾਨ ਤਾਂ ਕੋਈ ਹੈ ਨਹੀਂ ਸੀ। ਉਨ੍ਹਾਂ ਸੋਚਿਆ, ਅੱਗੇ ਥਾਂ-ਥਾਂ ਜੰਗਲਾਂ ਵਿਚ ਸਿੰਘਾਂ ਨੂੰ ਲੱਭਦੇ ਫਿਰਦੇ ਸਾਂ, ਪਰ ਉਹ ਹੱਥ ਨਹੀਂ ਸਨ ਆਉਂਦੇ। ਹੁਣ ਚੰਗਾ ਢੋਅ ਲੱਗੇਗਾ। ਸਾਰੇ ਸਿੰਘ ਸਰਦਾਰ ਮੇਲੇ ਉੱਤੇ 'ਕੱਠੇ ਹੋਣਗੇ। ਇੱਥੇ ਹੀ ਘੇਰਾ ਪਾ ਕੇ ਸਭ ਨੂੰ ਫੜ ਲਵੋ ਤੇ ਦਿੱਲੀ ਪਹੁੰਚਾ ਕੇ ਬਾਦਸ਼ਾਹ ਕੋਲੋਂ ਇਨਾਮ ਲਵੋ। ਏਸ ਤਰ੍ਹਾਂ ਬਾਦਸ਼ਾਹ ਖੁਸ਼ ਹੋ ਜਾਵੇਗਾ, ਨਾਲੇ ਸਾਡੇ ਰਾਹ ਵਿੱਚੋਂ ਸਦਾ ਵਾਸਤੇ ਕੰਡਾ ਨਿਕਲ ਜਾਵੇਗਾ।

ਦਿਲ ਵਿਚ ਇਹ ਧਾਰ ਕੇ ਸੂਬੇਦਾਰ ਨੇ ਬਹੁਤ ਸਾਰੀ ਫੌਜ ਮੇਲੇ ਦੇ ਪ੍ਰਬੰਧ ਕਰਨ

ਦੇ ਬਹਾਨੇ ਅੰਮ੍ਰਿਤਸਰ ਭੇਜ ਦਿੱਤੀ। ਨਵੇਂ ਆਏ ਫੌਜੀ ਅਫ਼ਸਰਾਂ ਨੇ ਅੰਮ੍ਰਿਤਸਰ ਦੇ ਉਦਾਲੇ ਚਾਰ-ਚੁਫੇਰੇ ਡੇਰੇ ਲਾ ਲਏ, ਜਿੱਥੋਂ ਲੋੜ ਸਮੇਂ ਝੱਟਪਟ ਘੇਰਾ ਪਾਇਆ ਜਾ ਸਕੇ। ਇਹ ਹਾਲਤ ਵੇਖ ਕੇ ਭਾਈ ਮਨੀ ਸਿੰਘ ਜੀ ਸਭ ਕੁਝ ਤਾੜ ਗਏ। ਉਹ ਸੋਚਣ ਲੱਗੇ, "ਹਾਕਮਾਂ ਦੀ ਨੀਅਤ ਬਦਲ ਗਈ ਹੈ। ਸੰਗਤ 'ਕੱਠੀ ਹੋ ਗਈ, ਤਾਂ ਇਹ ਭਲੇ ਦੀ ਥਾਂ, ਸਗੋਂ ਪੰਥ ਦਾ ਨੁਕਸਾਨ ਹੋਵੇਗਾ। ਬਿਹਤਰੀ ਏਸੇ ਵਿਚ ਹੈ ਕਿ ਸੰਗਤ ਨੂੰ ਆਉਣ ਤੋਂ ਰੋਕ ਦੇਈਏ ਤੇ ਨਿਰਦਈ ਹਾਕਮਾਂ ਦਾ ਗੁੱਸਾ ਆਪਣੇ ਸਿਰ 'ਤੇ ਝੱਲੀਏ।" ਸੋ, ਭਾਈ ਸਾਹਿਬ ਜੀ ਨੇ ਸੰਗਤ ਤੇ ਜਥਿਆਂ ਨੂੰ ਵਾਪਸੀ ਚਿੱਠੀਆਂ ਭੇਜੀਆਂ।

ਸਮੇਂ ਸਿਰ ਖ਼ਬਰਾਂ ਪੁੱਜ ਜਾਣ ਕਰ ਕੇ ਸੰਗਤ ਨਾ ਆਈ। ਸੋ ਨਾ ਮੇਲਾ ਲੱਗਾ ਤੇ ਨਾ ਚੜ੍ਹਾਵਾ ਆਇਆ। ਕੁਝ ਗਿਣਤੀ ਦੇ ਉਦਾਸੀ ਸੰਤ, ਨਿਰਮਲੇ ਸਿੱਖ ਤੇ ਸੂਫ਼ੀ ਫ਼ਕੀਰ ਹੀ 'ਕੱਠੇ ਹੋਏ।

ਮੇਲੇ ਦੇ ਦਿਨ ਬੀਤ ਜਾਣ ਪਿੱਛੋਂ ਸੂਬੇਦਾਰ ਦੇ ਹੁਕਮ ਨਾਲ ਦੀਵਾਨ ਲਖਪਤ ਰਾਏ ਨੇ ਭਾਈ ਮਨੀ ਸਿੰਘ ਜੀ ਤੋਂ ਠੇਕੇ ਦੀ ਰਕਮ ਆ ਮੰਗੀ।

ਭਾਈ ਮਨੀ ਸਿੰਘ ਜੀ ਦਾ ਇਹ ਉਜ਼ਰ ਨਾ ਸੁਣਿਆ ਗਿਆ ਕਿ ਅਹਿਦਨਾਮੇ ਦੀ ਸ਼ਰਤ ਦੇ ਉਲਟ, ਸ੍ਰੀ ਅੰਮ੍ਰਿਤਸਰ ਵਿਚ ਸ਼ਾਹੀ ਫੌਜਾਂ ਦੇ ਆ ਜਾਣ ਕਰ ਕੇ ਮੇਲਾ ਨਹੀਂ ਲੱਗਾ ਤੇ ਚੜ੍ਹਾਵਾ ਨਹੀਂ ਆਇਆ। ਕਾਜ਼ੀ ਅਬਦੁੱਰ ਰਜ਼ਾਕ ਨੂੰ ਵੀ ਵੱਢੀ ਦਾ ਦੋ ਹਜ਼ਾਰ ਨਹੀਂ ਸੀ ਮਿਲਿਆ। ਏਸ ਵਾਸਤੇ ਉਹ ਆਪਣੀ ਥਾਂ ਬੜਾ ਔਖਾ ਸੀ। ਉਹਨੇ ਵੀ ਕੋਲੋਂ ਲਖਪਤ ਰਾਏ ਨੂੰ ਬੜਾ ਭੜਕਾਇਆ। ਮੁੱਕਦੀ ਗੱਲ, ਲਖਪਤ ਰਾਏ ਨੇ ਭਾਈ ਮਨੀ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਖਾਨ ਬਹਾਦਰ ਦੀ ਕਚਹਿਰੀ ਵਿਚ ਜਾ ਪੇਸ਼ ਕੀਤਾ। ਸਿੱਖਾਂ ਦਾ ਸਭ ਤੋਂ ਵੱਡਾ ਗ੍ਰੰਥੀ ਹੋਣ ਕਰਕੇ, ਮੁਤੱਸਬ ਕਾਜ਼ੀ ਤੇ ਮੁੱਲਾਂ ਭਾਈ ਸਾਹਿਬ ਨਾਲ ਬੜੀ ਈਰਖਾ ਰੱਖਦੇ ਸਨ। ਉਨ੍ਹਾਂ ਸੂਬੇਦਾਰ ਨੂੰ ਪਹਿਲਾਂ ਹੀ ਬੜਾ ਭੜਕਾ ਛੱਡਿਆ ਸੀ। ਸੋ, ਕਚਹਿਰੀ ਵਿਚ ਪੇਸ਼ ਹੁੰਦਿਆਂ ਹੀ ਸੂਬੇਦਾਰ ਨੇ ਭਾਈ ਸਾਹਿਬ ਜੀ ਨੂੰ ਧਮਕਾਉਣਾ ਸ਼ੁਰੂ ਕੀਤਾ।

ਮੁਗ਼ਲ ਹਾਕਮਾਂ ਦਾ ਇਹ ਸੁਭਾਅ ਸੀ ਕਿ ਜੇ ਆਪ ਝੂਠੇ ਹੋਣ, ਤਾਂ ਦੂਜੇ ਨੂੰ ਸਗੋਂ ਵਧੇਰੇ ਧਮਕਾਉਣਾ। ਖਾਨ ਬਹਾਦਰ ਜਾਣਦਾ ਹੋਇਆ ਵੀ ਕਿ ਸਾਡੀ ਫ਼ੌਜ ਦੇ ਜਾਣ ਕਰ ਕੇ ਹੀ ਮੇਲਾ ਨਹੀਂ ਲੱਗਾ, ਉਲਟਾ ਭਾਈ ਮਨੀ ਸਿੰਘ ਜੀ 'ਤੇ ਰੋਅਬ ਪਾਉਣ ਲੱਗਾ ਕਿ ਤੂੰ ਹੁਣ ਤਕ ਆਪਣੇ ਆਪ ਆਣ ਕੇ ਠੇਕੇ ਦੀ ਰਕਮ ਕਿਉਂ ਨਹੀਂ ਤਾਰੀ। ਅੱਗੋਂ ਭਾਈ ਸਾਹਿਬ ਜੀ ਨੇ ਖਰੀ-ਖਰੀ ਕਹਿ ਸੁਣਾਈ।

ਇਹ ਸੱਚੀ ਗੱਲ ਸੁਣ ਕੇ ਸੂਬੇਦਾਰ ਨੂੰ ਅੱਗ ਲੱਗ ਉਠੀ। ਉਸ ਸ਼ਖ਼ਸੀ ਹਕੂਮਤ ਦੇ ਹਾਕਮਾਂ ਨੂੰ ਸੱਚ ਸੁਣ ਕੇ ਸਹਾਰਨ ਦੀ ਆਦਤ ਨਹੀਂ ਸੀ। ਉਦੋਂ ਲੋਕ-ਰਾਜ ਨਹੀਂ, ਇਕ ਬੰਦੇ ਦਾ ਰਾਜ ਸੀ, ਤੇ ਜੋ ਉਹ ਕਰੇ, ਉਹ ਇਨਸਾਫ਼। ਇਕਰਾਰਨਾਮੇ

ਦੀ ਸ਼ਰਤ ਦੇ ਉਲਟ ਸ੍ਰੀ ਅੰਮ੍ਰਿਤਸਰ ਫ਼ੌਜ ਕਿਉਂ ਭੇਜੀ ਗਈ? ਏਸ ਗੱਲ ਦਾ ਜਵਾਬ ਸੂਬੇਦਾਰ ਕੋਲ ਕੋਈ ਨਹੀਂ ਸੀ। ਪਰ ਭਾਈ ਸਾਹਿਬ ਦਾ ਜੁਰਮ ਤਾਂ ਇਹ ਸੀ ਕਿ ਉਹ ਅੱਗੋਂ ਬੋਲੇ ਹੀ ਕਿਉਂ ਹਨ। ਸੋ, ਖਾਨ ਬਹਾਦਰ ਬੜੇ ਕ੍ਰੋਧ ਨਾਲ ਕੜਕ ਕੇ ਬੋਲਿਆ।

ਜੋ ਮੂੰਹ ਆਇਆ, ਖ਼ਾਨ ਬਹਾਦਰ ਕਹੀ ਗਿਆ। ਗੁਨਾਹ ਆਪਣਾ ਤੇ ਸਜ਼ਾ ਦੂਸਰੇ ਨੂੰ; ਏਸ ਕੰਮ ਦੀ ਮੁਗ਼ਲ ਹਾਕਮ ਤਾਕ ਵਿਚ ਸਨ। ਨਾਲੇ ਸਿੱਖ ਨੂੰ ਸਜ਼ਾ ਦੇਣ ਵਾਸਤੇ ਤਾਂ ਏਨਾ ਹੀ ਕਾਫ਼ੀ ਸੀ ਕਿ ਉਹ ਸਿੱਖ ਹੈ। ਸ਼ਰ੍ਹਾ ਤਾਂ ਕਿਸੇ ਗ਼ੈਰ-ਮੁਸਲਮਾਨ ਨੂੰ ਜਿਉਂਦਾ ਵੇਖ ਕੇ ਸੁਖਾਂਦੀ ਹੀ ਨਹੀਂ। ਤੇ ਓਦੋਂ ਸ਼ਰ੍ਹਾ ਸੀ, ਜੋ ਮੁਫ਼ਤੀ ਦੇ ਮੂੰਹੋਂ ਨਿਕਲੇ। ਬਚਣ ਦਾ ਰਾਹ ਇੱਕੋ ਸੀ: ਇਸਲਾਮ ਧਾਰਨ ਕਰਨਾ। ਭਾਈ ਮਨੀ ਸਿੰਘ ਜੀ ਦੇ ਸਾਹਮਣੇ ਵੀ ਏਹਾ ਸਵਾਲ ਰੱਖਿਆ ਗਿਆ। ਕਾਜ਼ੀ ਤੇ ਬਾਕੀ ਸਲਾਹਕਾਰਾਂ ਵੀ ਭਾਈ ਸਾਹਿਬ ਜੀ ਨੂੰ ਏਹਾ ਸਲਾਹ ਦਿੱਤੀ ਕਿ ਮੁਸਲਮਾਨ ਹੋ ਕੇ ਜਾਨ ਬਚਾ ਲੈਣ। ਉਨ੍ਹਾਂ ਨੂੰ ਇੱਜ਼ਤ ਤੇ ਧਨ ਬਖ਼ਸ਼ਿਆ ਜਾਊ, ਜਿਸ ਤਰ੍ਹਾਂ ਉਹ ਚੰਗਾ ਜੀਵਨ ਬਸਰ ਕਰ ਸਕਣਗੇ। ਨਹੀਂ ਤਾਂ ਮੌਤ ਜਿਸ ਢੰਗ ਦੀ ਆਵੇਗੀ, ਉਸ ਬਾਰੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ।

ਇਹ ਸਾਰੀਆਂ ਧਮਕੀਆਂ ਤੇ ਵਿਚਾਰਾਂ ਸੁਣ ਕੇ ਭਾਈ ਸਾਹਿਬ ਜੀ ਨੇ ਅੱਗੋਂ ਉੱਤਰ ਦਿੱਤਾ।

ਹਾਂ, ਭਾਈ ਸਾਹਿਬ ਜੀ ਕਹਿੰਦੇ ਗਏ, "ਖ਼ਾਨ ਬਹਾਦਰ! ਜੇ ਅੱਗੇ ਕਦੇ ਕਿਸੇ ਸਿੱਖ ਨੇ ਧਰਮ ਤਿਆਗ ਕੇ ਜਾਨ ਬਚਾਈ ਹੈ, ਤਾਂ ਮੈਥੋਂ ਵੀ ਤੁਸੀਂ ਕੋਈ ਆਸ ਰੱਖੋ, ਜੇ ਨਹੀਂ ਤਾਂ ਐਵੇਂ ਵਕਤ ਕਿਉਂ ਗੁਆਉਂਦੇ ਹੋ। ਜੋ ਕਰਨਾ ਹੈ, ਛੇਤੀ ਕਰੋ। ਮੈਂ ਸੱਚਖੰਡ ਆਪਣੇ ਗੁਰੂ ਕੋਲ ਪਹੁੰਚਾਂ ਤੇ ਤੁਸੀਂ ਕਿਸੇ ਹੋਰ 'ਤੇ ਜ਼ੁਲਮ ਕਰਨ ਵਾਲੇ ਬਣੋ। ਖਾਲਸੇ ਨੂੰ ਮੌਤ ਦਾ ਕੀ ਭੈ? ਤੇ ਮੌਤ ਭਾਵੇਂ ਕਿਸੇ ਢੰਗ ਨਾਲ ਆ ਜਾਵੇ, ਇਸ ਗੱਲ ਦੀ ਕੀ ਚਿੰਤਾ? ਖਾਲਸਾ ਤਿਆਰ-ਬਰ-ਤਿਆਰ ਹੈ?"

ਇਹ ਦਲੇਰੀ ਦੇ ਬਚਨ ਸੁਣ ਕੇ ਤਾਂ ਸਾਰੀ ਕਚਹਿਰੀ ਨੂੰ ਹੀ ਅੱਗ ਲੱਗ ਉੱਠੀ। ਮੁਫ਼ਤੀ ਨੇ ਕੋਲੋਂ ਫ਼ਤਵਾ ਦੇ ਦਿੱਤਾ ਕਿ ਭਾਈ ਸਾਹਿਬ ਜੀ ਦੇ ਬੰਦ-ਬੰਦ ਕੱਟੇ ਜਾਣ। ਇਸ ਉੱਤੇ ਸ਼ਾਹੀ ਪ੍ਰਵਾਨਗੀ ਦੀ ਮੋਹਰ ਲਾ ਕੇ ਸੂਬੇਦਾਰ ਨੇ ਕਹਿਰ ਵਿਚ ਜੱਲਾਦ ਨੂੰ ਭਾਈ ਸਾਹਿਬ ਜੀ ਦੇ ਬੰਦ-ਬੰਦ ਕੱਟ ਕੇ ਸ਼ਹੀਦ ਕਰਨ ਦਾ ਹੁਕਮ ਸੁਣਾ ਦਿੱਤਾ।

ਭਾਈ ਮਨੀ ਸਿੰਘ ਜੀ ਨੂੰ ਇਸ ਅਨੋਖੀ ਸਜ਼ਾ ਦੇਣ ਦੀ ਖ਼ਬਰ ਲਾਹੌਰ ਨਿਵਾਸੀ ਸਿੱਖਾਂ ਤਕ ਪੁੱਜੀ, ਤਾਂ ਸਾਰੇ ਹਾਹਾਕਾਰ ਮੱਚ ਗਈ। ਅੱਜ ਤਕ ਕਦੇ ਵੀ ਕਿਸੇ ਵੱਡੇ ਤੋਂ ਵੱਡੇ ਗੁਨਾਹੀ ਨੂੰ ਬੰਦ-ਬੰਦ ਕੱਟੇ ਜਾਣ ਦੀ ਸਜ਼ਾ ਨਹੀਂ ਸੀ ਦਿੱਤੀ ਗਈ ਤੇ ਸੰਤ-ਸਰੂਪ ਭਾਈ ਮਨੀ ਸਿੰਘ ਜੀ ਦਾ ਤਾਂ ਕਸੂਰ ਹੀ ਕੋਈ ਨਹੀਂ ਸੀ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਹੋਣ ਕਰਕੇ ਭਾਈ ਸਾਹਿਬ ਜੀ

ਦਾ ਸਾਰੇ ਪੰਥ ਵਿਚ ਬੜਾ ਸਤਿਕਾਰ ਸੀ। ਲਾਹੌਰੀ ਸਿੱਖਾਂ ਨੇ ਸੋਚਿਆ ਕਿ ਸਰਕਾਰ ਠੇਕੇ ਦੀ ਰਕਮ ਹੀ ਲੈਣਾ ਚਾਹੁੰਦੀ ਹੈ ਨਾ। ਸੋ ਉਗਰਾਹੀ ਕਰਕੇ ਪੂਰਾ ਕਰ ਦਿਆਂਗੇ। ਕੁਝ ਪਤਵੰਤੇ ਸਿੱਖ ਭਾਈ ਸਾਹਿਬ ਜੀ ਤੋਂ ਏਸ ਕੰਮ ਦੀ ਆਗਿਆ ਲੈਣ ਵਾਸਤੇ ਆ ਪੁੱਜੇ।

ਸਿੱਖਾਂ ਦੀ ਇਹ ਬੇਨਤੀ ਸੁਣ ਕੇ ਭਾਈ ਮਨੀ ਸਿੰਘ ਜੀ ਨੇ ਕਿਹਾ, "ਗੁਰੂ ਪਿਆਰੇ ਸਿੱਖੋ! ਕੀ ਤੁਸੀਂ ਸਮਝਦੇ ਹੋ ਕਿ ਏਸ ਤਰ੍ਹਾਂ ਸਮਾਂ ਟਲ ਜਾਵੇਗਾ? ਯਾਦ ਰੱਖੋ, ਜ਼ਾਲਮ ਪੈਸੇ ਨਹੀਂ, ਸਾਡੀ ਜਾਨ ਲੈਣਾ ਚਾਹੁੰਦਾ ਹੈ। ਨਾਲੇ ਮੌਤ ਤੋਂ ਘਬਰਾਉਣਾ ਵੀ ਕਿਸ ਗੱਲੇ? ਸਿੱਖ ਤਾਂ ਮੌਤ ਦੇ ਬਾਅਦ ਅਮਰ ਜੀਵਨ ਪ੍ਰਾਪਤ ਕਰ ਲੈਂਦਾ ਏ। ਪੰਥ ਦੇ ਹਿਤ ਇਹ ਸਰੀਰ ਲੱਗ ਜਾਵੇ, ਤਾਂ ਹੋਰ ਕੀ ਚਾਹੀਦਾ ਹੈ? ਕੀ ਉਸ ਮੌਤ ਨੂੰ ਤੁਸੀਂ ਸਤਿਗੁਰ ਦੀ ਕ੍ਰਿਪਾ ਨਹੀਂ ਸਮਝਦੇ, ਜਿਸ ਦੀ ਯਾਦ ਪਿੱਛੋਂ ਜੁੱਗਾਂ ਤੀਕ ਕਾਇਮ ਰਹੇਗੀ? ਆਪ ਮੇਰੀ ਚਿੰਤਾ ਨਾ ਕਰੋ। ਨਾਲੇ ਸਿੱਖਾਂ ਦੀ ਦਸਾਂ ਨੌਹਾਂ ਦੀ ਕਮਾਈ, ਜ਼ਾਲਮ ਦੇ ਘਰ ਪਾ ਕੇ ਮੈਂ ਇਹ ਨਾਸਵੰਦ ਠੀਕਰਾ ਨਹੀਂ ਬਚਾਉਣਾ ਚਾਹੁੰਦਾ। ਸਿੱਖ ਆਤਮ-ਸਰੂਪ ਹੈ, ਆਤਮਾ ਅਮਰ ਹੈ, ਇਸ ਵਾਸਤੇ ਸਿੱਖ ਤਾਂ ਕਦੇ ਮਰਦਾ ਨਹੀਂ। ਤੁਸੀਂ ਕਿਸ ਗੱਲ ਦਾ ਫ਼ਿਕਰ ਕਰਦੇ ਓ? ਮੈਂ ਜ਼ਾਲਮ ਨੂੰ ਧਨ ਦੇ ਕੇ ਜਾਨ ਨਹੀਂ ਬਚਾਉਣੀ, ਤੇ ਨਾ ਉਹਨੇ ਧਨ ਲੈ ਕੇ ਹੀ ਆਪਣੀ ਆਈ ਤੋਂ ਟਲਣਾ ਹੈ।..."

ਭਾਈ ਸਾਹਿਬ ਜੀ ਨੂੰ ਨਖਾਸ ਚੌਂਕ (ਲਾਹੌਰ) ਦੀ ਕਤਲਗਾਹ ਵਿਚ ਲਿਆਂਦਾ ਗਿਆ। ਸਾਦਿਕ ਦਾ ਇਮਤਿਹਾਨ ਹੁੰਦਾ ਵੇਖਣ ਵਾਸਤੇ ਖ਼ਲਕਤ 'ਕੱਠੀ ਹੋਈ-ਹੋਈ ਸੀ। ਭਾਈ ਸਾਹਿਬ ਜੀ ਚੌਂਕੜੀ ਮਾਰ ਕੇ ਬੈਠ ਗਏ। ਜੱਲਾਦ ਨੇ ਛੁਰੀ ਉਠਾਈ ਤੇ ਪਹਿਲਾ ਵਾਰ ਗੁੱਟ 'ਤੇ ਕਰਨ ਲੱਗਾ। ਭਾਈ ਸਾਹਿਬ ਜੀ ਨੇ ਹੱਥ ਪਿੱਛੇ ਕਰ ਲਿਆ। ਜੱਲਾਦ ਨੇ ਕਿਹਾ, "ਬੱਸ? ਏਨਾ ਈ ਮਾਣ ਸੀ ਆਪਣੇ ਸਿਦਕ ਉੱਤੇ? ਅਜੇ ਤਾਂ ਮੈਂ ਪਹਿਲਾ ਵਾਰ ਹੀ ਕਰਨ ਲੱਗਾ ਸਾਂ, ਤੇ ਹੁਣੇ ਘਬਰਾ ਗਏ? ਮਰਨ ਨੂੰ ਚਿੱਤ ਨਹੀਂ ਕਰਦਾ, ਤਾਂ ਇਸਲਾਮ ਧਾਰਨ ਕਰ ਕੇ ਜਾਨ ਬਚਾ ਲਵੋ।"

ਭਾਈ ਸਾਹਿਬ ਜੀ ਨੇ ਓਸੇ ਤਰ੍ਹਾਂ ਗੰਭੀਰ ਭਾਵ ਨਾਲ ਕਿਹਾ, "ਭਾਈ! ਅਸੀਂ ਮੌਤ ਤੋਂ ਨਹੀਂ ਡਰੇ। ਮੌਤ ਤਾਂ ਸਾਡੀ ਖਿਡਾਵੀ ਹੈ, ਜੋ ਪੁਰਾਣਾ ਚੋਲਾ (ਸਰੀਰ) ਲਾਹ ਕੇ ਨਵਾਂ ਪਹਿਨਾ ਦਿੰਦੀ ਹੈ। ਨਾ ਤੇਰੇ ਤੇਜ਼ ਹਥਿਆਰਾਂ ਦੇ ਦੁੱਖ ਤੋਂ ਘਬਰਾਏ ਹਾਂ, ਕਿਉਂਕਿ ਦੁੱਖ ਸਰੀਰ ਨੂੰ ਹੈ ਤੇ ਸਿੱਖ 'ਜੋਤਿ ਸਰੂਪ' ਹੈ। ਅਸੀਂ ਤਾਂ ਇਸ ਵਾਸਤੇ ਹੱਥ ਪਿੱਛੇ ਕੀਤਾ ਹੈ ਕਿ ਤੂੰ ਆਪਣੇ ਮਾਲਕ ਦੀ ਹੁਕਮ ਅਦੂਲੀ ਕਰਨ ਲੱਗਾ ਸੈਂ। ਤੂੰ ਪਹਿਲਾ ਵਾਰ ਹੀ ਗੁੱਟ 'ਤੇ ਕਰਨ ਲੱਗਾ ਸੈਂ, ਪਰ ਤੇਰੇ ਮਾਲਕਾਂ ਦਾ ਹੁਕਮ ਹੈ ਕਿ ਬੰਦ-ਬੰਦ ਕੱਟਣੇ ਹਨ। ਵੇਖ, ਗੁੱਟ ਤੋਂ ਪਹਿਲਾਂ ਇਕ-ਇਕ ਉਂਗਲ ਵਿਚ ਕਿੰਨੇ-ਕਿੰਨੇ ਜੋੜ ਹਨ? ਸੋ, ਹੁਕਮ ਦੀ ਪਾਲਣਾ ਕਰ, ਭਾਈ!"

ਏਨੀ ਸੁਣ ਕੇ ਵੇਖਣ ਵਾਲੇ ਦੰਗ ਰਹਿ ਗਏ। ਪਰ ਜੱਲਾਦ ਨੂੰ ਸਗੋਂ ਗੁੱਸਾ ਆ ਗਿਆ। ਜੱਲਾਦ ਦੇ ਦਿਲ ਵਿਚ ਦਇਆ ਨਹੀਂ ਹੁੰਦੀ। ਦਇਆ ਹੋਵੇ, ਤਾਂ ਉਹ ਅਜਿਹਾ ਪੇਸ਼ਾ ਹੀ ਕਿਉਂ ਅਖ਼ਤਿਆਰ ਕਰੇ? ਸ਼ਿਕਾਰ ਸ਼ਿਕਾਰੀ ਨੂੰ ਵੰਗਾਰੇ, ਤਾਂ ਉਹਦੇ ਤਰਕਸ਼ ਦੇ ਤੀਰ ਸਗੋਂ ਜ਼ਹਿਰੀਲੇ ਹੋ ਜਾਇਆ ਕਰਦੇ ਹਨ। ਹੁਣ ਦੋਵੇਂ ਧਿਰਾਂ ਤਿਆਰ ਹੋ ਗਈਆਂ। ਭਾਈ ਸਾਹਿਬ ਜੀ ਸਮਾਧੀ ਲਾ ਕੇ 'ਜਪੁਜੀ' ਸਾਹਿਬ ਦਾ ਪਾਠ ਕਰਨ ਲੱਗ ਪਏ ਤੇ ਜੱਲਾਦ ਨੇ ਆਪਣਾ ਕੰਮ ਅਰੰਭ ਕਰ ਦਿੱਤਾ।

ਬੰਦ-ਬੰਦ ਕੱਟੇ ਗਏ, ਪਰ ਸਿਦਕੀ ਨੇ 'ਸੀ' ਨਾ ਉਚਾਰੀ। ਸ਼ਹੀਦਾਂ ਦੇ ਇਤਿਹਾਸ ਵਿਚ ਇਹ ਅਨੋਖੀ ਕੁਰਬਾਨੀ ਸੀ। ਇਹ ਘਟਨਾ ਨਖ਼ਾਸ ਚੌਂਕ (ਲਾਹੌਰ) ਵਿਚ ਮੱਘਰ ਸੁਦੀ ਪੰਜ, ੧੭੦੫ ਬਿ. (੧੭੩੮ ਈ:) ਨੂੰ ਹੋਈ। ਲਾਹੌਰ ਦੇ ਸਿੱਖਾਂ ਵੱਲੋਂ ਭਾਈ ਸਾਹਿਬ ਜੀ ਦੇ ਟੁੱਕੜੇ ਹੋ ਚੁੱਕੇ ਸਰੀਰ ਦਾ ਸਸਕਾਰ ਸ਼ਾਹੀ ਕਿਲ੍ਹੇ ਦੇ ਚੜ੍ਹਦੇ ਬੂਹੇ ਦੇ ਸਾਹਮਣੇ ਕੀਤਾ ਗਿਆ। ਓਸੇ ਥਾਂ 'ਤੇ ਅਜੇ ਤਕ ਭਾਈ ਸਾਹਿਬ ਜੀ ਦੀ ਸਮਾਧ ਬਣੀ ਹੋਈ ਹੈ। ਏਸ ਸ਼ਹੀਦੀ ਨੇ ਸਿੱਖਾਂ ਅੰਦਰ ਨਵੇਂ ਸਿਰਿਓਂ ਜੋਸ਼ ਪੈਦਾ ਕਰ ਦਿੱਤਾ। ਕਿਸੇ ਵੀ ਕੌਮ ਉੱਤੇ ਨਵਾਂ ਜੀਵਨ ਆਉਂਦਾ ਹੈ ਤਾਂ ਸ਼ਹੀਦਾਂ ਦੇ ਪਵਿੱਤਰ ਲਹੂ ਨਾਲ ਸਿੰਜੀ ਜਾ ਕੇ ਹੀ। ਭਾਈ ਮਨੀ ਸਿੰਘ ਜੀ ਸਾਰੇ ਪੰਥ ਵਿਚ ਪੂਰਨ ਸੰਤ ਕਰਕੇ ਮੰਨੇ ਜਾਂਦੇ ਸਨ। ਹਰ ਇਕ ਸਿੱਖ ਦੇ ਦਿਲ ਵਿਚ ਉਨ੍ਹਾਂ ਲਈ ਅਥਾਹ ਸ਼ਰਧਾ ਸੀ। ਭਾਈ ਸਾਹਿਬ ਜੀ ਨੂੰ ਦਿੱਤੇ ਗਏ ਅਕਹਿ ਤਸੀਹਾਂ ਦੀ ਖ਼ਬਰ ਅੱਗ ਵਾਂਗ ਸਾਰੇ ਪੰਥ ਵਿਚ ਖਿਲਰ ਗਈ। ਜੁਆਨਾਂ ਨੇ ਤਲਵਾਰਾਂ ਸੰਭਾਲੀਆਂ ਤੇ ਥਾਂ-ਥਾਂ ਮਾਰ ਧਾੜ ਸ਼ੁਰੂ ਕਰ ਦਿੱਤੀ। ਕਾਜ਼ੀ ਅਬਦੁੱਰ ਰਜ਼ਾਕ ਨੂੰ ਸ. ਅੱਘੜ ਸਿੰਘ ਨੇ ਕਤਲ ਕੀਤਾ। ਸਿੰਘਾਂ ਨੇ ਕਾਜ਼ੀ ਦਾ ਪਿੰਡ ਅਲੀਗੜ੍ਹ (ਜ਼ਿਲ੍ਹਾ ਗੁਜਰਾਂਵਾਲਾ) ਉਜਾੜ ਕੇ ਉਸ ਦਾ ਨਾਂ 'ਅਕਾਲ ਗੜ੍ਹ' ਰੱਖ ਦਿੱਤਾ। ਫ਼ਤਵਾ ਦੇਣ ਵਾਲੇ ਕਾਜ਼ੀ ਨੂੰ ਸ. ਥਰਾਜ ਸਿੰਘ ਨੇ ਕਤਲ ਕਰ ਦਿੱਤਾ। ਸਿੰਘਾਂ ਨੇ ਸੂਬੇਦਾਰ ਖ਼ਾਨ ਬਹਾਦਰ ਨੂੰ ਵੀ ਕਤਲ ਕਰਨ ਦੀ ਗੋਂਦ ਗੁੰਦੀ, ਪਰ ਉਹ ਨੇਪਰੇ ਨਾ ਚੜ੍ਹੀ। ਥੋੜ੍ਹੇ ਸ਼ਬਦਾਂ ਵਿਚ ਏਨਾ ਕਹਿਣਾ ਹੀ ਕਾਫ਼ੀ ਹੈ ਕਿ ਏਸ ਸ਼ਹੀਦੀ ਪਿੱਛੋਂ ਸਿੰਘ ਅਜਿਹੇ ਭੜਕੇ ਕਿ ਹਕੂਮਤ ਤੋਂ ਫੇਰ ਕਾਬੂ ਨਾ ਆਏ।

ਸੋ, ਇਸ ਸ਼ਹੀਦੀ ਨੇ ਸਿੱਖੀ ਨੂੰ ਨਵਾਂ ਉਤਸ਼ਾਹ ਬਖ਼ਸ਼ਿਆ।

■

# ਭਾਈ ਤਾਰੂ ਸਿੰਘ ਪੂਹਲਾ ਜੀ ਦੀ ਸ਼ਹੀਦੀ

*-ਡਾ. ਅਮਰਜੀਤ ਕੌਰ ਇੱਬਣ ਕਲਾਂ**

ਸਾਹਸੀ ਅਤੇ ਨਿਧੜਕ ਸਿੰਘ ਸੂਰਮੇ ਕਿਉਂਕਿ ਸਰਕਾਰ ਦੀ ਪਹੁੰਚ ਤੋਂ ਬਾਹਰ ਸਨ, ਇਸ ਲਈ ਨੀਚ ਪ੍ਰਵਿਰਤੀ ਵਾਲੇ ਝੋਲੀਚੁਕਾਂ ਨੇ ਸ਼ਰੀਫ਼ ਅਤੇ ਇਹੋ ਜਿਹੇ ਸਿੱਖਾਂ ਤੋਂ ਆਪਣਾ ਬਦਲਾ ਲਿਆ ਜੋ ਕਿਸੇ ਦਾ ਕੁਝ ਨਹੀਂ ਵਿਗਾੜਦੇ ਸਨ। ਮਾਝੇ ਦੇ ਇਲਾਕੇ ਦੇ ਪੂਹਲਾ ਪਿੰਡ ਵਿਚ ਭਾਈ ਤਾਰੂ ਸਿੰਘ ਨਾਮ ਦਾ ਇਕ ਸਿੱਖ ਰਹਿੰਦਾ ਸੀ। ਇਹ ਸਦਾ ਨਾਮ ਦੇ ਰੰਗ ਵਿਚ ਰੰਗਿਆ ਹੋਇਆ, ਸਾਧੂ ਬਿਰਤੀ ਵਾਲਾ ਦਰਵੇਸ਼ ਨੌਜਵਾਨ ਸੀ। ਇਸ ਦਾ ਕਿਸੇ ਨਾਲ ਕੋਈ ਸਰੋਕਾਰ ਨਹੀਂ ਸੀ। ਇਸ ਦੇ ਪਰਵਾਰ ਵਿਚ ਇਸ ਦੀ ਮਾਤਾ ਅਤੇ ਇਕ ਭੈਣ ਸੀ। ਇਹ ਆਪਣੇ ਡੇਰੇ 'ਤੇ ਸਦਾ ਬਰਤ ਲੰਗਰ ਜਾਰੀ ਰੱਖਦੇ ਸਨ। ਹਰ ਇਕ ਨੂੰ ਬਿਨਾਂ ਕਿਸੇ ਭਿੰਨ-ਭੇਦ ਤੋਂ ਲੰਗਰ ਛਕਾਉਂਦੇ ਸਨ। ਭਾਈ ਤਾਰੂ ਸਿੰਘ ਜੀ ਅੰਦਰਖ਼ਾਤੇ ਆਪਣੇ ਬਨਵਾਸੀ ਭਰਾਵਾਂ ਦੀ ਮਦਦ ਵੀ ਕਰਦੇ ਸਨ।

ਜੰਡਿਆਲੇ ਦਾ ਹਰਿਭਗਤ ਨਿਰੰਜਣੀਆਂ ਜੋ ਕਿ ਸਿੱਖਾਂ ਦਾ ਵੱਡਾ ਵੈਰੀ ਸੀ। ਇਸ ਨੇ ਭਾਈ ਸਾਹਿਬ ਜੀ ਨੂੰ ਚੁਗਲੀ ਕਰ ਕੇ ਫੜਵਾ ਦਿੱਤਾ। ਭਾਈ ਜੀ ਨੂੰ ਲਾਹੌਰ ਲਿਆਂਦਾ ਗਿਆ। ਇਸਲਾਮ ਧਾਰਨ ਕਰਨ ਅਤੇ ਕੇਸ ਕਟਾਉਣ ਲਈ ਕਿਹਾ ਗਿਆ। ਭਾਈ ਜੀ ਨੇ ਕਿਹਾ ਕਿ ਉਨ੍ਹਾਂ ਦੇ ਕੇਸ ਉਨ੍ਹਾਂ ਦੀ ਖੋਪਰੀ ਨਾਲੋਂ ਵੱਖ ਨਹੀਂ ਕੀਤੇ ਜਾ ਸਕਦੇ। ਜ਼ਕਰੀਆ ਖ਼ਾਨ ਨੇ ਹੁਕਮ ਦਿੱਤਾ ਕਿ ਇਸ ਦੀ ਖੋਪਰੀ ਵਾਲਾਂ ਸਮੇਤ ਲਾਹ ਦਿਉ। ਜੱਲਾਦ ਨੇ ਖੋਪਰੀ ਕੇਸਾਂ ਸਮੇਤ ਉਤਾਰ ਦਿੱਤੀ। ਭਾਈ ਤਾਰੂ ਸਿੰਘ ਜੀ ਦਾ ਸਾਰਾ ਚਿਹਰਾ, ਸਾਰਾ ਸਰੀਰ ਲਹੂ ਵਿਚ ਭਿੱਜ ਗਿਆ। ਭਾਈ ਸਾਹਿਬ ਨੇ ਜ਼ਕਰੀਆ ਖ਼ਾਨ ਨੂੰ ਕਿਹਾ, "ਖ਼ਾਨ, ਅਸੀਂ ਜਾਣ ਤੋਂ ਪਹਿਲਾਂ ਤੈਨੂੰ ਅੱਗੇ ਲਾ ਕੇ, ਲੈ ਕੇ ਚੱਲਾਂਗੇ!" ਭਾਈ ਸਾਹਿਬ ਜੀ ਦੇ ਇਹ ਵਾਕ ਕਹਿਣ ਦੀ ਦੇਰ ਸੀ ਕਿ ਜ਼ਕਰੀਆ ਖ਼ਾਨ ਨੂੰ ਪਿਸ਼ਾਬ ਦਾ ਬੰਨ੍ਹ ਪੈ ਗਿਆ। ਉਹ ਬਹੁਤ ਤੜਫੇ, ਰੋਵੇ ਪਰ ਤੀਰ ਕਮਾਨ ਵਿੱਚੋਂ ਨਿਕਲ ਚੁੱਕਾ ਸੀ। ਖ਼ਾਨ ਨੇ ਭਾਈ ਸੁਬੇਗ ਸਿੰਘ ਨੂੰ ਭਾਈ ਤਾਰੂ ਸਿੰਘ ਵੱਲ ਭੇਜਿਆ। ਜੱਲਾਦਾਂ ਨੇ ਲਹੂ-ਲੁਹਾਣ ਹੋਏ ਭਾਈ ਤਾਰੂ ਸਿੰਘ ਨੂੰ ਨੀਵੀਂ ਥਾਂ ਸੁੱਟ ਦਿੱਤਾ ਸੀ। ਉੱਥੋਂ ਦੋ ਤਰਖਾਣ ਭਰਾ ਭਾਈ ਸਾਹਿਬ ਜੀ ਨੂੰ ਆਪਣੇ ਘਰ ਲੈ ਗਏ ਅਤੇ ਮਿੱਠੇ ਤੇਲ ਦਾ ਕੜਾਹ ਬਣਾ ਕੇ ਸਿਰ 'ਤੇ ਰੱਖਦੇ ਰਹੇ ਸਨ। ਜਦੋਂ ਸੁਬੇਗ ਸਿੰਘ ਭਾਈ ਤਾਰੂ ਸਿੰਘ ਕੋਲ ਖ਼ਾਨ ਵੱਲੋਂ ਮੁਆਫ਼ੀ ਮੰਗਣ ਆਇਆ ਤਾਂ ਭਾਈ ਤਾਰੂ ਸਿੰਘ ਨੇ ਕਿਹਾ, "ਮੈਂ ਕੌਣ ਹਾਂ ਮੁਆਫ਼ ਕਰਨ ਵਾਲਾ, ਗੁਰੂ-ਪੰਥ ਪਾਸ ਜਾਓ, ਜੇ ਉਹ ਮਾਫ

*ਪਿੰਡ ਤੇ ਡਾਕ: ਇੱਬਣ ਕਲਾਂ, ਝਬਾਲ ਰੋਡ, ਸ੍ਰੀ ਅੰਮ੍ਰਿਤਸਰ- ੧੪੩੦੦੯; ਮੋ: +੯੧੯੭੮੦੬੩੫੧੯੭

ਕਰ ਦੇਣ!" ਭਾਈ ਸੁਬੇਗ ਸਿੰਘ ਝਬਾਲ-ਲਾਲੂ ਘੁੰਮਣ ਦੀ ਰੱਖ ਵਿਚ ਸਿੰਘਾਂ ਪਾਸ ਪੁੱਜੇ। ਅਰਦਾਸ ਕੀਤੀ ਤਾਂ ਪੰਥ ਖ਼ਾਲਸੇ ਨੇ ਹੁਕਮ ਕੀਤਾ ਕਿ ਭਾਈ ਤਾਰੂ ਸਿੰਘ ਦੇ ਪੈਰ ਦਾ ਛਿੱਤਰ (ਜੁੱਤੀ) ਜ਼ਕਰੀਆ ਖ਼ਾਨ ਦੇ ਸਿਰ ਵਿਚ ਮਾਰੋ। ਜਿਉਂ-ਜਿਉਂ ਛਿੱਤਰ ਮਾਰੋਗੇ ਤਾਂ ਪਿਸ਼ਾਬ ਆਈ ਜਾਏਗਾ।

ਭਾਈ ਸੁਬੇਗ ਸਿੰਘ ਭਾਈ ਤਾਰੂ ਸਿੰਘ ਨੂੰ ਗੁਰੂ-ਪੰਥ ਦਾ ਹੁਕਮ ਦੱਸ ਕੇ, ਭਾਈ ਸਾਹਿਬ ਦਾ ਛਿੱਤਰ ਲੈ ਗਏ। ਇਸ ਤਰ੍ਹਾਂ ਜਿਉਂ-ਜਿਉਂ ਖ਼ਾਨ ਦੇ ਸਿਰ ਵਿਚ ਛਿੱਤਰ ਵੱਜਦੇ ਤਿਉਂ-ਤਿਉਂ ਉਸ ਨੂੰ ਪਿਸ਼ਾਬ ਆਈ ਜਾਂਦਾ। ਖ਼ਾਨ ਚਿਲਾਉਂਦਾ ਹੋਇਆ ਕਹਿੰਦਾ, ਹੋਰ ਜ਼ੋਰ ਦੀ ਮਾਰੋ!

ਇਸ ਤਰ੍ਹਾਂ ਜ਼ਕਰੀਆ ਖ਼ਾਨ ਭਾਈ ਤਾਰੂ ਸਿੰਘ ਜੀ ਦੇ ਛਿੱਤਰ ਸਿਰ ਵਿਚ ਖਾਂਦਾ-ਖਾਂਦਾ ਮਰ ਗਿਆ। ਇਹ ਘਟਨਾ ਪਹਿਲੀ ਜੁਲਾਈ, ੧੭੪੫ ਈ. ਨੂੰ ਹੋਈ ਸੀ। ਜਦੋਂ ਭਾਈ ਸਾਹਿਬ ਜੀ ਨੂੰ ਪਤਾ ਲੱਗਾ ਤਾਂ ਉਹ ਵੀ ਜਪੁਜੀ ਸਾਹਿਬ ਦਾ ਪਾਠ ਸੁਣਦੇ ਗੁਰੂ-ਚਰਨਾਂ ਵਿਚ ਜਾ ਬਿਰਾਜੇ। ਦੋਵਾਂ ਭਰਾਵਾਂ, ਜਿਨ੍ਹਾਂ ਵਿੱਚੋਂ ਇਕ ਦਾ ਨਾਮ ਭਾਈ ਰੂਪ ਸਿੰਘ ਸੀ, ਨੇ ਭਾਈ ਸਾਹਿਬ ਜੀ ਦਾ ਅੰਤਮ ਸਸਕਾਰ ਆਪਣੇ ਵਿਹੜੇ ਵਿਚ ਕੀਤਾ ਅਤੇ ਉਨ੍ਹਾਂ ਦੀ ਯਾਦਗਾਰ ਆਪਣੇ ਵਿਹੜੇ ਵਿਚ 'ਸ਼ਹੀਦ ਗੰਜ' ਵਿਖੇ ਬਣਾ ਦਿੱਤੀ ਜੋ ਕਿ ਮੌਜੂਦਾ ਸਮੇਂ ਲਾਹੌਰ ਵਿਖੇ ਸਥਿਤ ਹੈ। ਉਨ੍ਹਾਂ ਦਾ ਘਰ 'ਸ਼ਹੀਦ ਗੰਜ' ਦੇ ਨਾਲ ਲੱਗਦੀ ਕੰਧ ਦੇ ਨਾਲ ਸੀ। ਭਾਈ ਤਾਰੂ ਸਿੰਘ ਜੀ ੨੨ ਦਿਨ ਬਿਨਾਂ ਖੋਪੜੀ ਤੋਂ ਇਸ ਸਰੀਰ ਵਿਚ ਰਹੇ ਤੇ ਬਾਈ ਦਿਨ ਦੋਵੇਂ ਭਰਾ ਮਿੱਠੇ ਤੇਲ ਦਾ ਕੜਾਹ ਬਣਾ-ਬਣਾ ਕੇ ਭਾਈ ਸਾਹਿਬ ਜੀ ਦੇ ਸੀਸ ਉੱਤੇ ਰੱਖਦੇ ਰਹੇ ਸਨ।

■

## ਪਿੰਡ ਬਰਾੜ ਵਿਖੇ ਅੰਮ੍ਰਿਤ-ਸੰਚਾਰ

ਭਾਈ ਸੁਖਵੰਤ ਸਿੰਘ ਸਭਰਾ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਗੁਰੂਸਰ ਸਾਹਿਬ, ਪਿੰਡ ਬਰਾੜ, ਤਹਿਸੀਲ ਅਜਨਾਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ੨੦ ਮਾਰਚ, ੨੦੨੩ ਨੂੰ ਕਰਵਾਏ ਅੰਮ੍ਰਿਤ-ਸੰਚਾਰ ਦੌਰਾਨ ੧੯੦ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

*ਖੋਜਾਰਥੀਆਂ ਲਈ ਵਿਸ਼ੇਸ਼*

# ਗੁਰਬਾਣੀ ਵਿਚ ਗਿਆਨ

*-ਡਾ. ਤੇਜਿੰਦਰ ਪਾਲ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਦੋ ਪ੍ਰਕਾਰ ਦੇ ਮਨੁੱਖ ਇਸ ਸੰਸਾਰ ਵਿਚ ਪਾਏ ਜਾਂਦੇ ਹਨ। ਪਹਿਲੇ ਹਨ ਗਿਆਨਵਾਨ ਮਨੁੱਖ, ਜਿਹੜੇ ਨਾਮ ਜਪ ਕੇ 'ਗਿਆਨ' ਦੀ ਪ੍ਰਾਪਤੀ ਕਰਦੇ ਹਨ। 'ਗਿਆਨ' ਪ੍ਰਾਪਤ ਕਰ ਕੇ ਉਨ੍ਹਾਂ ਨੂੰ ਸਮਝ ਆ ਜਾਂਦੀ ਹੈ ਕਿ ਦ੍ਰਿਸ਼ਟਮਾਨ ਸੰਸਾਰ ਸੁਪਨੇ ਨਿਆਈਂ ਹੈ। ਇਸੇ ਤਰ੍ਹਾਂ ਦੂਜੀ ਤਰ੍ਹਾਂ ਦੇ ਮਨੁੱਖ ਅਗਿਆਨੀ ਹਨ, ਜਿਹੜੇ ਸੰਸਾਰ ਨੂੰ ਸੱਚ ਜਾਣ ਕੇ, ਮੋਹ-ਮਾਇਆ ਵਿਚ ਫਸ ਕੇ ਆਪਣਾ ਜੀਵਨ ਅਜਾਈਂ ਗਵਾ ਲੈਂਦੇ ਹਨ। ਗੁਰਬਾਣੀ ਰਾਹੀਂ ਮਨੁੱਖ ਅਗਿਆਨ ਦਾ ਵਿਨਾਸ਼ ਕਰ ਸਕਦਾ ਹੈ। ਅਗਿਆਨ ਦੇ ਹਨੇਰੇ ਨੂੰ ਗਿਆਨ ਦੇ ਪ੍ਰਕਾਸ਼ ਤੋਂ ਬਿਨਾਂ ਦੂਰ ਨਹੀਂ ਕੀਤਾ ਜਾ ਸਕਦਾ। ਪ੍ਰਕਾਸ਼ ਨਾਲ ਜੀਵ ਦਾ ਜਨਮ ਜਨਮਾਂਤਰ ਦਾ ਅਗਿਆਨ ਖ਼ਤਮ ਹੋ ਜਾਂਦਾ ਹੈ। ਜ਼ਿਕਰਯੋਗ ਹੈ ਕਿ ਗੁਰਬਾਣੀ ਵਿਚ ਦਰਸਾਇਆ 'ਗਿਆਨ' ਸਧਾਰਣ ਪਦਾਰਥਾਂ ਦੇ ਗਿਆਨ ਤਕ ਸੀਮਤ ਨਹੀਂ, ਬਲਕਿ ਇਸ ਦਾ ਸੰਬੰਧ 'ਬ੍ਰਹਮ ਗਿਆਨ' ਨਾਲ ਹੈ।

ਅਸਲ ਵਿਚ 'ਗਿਆਨ' ਮਨੁੱਖੀ ਕ੍ਰਿਆ ਹੈ, ਜਿਸ ਦਾ ਸੰਬੰਧ ਮਨੁੱਖ ਦੀ ਬੌਧਿਕ ਸਮਰੱਥਾ ਨਾਲ ਹੈ। ਗਿਆਨ ਦਾ ਸੰਬੰਧ, ਤਰਕ ਅਤੇ ਮਨੋਵਿਗਿਆਨ ਦੋਹਾਂ ਨਾਲ ਹੈ। ਦਰਸ਼ਨਵੇਤਾ ਅਤੇ ਧਰਮ-ਮੀਮਾਂਸਕ ਵਿਅਕਤੀ 'ਗਿਆਨ ਦੀ ਵਸਤੂ' ਬਾਰੇ ਦੱਸਦੇ ਹਨ। ਦੂਜੇ ਪਾਸੇ ਮਨੋਵਿਗਿਆਨੀ ਜਗਿਆਸੂ ਨੂੰ ਗਿਆਨ ਹਾਸਿਲ ਕਰਨ ਦੇ ਵਸੀਲਿਆਂ ਬਾਰੇ ਦੱਸਦੇ ਹਨ। ਦਾਰਸ਼ਨਿਕ ਪੱਧਰ 'ਤੇ ਬ੍ਰਹਮ ਦਾ ਕੀਤਾ ਗਿਆ ਚਿੰਤਨ 'ਗਿਆਨ ਮਾਰਗੀ' ਚਿੰਤਨ ਕਿਹਾ ਜਾਂਦਾ ਹੈ। ਗਿਆਨ ਮਾਰਗੀ ਸਾਹਿਤ ਵਿਚ ਗਿਆਨ ਹੀ ਇਕ ਅਜਿਹਾ ਸਾਧਨ ਜਾਂ ਵਸੀਲਾ ਹੈ, ਜਿਸ ਨਾਲ ਪਰਮਾਤਮਾ ਦੇ ਸਾਖਿਆਤ ਦਰਸ਼ਨ ਹੋ ਸਕਦੇ ਹਨ।

ਇਸ ਲੇਖ ਦਾ ਮਨੋਰਥ ਗਿਆਨ ਸਿਧਾਂਤ ਨੂੰ ਕੇਵਲ ਗੁਰਬਾਣੀ ਦੇ ਸੰਦਰਭ ਵਿਚ ਸਮਝਣਾ ਹੈ। ਇਸ ਆਹਰ ਵਿਚ ਗਿਆਨ ਦਾ ਅਰਥ, ਪਰਿਭਾਸ਼ਾ ਅਤੇ ਸਰੂਪ ਆਦਿ ਨੂੰ ਸਮਝਿਆ ਜਾਵੇਗਾ।

**ਗਿਆਨ: ਅਰਥ**

ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਗਿਆਨ ਦੇ ਅਰਥ- ਜਾਣਨਾ, ਬੋਧ, ਸਮਝ, ਇਲਮ ਆਦਿ ਕੀਤੇ ਹਨ। 'ਗਿਆਨ' ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਅਰਥ ਹਨ : ਵਿਦਵਤਾ, ਇਲਮ, ਸਮਝ ਅਤੇ ਬੋਧ ਆਦਿ।

**ਅਸਿਸਟੈਂਟ ਪ੍ਰੋਫੈਸਰ (ਧਰਮ ਅਧਿਐਨ), ਯੂਨੀਵਰਸਿਟੀ ਕਾਲਜ, ਮੀਰਾਂਪੁਰ -੧੪੭੧੧੧; ਮੋ : ੯੯੮੮੦੦੪੭੩੩*

ਗੁਰਬਾਣੀ ਵਿਚ ਗਿਆਨ ਦਾ ਪ੍ਰਗਟਾਅ ਬਿਬੇਕ, ਬੁਧਿ, ਮਤਿ, ਗੁਰਮਤਿ ਆਦਿ ਸ਼ਬਦਾਂ ਰਾਹੀਂ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਸਾਧਾਰਨ ਅਰਥਾਂ ਤੋਂ ਬਿਨਾਂ ਵਿਸ਼ੇਸ਼ ਅਰਥਾਂ ਵਿਚ ਵੀ ਵਰਤਿਆ ਗਿਆ ਹੈ। ਇਸ ਕਾਰਨ 'ਗਿਆਨ' ਅਧਿਆਤਮਿਕ ਗਿਆਨ ਦਾ ਵਾਚਕ ਬਣ ਗਿਆ ਹੈ।

ਗਿਆਨ ਦੇ ਸ਼ਾਬਦਿਕ ਅਰਥਾਂ ਵਿਚ ਆਮ ਜਾਣਕਾਰੀ ਤੋਂ ਲੈ ਕੇ ਪਰਮਾਰਥਕ ਬੋਧ ਤੇ ਆਤਮਿਕ ਪ੍ਰਕਾਸ਼ ਸ਼ਾਮਿਲ ਹਨ। ਇਸ ਸ਼ਬਦ ਨੂੰ ਕਈ ਅਰਥਾਂ ਵਿਚ ਵਰਤਿਆ ਜਾਂਦਾ ਹੈ। ਸਾਧਾਰਨ ਅਰਥਾਂ ਵਿਚ ਗਿਆਨ, ਵਿਅਕਤੀ ਨੂੰ ਕੋਈ ਦੁਨਿਆਵੀ ਅਨੁਭਵ ਤੋਂ ਪ੍ਰਾਪਤ ਹੁੰਦਾ ਹੈ, ਜਿਹੜਾ ਕਿ ਅੰਤਰਮੁਖੀ ਅਨੁਭਵ ਤੋਂ ਵੱਖਰਾ ਹੈ।

ਆਮ ਬੋਲ-ਚਾਲ ਦੀ ਭਾਸ਼ਾ ਵਿਚ ਗਿਆਨ ਨੂੰ 'ਬੁਧੀ-ਮੰਡਲ' ਤਕ ਸੀਮਤ ਰੱਖ ਕੇ, ਅੱਖਰੀ ਗਿਆਨ ਨੂੰ ਹੀ ਸਭ ਕੁਝ ਸਮਝਿਆ ਜਾਂਦਾ ਹੈ। ਅਜਿਹੀ ਸਮਝ ਮਹਿਜ਼ 'ਜਾਣਕਾਰੀ' (information) ਹੈ। ਦਰਅਸਲ ਜਾਣਕਾਰੀ ਗਿਆਨ ਨਹੀਂ ਹੈ। ਹਾਂ, ਗਿਆਨ ਪ੍ਰਾਪਤੀ ਦੀ ਤਾਂਘ ਮਨ ਵਿਚ ਹੋਵੇ ਤਾਂ ਇਹ ਜਾਣਕਾਰੀ ਗਿਆਨ ਪ੍ਰਾਪਤੀ ਵੱਲ ਪਹਿਲਾ ਕਦਮ ਹੋ ਸਕਦੀ ਹੈ, ਜਿਸ ਨੇ ਸੋਝੀ (knowledge) ਅਤੇ ਬਿਬੇਕ (wisdom) ਬਣਨਾ ਹੁੰਦਾ ਹੈ। ਦੁਨਿਆਵੀ ਜਾਣਕਾਰੀ ਮਨੁੱਖ ਨੂੰ ਹਉਮੈਂ ਅਧੀਨ ਕਰਕੇ ਅੰਦਰੋਂ-ਅੰਦਰੀ ਖੋਖਲਾ ਕਰ ਦਿੰਦੀ ਹੈ, ਪਰੰਤੂ ਗਿਆਨ ਪ੍ਰਾਪਤੀ ਸਦਕਾ ਮਨੁੱਖ ਅੰਦਰੋਂ-ਬਾਹਰੋਂ ਭਰ ਜਾਂਦਾ ਹੈ। ਜਾਣਕਾਰੀ, ਹਉਮੈਂ ਪੈਦਾ ਕਰਦੀ ਹੈ ਅਤੇ ਵਿਅਕਤੀ ਨੂੰ ਮਾਲਕ ਹੋਣ ਦੇ ਝੂਠੇ ਅਹਿਸਾਸ ਨਾਲ ਭਰਦੀ ਹੈ, ਜਦੋਂ ਕਿ ਗਿਆਨਵਾਨ ਵਿਅਕਤੀ ਆਪਣੇ ਆਪ ਨੂੰ ਇਕ ਬਹੁਤ ਹੀ ਮਾਮੂਲੀ ਅਤੇ ਤੁਛ ਜੀਵ ਸਮਝਦਾ ਹੋਇਆ ਸੇਵਕ ਬਣ ਕੇ ਰਹਿੰਦਾ ਹੈ। ਅਧਿਆਤਮਕ ਸੰਦਰਭ ਵਿਚ ਗਿਆਨ 'ਬੁਧਿ' ਨਹੀਂ ਸਗੋਂ ਆਤਮ ਪ੍ਰਕਾਸ਼ ਦੀ 'ਸੁਧਿ' ਹੈ।

ਗਿਆਨ ਦੇ ਆਧਾਰ 'ਤੇ ਮਨੁੱਖ ਨੇ ਆਪਣੇ ਆਪ ਨੂੰ ਪਸ਼ੂ ਜਾਤੀ ਨਾਲੋਂ ਨਿਖੇੜਿਆ ਹੋਇਆ ਹੈ। ਗੁਰਬਾਣੀ ਦੀ ਦ੍ਰਿਸ਼ਟੀ ਵਿਚ ਜਿਹੜੇ ਮਨੁੱਖ ਇੰਦ੍ਰਿਆਵੀ ਭੋਗਾਂ ਨੂੰ ਜੀਵਨ ਦਾ ਨਿਸ਼ਾਨਾ ਮਿਥ ਲੈਂਦੇ ਹਨ, ਉਹ ਪਸ਼ੂ ਸਮਾਨ ਹੀ ਹੁੰਦੇ ਹਨ। ਜਗਿਆਸੂ ਮਨੁੱਖੀ ਗਿਆਨ ਰਾਹੀਂ ਬੌਧਿਕ ਅਤੇ ਮਾਨਸਿਕ ਸੁਆਦ ਮਾਣਦਾ ਹੈ, ਪਰੰਤੂ ਆਤਮਿਕ ਮੰਡਲਾਂ ਵਿਚ ਵਿਚਰਨ ਵਾਲੇ ਮਨੁੱਖਾਂ ਨੂੰ ਅੱਖਰੀ ਗਿਆਨ ਸੰਤੁਸ਼ਟ ਨਹੀਂ ਕਰ ਸਕਦਾ। ਹਜ਼ਾਰਾਂ ਪੁਸਤਕਾਂ ਦਾ ਗਿਆਨ ਉਨ੍ਹਾਂ ਦੇ ਅਨੁਭਵ ਸਾਹਮਣੇ ਕੁਝ ਵੀ ਨਹੀਂ।

**ਗਿਆਨ: ਪਰਿਭਾਸ਼ਾ**

ਗਿਆਨ ਨੂੰ ਪਰਿਭਾਸ਼ਿਤ ਕਰਨਾ ਸੁਖੈਨ ਕਾਰਜ ਨਹੀਂ। ਪੂਰਬੀ ਅਤੇ ਪੱਛਮੀ ਵਿਦਵਾਨਾਂ ਨੇ 'ਗਿਆਨ' ਨੂੰ ਆਪੋ-ਆਪਣੇ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਿਤ ਕੀਤਾ ਹੈ। ਪੂਰਬੀ ਵਿਦਵਾਨਾਂ ਵਿੱਚੋਂ ਜਿਆਦਾਤਰ ਸਿੱਖ ਵਿਦਵਾਨਾਂ ਨੇ ਗਿਆਨ-ਸਿਧਾਂਤ ਦੀਆਂ ਪਰਿਭਾਸ਼ਾਵਾਂ ਦਿੱਤੀਆਂ ਹਨ। ਇਨ੍ਹਾਂ ਵਿੱਚੋਂ ਡਾ. ਵਜੀਰ ਸਿੰਘ ਦਾ ਕਹਿਣਾ ਹੈ ਕਿ,

"ਗਿਆਨ ਮਨੁੱਖੀ ਕ੍ਰਿਆ ਹੈ, ਜਿਸ ਦਾ ਸੰਬੰਧ ਮਨੁੱਖ ਦੀ ਬੌਧਿਕ ਸਮਰੱਥਾ ਨਾਲ ਹੈ।" ਗਿਆਨ ਇਕ ਮਾਧਿਅਮ ਹੈ ਜਿਸ ਦੁਆਰਾ ਹੋਰ ਵਸਤੂਆਂ ਪ੍ਰਕਾਸ਼ਿਤ ਹੁੰਦੀਆਂ ਹਨ। ਗਿਆਨ ਇਕ ਅਜਿਹਾ ਵਿਆਪਕ ਵਿਸ਼ਾ ਹੈ ਜਿਹੜਾ ਸਥੂਲ ਭੌਤਿਕ ਜੀਵਨ-ਪਧਤੀ ਤੋਂ ਲੈ ਕੇ ਸੂਖਮ ਅਧਿਆਤਮਿਕ ਸਾਧਨਾ ਤਕ ਪਸਰਿਆ ਹੋਇਆ ਹੈ।

ਸੁਕਰਾਤ ਅਨੁਸਾਰ ਗਿਆਨ ਇਕ ਗੁਣ ਹੈ। ਪਲੈਟੋ ਗਿਆਨ ਨੂੰ ਚੇਤੰਨ ਜਗਤ ਦਾ ਨਹੀਂ, ਸਗੋਂ ਇਸ ਤੋਂ ਅੱਗੇ ਦੇ ਅਤਿਅੰਤ ਸ੍ਰੇਸ਼ਠ ਜਗਤ ਅਤੇ ਪਰਮ ਯਥਾਰਥ ਜਗਤ, ਜਿਸ ਨੂੰ ਵਿਚਾਰ ਕਿਹਾ ਜਾਂਦਾ ਹੈ ਅਤੇ ਚੇਤੰਨ ਦੁਨੀਆ ਜਿਸ ਦਾ ਇਕ ਧੁੰਦਲਾ ਜਿਹਾ ਪਰਛਾਵਾਂ ਮਾਤਰ ਹੈ, ਦਾ ਗਿਆਨ ਸਮਝਦਾ ਹੈ।

ਇਸੇ ਤਰ੍ਹਾਂ ਪ੍ਰੋ. ਰਸਲ ਦੇ ਵਿਚਾਰ ਅਨੁਸਾਰ, "ਗਿਆਨ ਉਹ ਹੈ ਜੋ ਮਨੁੱਖ ਦੇ ਮਨ ਨੂੰ ਰੋਸ਼ਨ ਕਰਦਾ ਹੈ।"

**ਗੁਰਬਾਣੀ ਵਿਚ ਗਿਆਨ**

ਗੁਰਬਾਣੀ ਵਿਚ ਮਿਲਦਾ ਗਿਆਨ ਸਿਧਾਂਤ ਪਰੰਪਰਾਗਤ ਗਿਆਨ ਸਿਧਾਂਤ ਦੇ ਬਿਲਕੁਲ ਉਲਟ ਹੈ। ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿਚ ਇਹ ਦ੍ਰਿਸ਼ਟਮਾਨ ਪਸਾਰਾ ਇੰਦਰੀਆਂ ਦਾ ਭੁਲੇਖਾ ਹੈ, ਕਿਉਂਕਿ ਸਤਿ ਕੇਵਲ ਪਰਮਾਤਮਾ ਹੈ, ਜਿਹੜਾ ਸਰੀਰਕ ਇੰਦਰੀਆਂ ਨਾਲ ਨਹੀਂ, ਸਗੋਂ ਆਤਮਕ ਅਨੁਭਵ ਦੁਆਰਾ ਗ੍ਰਹਿਣ ਹੋ ਸਕਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਦ੍ਰਿਸ਼ਟਮਾਨ ਪਸਾਰਾ ਸਤਿ ਨਹੀਂ, ਬਲਕਿ ਗੁਰਬਾਣੀ ਜਗਿਆਸੂ ਨੂੰ ਦ੍ਰਿਸ਼ਟਮਾਨ ਜਗਤ ਵਿਚ ਵਿਆਪਕ ਕਰਤਾਰੀ ਜੋਤਿ ਦਾ ਅਨੁਭਵ ਕਰਨ ਲਈ ਪ੍ਰੇਰਿਤ ਕਰਦੀ ਹੈ। ਗੁਰ ਫੁਰਮਾਨ ਹੈ :

*ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੫੧)*

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਦਰਸਾਏ ਗਏ ਗਿਆਨ ਸਿਧਾਂਤ ਵਿਚ 'ਸਬਦ' ਅਤੇ ਸੁਰਤਿ ਦਾ ਸੁਮੇਲ ਹੈ। ਗੁਰਬਾਣੀ ਅਨੁਸਾਰ ਆਤਮਿਕ ਗਿਆਨ ਹਾਸਲ ਕਰਨਾ ਸੌਖਾ ਕਾਰਜ ਨਹੀਂ। ਇਸ ਲਈ ਵਿਸ਼ੇਸ਼ ਉੱਦਮ ਅਤੇ ਸਿਖਲਾਈ ਦੀ ਲੋੜ ਹੁੰਦੀ ਹੈ। ਪਰਮਾਤਮਾ ਦਾ ਚਿੰਤਨ ਐਨਾ ਸਿੱਧਾ ਅਤੇ ਸਾਧਾਰਨ ਨਹੀਂ, ਜਿੰਨਾ ਦੁਨਿਆਵੀ ਜਾਂ ਦ੍ਰਿਸ਼ਟਮਾਨ ਪਸਾਰੇ ਨੂੰ ਦੇਖਣਾ ਹੈ। ਇਸ ਦੇ ਨਾਲ ਹੀ ਆਤਮਿਕ ਗਿਆਨ ਦੀ ਪ੍ਰਾਪਤੀ ਲਈ ਕਿਸੇ ਤਰ੍ਹਾਂ ਦਾ ਤਰਕ, ਦਲੀਲ ਅਤੇ ਵਿੱਦਿਆ ਦੇ ਅਮਲ ਦਾ ਕੋਈ ਅਰਥ ਨਹੀਂ। ਇਨ੍ਹਾਂ ਤੋਂ ਕੇਵਲ ਹੰਕਾਰ ਹੀ ਉਪਜਦਾ ਹੈ। ਗੁਰੂ ਸਾਹਿਬ ਇਸ ਪ੍ਰਥਾਇ ਸਮਝਾਉਂਦੇ ਹਨ :

*ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥*
*ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੫)*

ਆਤਮਿਕ ਗਿਆਨ ਅਸਲ ਵਿਚ ਪਰਮਾਤਮਾ ਦਾ ਗਿਆਨ ਹੈ। ਆਤਮ

ਗਿਆਨ ਉਹ ਸੰਪੂਰਨ ਗਿਆਨ ਹੈ ਜਿਸ ਨੂੰ ਜਗਿਆਸੂ ਆਪਣੀਆਂ ਸਾਰੀਆਂ ਸ਼ਕਤੀਆਂ ਦੀ ਵਰਤੋਂ ਨਾਲ ਪ੍ਰਾਪਤ ਕਰਦਾ ਹੈ। ਆਤਮ ਗਿਆਨ ਦੀ ਪ੍ਰਾਪਤੀ ਆਤਮ ਸੰਜਮ, ਆਤਮ-ਕੇਂਦਰਿਤ ਲਾਲਸਾ, ਭੈਅ, ਈਰਖਾ ਅਤੇ ਚਿੰਤਾ ਤੋਂ ਮੁਕਤ ਹੋ ਕੇ ਆਪਣੀਆਂ ਵਾਸਨਾਵਾਂ ਨੂੰ ਜਿੱਤ ਲੈਣ ਨਾਲ ਹੁੰਦੀ ਹੈ।

ਸਿੱਖ ਧਰਮ ਵਿਚ ਗਿਆਨ ਦੀ ਪ੍ਰਾਪਤੀ 'ਸਬਦ' ਦੀ ਕਮਾਈ ਨਾਲ ਹੁੰਦੀ ਹੈ। 'ਸਬਦ' ਨੂੰ 'ਖਸਮ ਕੀ ਬਾਣੀ' ਕਹਿ ਕੇ ਵਡਿਆਇਆ ਗਿਆ ਹੈ। ਇਸ 'ਸਬਦ' ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਪਹਿਲਾਂ ਆਪ ਅਨੁਭਵ ਕੀਤਾ, ਫਿਰ ਉਸ ਅਨੁਭਵ ਨੂੰ 'ਬਾਣੀ' ਰਾਹੀਂ ਪ੍ਰਗਟ ਕੀਤਾ। ਜ਼ਿਕਰਯੋਗ ਹੈ ਕਿ 'ਗੁਰਬਾਣੀ' ਅਤੇ 'ਬਾਣੀ' ਦੋਨੋਂ ਸ਼ਬਦ 'ਸਬਦ' ਦੇ ਅਰਥਾਂ ਵਿਚ ਹੀ ਆਏ ਹਨ। ਸਿੱਖ ਧਰਮ ਵਿਚ ਅਕਾਲ ਪੁਰਖ, ਗੁਰੂ ਅਤੇ ਸਬਦ ਇਕ-ਦੂਜੇ ਦੇ ਪੂਰਕ ਨਹੀਂ, ਸਗੋਂ ਇਕ ਹੀ ਰੂਪ ਹਨ। ਅਕਾਲ ਪੁਰਖ ਵੀ ਸਬਦ-ਰੂਪ ਹੈ, ਬਾਣੀ ਵੀ ਸਬਦ ਹੈ ਅਤੇ ਗੁਰੂ ਵੀ ਸਬਦ-ਰੂਪ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜ਼ਿਕਰ ਆਉਂਦਾ ਹੈ ਕਿ ਪਾਰਬ੍ਰਹਮ ਨੇ ਆਪਣਾ 'ਆਪੁ' (ਆਪ) 'ਗੁਰੂ' ਵਿਚ ਸਮਾ ਕੇ 'ਸਬਦ-ਗੁਰੂ' ਦਾ ਵਰਤਾਰਾ ਵਰਤਾਇਆ:

*ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੭੯)*

## ਗਿਆਨ ਦੀਆਂ ਕਿਸਮਾਂ

**ਗਿਆਨ ਦੋ ਪ੍ਰਕਾਰ ਦਾ ਹੈ** : ਸਧਾਰਨ ਗਿਆਨ ਅਤੇ ਬ੍ਰਹਮ ਗਿਆਨ ਜਾਂ ਆਤਮ ਗਿਆਨ। ਸਧਾਰਨ ਗਿਆਨ ਤੋਂ ਭਾਵ ਕਿਸੇ ਮਾਨਸਿਕ ਅਵਸਥਾ ਤੋਂ ਨਹੀਂ ਸਗੋਂ ਕਿਸੇ ਚੀਜ਼ ਨੂੰ ਜਾਣਨ ਤੋਂ ਲਿਆ ਗਿਆ ਹੈ। ਗੁਰਬਾਣੀ ਵਿਚ ਸਧਾਰਨ ਗਿਆਨ ਨੂੰ ਮਾਇਆਵੀ ਗਿਆਨ, ਕੁਗਿਆਨ (*ਕਾਚੀ ਦੇਹ ਮੋਹ ਫੁਨਿ ਬਾਂਧੀ ਸਠ ਕਠੋਰ ਕੁਚੀਲ ਕੁਗਿਆਨੀ*) ਜਾਂ ਫੋਕਟ ਗਿਆਨ (*ਆਨ ਜੰਜਾਰ ਬ੍ਰਿਥਾ ਸ੍ਰਮੁ ਘਾਲਤ ਬਿਨੁ ਹਰਿ ਫੋਕਟ ਗਿਆਨ*) ਵੀ ਕਿਹਾ ਗਿਆ ਹੈ। ਇਸ ਦੇ ਉਲਟ ਗੁਰਬਾਣੀ ਵਿਚ ਬ੍ਰਹਮ ਨਿਸ਼ਠ ਗਿਆਨ ਨੂੰ ਸੁਗਿਆਨ (*ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ*); ਬ੍ਰਹਮ ਗਿਆਨ (*ਜੋ ਜੋ ਪੇਖੈ ਸੁ ਬ੍ਰਹਮ ਗਿਆਨੁ*); ਆਤਮ ਗਿਆਨ (*ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ*); ਅੰਤਰਿ ਗਿਆਨ (*ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ*); ਸਹਿਜ ਗਿਆਨ (*ਉਪਜੈ ਸਹਜੁ ਗਿਆਨ ਮਤਿ ਜਾਗੈ*); ਤਤ ਗਿਆਨ (*ਸਹਜ ਸਿਫਤਿ ਭਗਤਿ ਤਤੁ ਗਿਆਨਾ*); ਗੁਰ ਗਿਆਨ (*ਤਜਿ ਹਉਮੈ ਗੁਰ ਗਿਆਨ ਭਜੋ*); ਨਿਰਮਲ ਗਿਆਨ (*ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ ਨਿਰਮਲ ਬਾਣੀ ਮੰਨਿ ਵਸਾਵਣਿਆ*); ਅੰਮ੍ਰਿਤ ਗਿਆਨ (*ਅੰਮ੍ਰਿਤੁ ਗਿਆਨੁ ਮਹਾ ਰਸੁ ਭੋਗੁ*); ਪੂਰਨ ਗਿਆਨ (*ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ*) ਅਤੇ ਬਿਸੇਖ ਗਿਆਨ (*ਸਭ ਮਹਿ ਊਚ ਬਿਸੇਖ ਗਿਆਨੁ*) ਕਿਹਾ ਗਿਆ ਹੈ।

## ਗਿਆਨ ਪ੍ਰਾਪਤੀ ਦਾ ਉਦੇਸ਼

ਗਿਆਨ ਪ੍ਰਾਪਤੀ ਦਾ ਪ੍ਰਮੁੱਖ ਉਦੇਸ਼ ਸਚਾਈ ਦਾ ਅਨੁਭਵ ਕਰਨਾ ਹੈ। ਗਿਆਨ-ਸਿਧਾਂਤ ਦਾ ਕੇਂਦਰ-ਬਿੰਦੂ ਹੀ 'ਸਚ' ਹੈ। ਵਿਅਕਤੀ ਜਦੋਂ ਕਿਸੇ ਕਿਸਮ ਦੀ ਜਾਣਕਾਰੀ ਹਾਸਲ ਕਰਦਾ ਹੈ, ਉਸ ਨੂੰ ਕਿਸੇ ਤੱਥ ਜਾਂ ਸਚਾਈ ਬਾਰੇ ਪਤਾ ਚਲਦਾ ਹੈ। ਕਈ ਸਚਾਈਆਂ ਐਨੀਆਂ ਪ੍ਰਤੱਖ ਨਹੀਂ ਹੁੰਦੀਆਂ ਕਿ ਉਨ੍ਹਾਂ ਨੂੰ ਸਰੀਰਕ ਇੰਦ੍ਰੀਆਂ ਦੁਆਰਾ ਦੇਖਿਆ ਜਾ ਸਕੇ। ਇਸ ਅਵਸਥਾ ਵਿਚ ਮਨੁੱਖ ਆਪਣੀ ਬੁੱਧੀ ਦੀ ਮਦਦ ਨਾਲ ਗੁਪਤ ਸਚਾਈਆਂ ਦੀ ਭਾਲ ਕਰਦਾ ਹੈ। ਅਜਿਹੀ ਸਚਾਈ ਬੌਧਿਕ ਸਮਰੱਥਾ ਤੋਂ ਪਰੇ, ਕੋਈ ਗੈਬੀ ਸਚਾਈ ਹੁੰਦੀ ਹੈ, ਜੋ ਅੰਤਰਬੋਧੀ (intuition) ਢੰਗ ਨਾਲ ਪ੍ਰਗਟ ਹੋ ਸਕਦੀ ਹੈ। ਇਸ ਸਚਾਈ ਦੀ ਭਾਲ ਲਈ ਮਨੁਖ ਨੂੰ ਆਪਣੇ ਅੰਦਰੋਂ ਸੰਭਵ-ਸ਼ਕਤੀਆਂ ਵਿਕਸਿਤ ਕਰਨ ਦੀ ਲੋੜ ਹੁੰਦੀ ਹੈ। ਕਿਸੇ ਅਜਿਹੀ ਦਿਬ-ਦ੍ਰਿਸ਼ਟੀ ਨੂੰ ਅਮਲ ਵਿਚ ਲਿਆਉਣ ਦੀ ਲੋੜ ਹੁੰਦੀ ਹੈ, ਜੋ ਉਸ ਦੀ ਆਤਮਾ ਨੂੰ ਦੈਵੀ ਸਚਾਈ ਦੇ ਰੂਬਰੂ ਕਰ ਦੇਵੇ। ਗੁਰਬਾਣੀ ਵਿਚ ਅਜਿਹੀ ਦ੍ਰਿਸ਼ਟੀ ਲਈ 'ਅਖੜੀਆਂ ਬਿਅੰਨ' ਦਾ ਸੰਕੇਤ ਦਿੱਤਾ ਗਿਆ ਹੈ, ਭਾਵ ਉਹ ਅਸਾਧਾਰਨ ਅੱਖਾਂ ਅਦ੍ਰਿਸ਼ਟ ਤੇ ਅਰੂਪ ਪ੍ਰੀਤਮ ਨੂੰ ਪ੍ਰਤੱਖ ਰੂਪ ਵਿਚ ਦੇਖ ਲੈਣ, ਜਿਵੇਂ ਸਾਧਾਰਨ ਅੱਖਾਂ ਨਾਲ ਕਿਸੇ ਵਸਤੂ ਨੂੰ ਦੇਖੀਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਸਰਵਉੱਚ ਸਚਾਈ ਨੂੰ ਜਾਣਨ ਦਾ ਮਾਰਗ ਇਸ ਤਰ੍ਹਾਂ ਦਰਸਾਇਆ ਹੈ :

*ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥*
*ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੫)*

ਧਰਮ ਮੀਮਾਂਸਾ ਦੀ ਦ੍ਰਿਸ਼ਟੀ ਤੋਂ 'ਗਿਆਨ' ਇੰਦ੍ਰੀ ਪ੍ਰੇਖਣ, ਬੁੱਧੀ ਤੇ ਅੰਤਰ-ਬੋਧ ਦੀਆਂ ਤਿੰਨ ਪਰਤਾਂ ਵਿਚ ਵੰਡਿਆ ਜਾਂਦਾ ਹੈ, ਜਿਨ੍ਹਾਂ ਦਾ ਵੇਰਵਾ ਹੇਠ ਦਿੱਤੇ ਅਨੁਸਾਰ ਹੈ :

### ੧. ਇੰਦ੍ਰੀ ਪ੍ਰੇਖਣ (ਇੰਦ੍ਰਿਆਵੀ ਗਿਆਨ)

ਇੰਦ੍ਰੀ ਪ੍ਰੇਖਣ ਤੋਂ ਭਾਵ ਦੇਖਣਾ ਹੈ। ਇਹ ਗਿਆਨ ਇੰਦਰੀਆਂ ਦੀ ਕਿਰਿਆ ਦਾ ਫ਼ਲ ਹੈ। ਇਹ ਨੀਵੇਂ ਪੱਧਰ ਦਾ ਭੌਤਿਕ ਗਿਆਨ ਹੈ। ਡਾ. ਵਜੀਰ ਸਿੰਘ ਅਨੁਸਾਰ ਗਿਆਨ-ਇੰਦਰੀਆਂ ਰਾਹੀਂ ਮਨੁੱਖ ਨੂੰ ਕੱਚੀ ਸਮਗਰੀ ਪ੍ਰਾਪਤ ਹੁੰਦੀ ਹੈ; ਅੱਖਾਂ ਰਾਹੀਂ ਦ੍ਰਿਸ਼ਟੀ-ਗੋਚਰ ਵਸਤਾਂ ਦੇ ਰੂਪ ਰੰਗ; ਕੰਨਾਂ ਰਾਹੀਂ ਆਵਾਜ਼ਾਂ; ਨੱਕ ਰਾਹੀਂ ਗੰਧ (ਸੁੰਘਣ-ਸਮਗਰੀ) ਆਦਿ। ਇੰਦ੍ਰੀ-ਪੇਖਣ ਦੀ ਸਹਾਇਤਾ ਲਈ ਵਿਗਿਆਨ ਤੇ ਤਕਨੀਕ ਦੁਆਰਾ ਨਿਰਮਿਤ ਦੂਰਬੀਨਾਂ, ਖ਼ੁਰਦਬੀਨਾਂ, ਵਿਭਿੰਨ ਸਾਜ਼-ਸਾਮਾਨ, ਜੰਤਰ ਤੇ ਸੰਦ ਉਪਬਲਧ ਹਨ।

### ੨. ਬੁੱਧੀ

ਡਾ. ਵਜੀਰ ਸਿੰਘ ਦਾ ਵਿਚਾਰ ਹੈ ਕਿ, "ਗਿਆਨ-ਪ੍ਰਾਪਤੀ ਅਤੇ ਗਿਆਨ ਦੀ ਸਿਧਾਂਤਕਾਰੀ ਵਿਚ ਇੰਦ੍ਰੀ-ਪ੍ਰੇਖਣ (ਇੰਦਰੀਆਂ ਦੁਆਰਾ ਦੇਖਣਾ) ਅਤੇ ਬੌਧਿਕ ਕ੍ਰਿਆ ਦੀ ਮਿਲਵਰਤਨ ਜ਼ਰੂਰੀ ਹੈ। ਬੌਧਿਕ ਸ਼ਕਤੀ ਇੰਦ੍ਰੀ ਪ੍ਰੇਖਣ ਰਾਹੀਂ ਪ੍ਰਾਪਤ ਹੋਈ

ਸਮਗਰੀ ਉਤੇ ਕਾਰਜ ਕਰਦੀ ਹੋਈ, ਵਿਅਕਤੀ ਨੂੰ ਗਿਆਨ ਦਾ ਚਾਨਣ ਬਖ਼ਸ਼ਦੀ ਹੈ। ਇਸ ਪ੍ਰਕਾਰ 'ਗਿਆਨ' ਪ੍ਰੇਖਣ ਤੇ ਬੁਧੀ ਦੀ ਆਪਸੀ ਸਾਂਝ ਦਾ ਫਲ ਹੈ। ਇਕ ਤੋਂ ਬਿਨਾਂ ਦੂਜਾ ਅਧੂਰਾ ਹੈ।"

ਬੁੱਧੀ ਦਾ ਸੰਬੰਧ ਮਾਨਸਿਕਤਾ ਨਾਲ ਹੈ। ਸਾਧਾਰਨ ਮਨੁੱਖ ਦੀ ਬੁੱਧੀ ਖ਼ਿਆਲੀ ਹੁੰਦੀ ਹੈ, ਪਰ ਜਗਿਆਸੂ ਦੀ ਬੁੱਧੀ ਬਿਬੇਕ ਰਾਹੀਂ ਨਿਰਮਲ ਹੋਈ ਹੁੰਦੀ ਹੈ। ਬੁਧਿ ਦੇ ਬਿਬੇਕ ਜਾਂ ਨਿਰਮਲ ਹੋਣ ਦਾ ਆਧਾਰ 'ਗੁਰ-ਗਿਆਨ' ਅਤੇ 'ਨਾਮ-ਸਿਮਰਨ' ਹੈ। ਨਾਮ-ਸਿਮਰਨ ਬੁੱਧੀ ਵਿਚੋਂ ਫ਼ਲਸਫ਼ੇ ਵਾਲੀ ਖ਼ੁਸ਼ਕੀ ਖ਼ਤਮ ਕਰ ਕੇ ਇਸ ਨੂੰ ਅਨੁਭਵ ਦੇ ਰੰਗ ਵਿਚ ਰੰਗ ਦਿੰਦਾ ਹੈ। ਡਾ. ਸ਼ੇਰ ਸਿੰਘ ਦਾ ਵਿਚਾਰ ਹੈ ਕਿ ਗੁਰਬਾਣੀ ਬੁੱਧੀ ਨੂੰ ਨਕਾਰਦੀ ਨਹੀਂ, ਸਗੋਂ ਇਸ ਵਿਚ ਬੁੱਧੀ ਅਤੇ ਅਨੁਭਵ ਦੇ ਮਿਲਵਰਤਣ ਉਤੇ ਜ਼ੋਰ ਦਿੱਤਾ ਗਿਆ ਹੈ। ਬੁੱਧੀ ਲਈ ਅਨੁਭਵ ਪ੍ਰਕਾਸ਼ ਹੈ ਅਤੇ ਅਨੁਭਵ ਲਈ ਬੁੱਧੀ ਟਿਕਾਣਾ। ਅਨੁਭਵ ਤੋਂ ਬਿਨਾਂ ਬੁੱਧੀ ਅੰਨ੍ਹੀ ਹੈ ਅਤੇ ਬੁੱਧੀ ਤੋਂ ਬਿਨਾਂ ਅਨੁਭਵ ਲੰਗੜਾ ਹੈ। ਭਾਈ ਕਾਨ੍ਹ ਸਿੰਘ ਨਾਭਾ ਬਿਬੇਕ ਬੁਧਿ ਨੂੰ ਵਿਚਾਰ ਬੁੱਧੀ ਕਹਿੰਦੇ ਹਨ। ਗਿਆਨ ਪ੍ਰਾਪਤੀ ਵਿਚ ਬਿਬੇਕ ਬੁਧਿ ਕਿਰਪਾ ਦ੍ਰਿਸ਼ਟੀ ਦੇ ਰੂਪ ਵਿਚ ਇਕ ਸਕ੍ਰਿਆ ਸਾਧਨ ਹੈ। ਬਿਬੇਕ ਬੁਧਿ ਭਾਵੇਂ ਪੂਰਨ ਗਿਆਨ ਨਹੀਂ, ਪਰ ਅਨੁਭਵ ਵਾਂਗ ਗਿਆਨ ਦਾ ਹਿਸਾ ਹੈ।

### ੩. ਅੰਤਰ-ਬੋਧਿ

ਬਿਬੇਕ ਬੁਧਿ ਅਨੁਭਵ ਨਾਲ ਮਿਲ ਕੇ ਅੰਤਰ-ਬੋਧਿ (intution) ਬਣ ਜਾਂਦੀ ਹੈ। ਅੰਤਰ-ਬੋਧਿ ਦਾ ਆਧਾਰ ਨਾ ਗਿਆਨ-ਇੰਦਰੀਆਂ ਹਨ, ਨਾ ਬੌਧਿਕ ਸ਼ਕਤੀ। ਇਸ ਨੂੰ ਆਤਮਾ ਦੀ ਦੈਵੀ ਸ਼ਕਤੀ ਨਾਲ ਜੋੜਿਆ ਜਾਂਦਾ ਹੈ, ਜਿਸ ਦਾ ਕਾਰਜ ਕਿਸੇ ਦ੍ਰਿਸ਼ਟ ਜਾਂ ਅਦ੍ਰਿਸ਼ਟ ਵਸਤੂ ਦਾ ਪ੍ਰਤੱਖ ਗਿਆਨ ਦੇਣਾ ਹੈ। ਅੰਤਰਿ-ਬੋਧਿ ਅਸਲੀ ਤੇ ਉਚੇਰਾ ਗਿਆਨ ਹੈ। ਇਹ ਅੰਦਰੂਨੀ ਅੱਖ ਨਾਲ ਵੇਖਿਆ ਹੋਇਆ 'ਸਤਿ' ਦਾ ਅਨੁਭਵ ਹੈ। ਇਸੇ ਕਰਕੇ ਬ੍ਰਹਮ ਗਿਆਨ ਨੂੰ 'ਅਨਭਉ ਪ੍ਰਕਾਸ਼' ਜਾਂ 'ਸੁਤੇ ਪ੍ਰਕਾਸ਼ (spiritual sight) ਵੀ ਕਿਹਾ ਜਾਂਦਾ ਹੈ। ਅਨੁਭਵ ਦੁਆਰਾ ਹੀ ਕਿਸੇ ਸਚਾਈ ਦੇ ਅੰਦਰ ਤਕ ਪਹੁੰਚਿਆ ਜਾਂਦਾ ਹੈ, ਜਿਸ ਨਾਲ ਹਰ ਇਕ ਸ਼ੈਅ ਆਪਣਾ ਹੀ ਅੰਗ ਜਾਪਦੀ ਹੈ। ਅਨੁਭਵ ਦੁਆਰਾ ਹੀ ਆਤਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਜਦੋਂ ਅਨੁਭਵ ਤੇ ਬੁੱਧੀ ਦੋਨੋਂ ਮਿਲ ਕੇ ਇੱਕਠੇ ਕੰਮ ਕਰਦੇ ਹਨ ਤਾਂ ਸੱਚਾ ਗਿਆਨ ਪ੍ਰਾਪਤ ਹੁੰਦਾ ਹੈ। ਅਨੁਭਵ ਅੱਗੇ ਚੱਲ ਕੇ ਰਹਿਨੁਮਾਈ ਕਰਦਾ ਹੈ ਤੇ ਬੁੱਧੀ ਪਿਛੇ ਇਕ ਸਹਾਇਕ ਵਜੋਂ ਕੰਮ ਕਰਦੀ ਹੈ।

ਬ੍ਰਹਮ ਗਿਆਨ ਵਿਚ 'ਸਿਮਰਤੀ','ਸ਼ਰੁਤੀ' ਤੇ 'ਦ੍ਰਿਸ਼ਟੀ' ਤਿੰਨੇ ਮਿਲੇ ਹੁੰਦੇ ਹਨ। ਸਿਮਰਤੀ ਉਹ ਸ਼ਕਤੀ ਹੈ ਜਿਹੜੀ ਅੰਤਰ-ਆਤਮੇ ਵਿਚ ਲੁਕੇ 'ਸਤਿ' ਨੂੰ ਪ੍ਰਗਟ ਕਰਦੀ ਹੈ। 'ਸ਼ਰੁਤੀ' ਰਾਹੀਂ 'ਸਤਿ' ਮਨ ਵਿਚ ਪ੍ਰਕਾਸ਼ਮਾਨ ਹੁੰਦਾ ਹੈ ਤੇ 'ਦ੍ਰਿਸ਼ਟੀ' 'ਸਤਿ' ਦਾ ਪ੍ਰਤੱਖ ਦਰਸ਼ਨ ਕਰਦੀ ਹੈ। ਬ੍ਰਹਮ ਗਿਆਨੀ ਸਮਦ੍ਰਿਸ਼ਟਾ (ਦ੍ਰਿਸ਼ਟ ਸਮਾਨਿ) ਇਸੇ ਕਰਕੇ ਹੈ ਕਿਉਂਕਿ ਉਸ ਦੀ ਤੱਕਣੀ ਵਿਚ ਅੰਤਰਿ-ਬੋਧ (intution) ਅਤੇ ਬਿਬੇਕ

(wisdom) ਦੋਵੇਂ ਸ਼ਾਮਿਲ ਹੁੰਦੇ ਹਨ।

ਵਿਗਿਆਨੀ ਅੰਤਰਬੋਧ ਨੂੰ ਵਿਸ਼ੇਸ਼ਤਾ ਨਹੀਂ ਦਿੰਦੇ, ਉਨ੍ਹਾਂ ਲਈ ਸੰਵੇਦਨਾ ਅਤੇ ਬੌਧਿਕ ਸਮਰੱਥਾ ਹੀ ਗਿਆਨ ਪ੍ਰਾਪਤੀ ਦੇ ਸਾਧਨ ਵਜੋਂ ਕਾਫ਼ੀ ਹਨ। ਦਰਸ਼ਨਵੇਤਾ ਅਤੇ ਧਰਮ-ਚਿੰਤਕ ਅੰਤਰਬੋਧ ਨੂੰ ਉਚੇਰੇ ਗਿਆਨ ਦਾ ਮਾਧਿਅਮ ਪ੍ਰਵਾਨ ਕਰਦੇ ਹਨ। ਕਈ ਚਿੰਤਕਾਂ ਨੇ ਸੰਵੇਦਨਾ-ਬੁੱਧੀ-ਅੰਤਰਬੋਧ ਦੇ ਸਮੁਚ ਨੂੰ ਗਿਆਨ ਪ੍ਰਾਪਤੀ ਲਈ ਸਹੀ ਤੇ ਪੂਰਨ ਮਾਧਿਅਮ ਪ੍ਰਵਾਨ ਕੀਤਾ ਹੈ। ਉਨ੍ਹਾਂ ਲਈ ਬੌਧਿਕ ਕ੍ਰਿਆ ਦਾ ਵਧੇਰੇ ਸੂਖਮ ਰੂਪ ਹੀ ਅੰਤਰਬੋਧ ਹੈ, ਜੋ ਵਿਅਕਤੀ ਦੀ ਵਿਕਸਿਤ ਮਾਨਸਿਕਤਾ ਦਾ ਸਿੱਟਾ ਹੈ।

ਗਿਆਨ ਦੀ ਲੋੜ ਨੂੰ ਹਰ ਜਗਿਆਸੂ ਨੇ ਅਨੁਭਵ ਕੀਤਾ ਹੈ, ਕਿਉਂਕਿ ਗਿਆਨ ਜਗਿਆਸਾ ਦੀ ਅਣਹੋਂਦ ਵਿਚ ਅਧਿਆਤਮਿਕ ਜੀਵਨ ਦੀਆਂ ਉਚੇਰੀਆਂ ਮੰਜ਼ਿਲਾਂ ਪ੍ਰਾਪਤ ਨਹੀਂ ਹੁੰਦੀਆਂ। ਆਤਮਿਕ ਗਿਆਨ ਪ੍ਰਾਪਤ ਕਰਨਾ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਪੁਸਤਕਾਂ ਪੜ੍ਹ ਕੇ ਪ੍ਰਾਪਤ ਕੀਤਾ ਗਿਆਨ ਮਨੁਖ ਅੰਦਰ ਕੇਵਲ ਹਉਮੈਂ ਹੀ ਪੈਦਾ ਕਰਦਾ ਹੈ। ਹਉਮੈਂ ਪਰਮਾਤਮਾ ਤੋਂ ਦੂਰ ਕਰਦੀ ਹੈ। ਗਿਆਨ ਭਰਮ, ਦੁਬਿਧਾ ਅਤੇ ਦੁਰਮਤਿ ਦਾ ਨਾਸ਼ ਕਰਦਾ ਹੈ ਅਤੇ ਜਗਿਆਸੂ ਦੀਆਂ ਤ੍ਰਿਸ਼ਨਾਵਾਂ ਵੀ ਖਤਮ ਕਰਦਾ ਹੈ। ਭਗਤ ਕਬੀਰ ਜੀ ਫੁਰਮਾਉਂਦੇ ਹਨ :

*ਦੇਖੌ ਭਾਈ ਗਾਨ ਕੀ ਆਈ ਆਂਧੀ॥*
*ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ॥੧॥ਰਹਾਉ॥*
*ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ॥*
*ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੩੧)*

ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਇਸ ਸਰੀਰ ਨੂੰ ਸ਼ੁਭ ਕਰਮਾਂ ਦਾ ਸਾਧਨ ਅਤੇ ਧੀਰਜ ਦਾ ਘਰ ਬਣਾ ਕੇ, ਉਸ ਵਿਚ ਬਿਬੇਕ ਦਾ ਦੀਵਾ ਜਗਾ ਕੇ, ਇਸ ਘਰ ਵਿੱਚੋਂ ਕਾਤਰਤਾ ਦੇ ਕੂੜੇ ਗਿਆਨ ਦੇ ਝਾੜੂ ਨਾਲ ਹੂੰਝ ਸੁੱਟਣਾ ਹੈ :

*ਧੰਨਿ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥...*
*ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥*

*(ਸ੍ਰੀ ਦਸਮ ਗ੍ਰੰਥ ਸਾਹਿਬ)*

ਆਤਮ ਗਿਆਨ ਪ੍ਰਾਪਤ ਕਰ ਕੇ ਮਨੁੱਖ ਕਰਮਾਂ ਦਾ ਤਿਆਗ ਨਹੀਂ ਕਰਦਾ, ਬਲਕਿ ਉਹ ਪਰਉਪਕਾਰੀ ਬਣ ਜਾਂਦਾ ਹੈ। ਗੁਰਬਾਣੀ ਅਨੁਸਾਰ ਗਿਆਨਵਾਨ ਵਿਅਕਤੀ ਨਾ ਤਾਂ ਕਿਸੇ ਵਿਅਕਤੀ ਤੋਂ ਡਰਦਾ ਹੈ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ :

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

**ਗੁਰੂ : ਗਿਆਨ ਦਾਤਾ**

ਸਾਧਕਾਂ ਅਨੁਸਾਰ 'ਅਗਿਆਨ' ਜਾਂ 'ਅਵਿਵੇਕ' ਹੀ ਸਾਰਿਆਂ ਦੁਖਾਂ ਦਾ ਮੂਲ ਕਾਰਨ ਹੈ। ਇਨ੍ਹਾਂ ਦੁਖਾਂ ਤੋਂ ਛੁਟਕਾਰਾ ਪਾਉਣ ਲਈ ਗਿਆਨ ਦੀ ਬੜੀ ਜ਼ਰੂਰਤ ਹੈ। ਗਿਆਨ ਦੁਆਰਾ ਦੁਨਿਆਵੀ ਤੇ ਪਰਮਾਰਥਿਕ ਸਚਾਈਆਂ ਨੂੰ ਅਨੁਭਵ ਕਰ ਕੇ ਸਾਧਕ ਆਪਣੇ ਪਰਮ ਉਦੇਸ਼ ਵੱਲ ਵਧਦਾ ਹੈ। ਇਸ ਲਈ ਬ੍ਰਹਮ ਗਿਆਨ ਦੀ ਪ੍ਰਾਪਤੀ ਹਿੱਤ 'ਗੁਰੂ' ਦਾ ਮਹੱਤਵ ਦ੍ਰਿੜ੍ਹ ਕਰਵਾਇਆ ਗਿਆ ਹੈ।

ਸਿੱਖ ਧਰਮ ਵਿਚ 'ਗੁਰੂ' ਦਾ ਮਹੱਤਵਪੂਰਨ ਸਥਾਨ ਹੈ। ਗੁਰੂ ਹੀ ਨਾਮੁ ਦਾਤਾ ਹੈ। ਦੂਜੇ ਸ਼ਬਦਾਂ ਵਿਚ ਗੁਰੂ ਤੋਂ ਹੀ ਨਾਮੁ ਦੀ ਪ੍ਰਾਪਤੀ ਹੁੰਦੀ ਹੈ। ਗੁਰਬਾਣੀ ਵਿਚ ਨਾਮ ਲਈ ਗਿਆਨ ਸ਼ਬਦ ਵੀ ਵਰਤਿਆ ਗਿਆ ਹੈ। ਅਕਾਲ ਪੁਰਖ ਅਤੇ ਮਨੁੱਖ ਵਿਚਕਾਰ ਗੁਰੂ ਇਕ ਅਹਿਮ ਕੜੀ ਹੈ. 'ਗੁਰੂ' ਪਦ ਦੇ ਅਰਥ ਹਨੇਰੇ ਤੋਂ ਪ੍ਰਕਾਸ਼ ਕਰਨ ਵਾਲਾ ਹਨ। ਇਸ ਪ੍ਰਥਾਇ ਗੁਰਬਾਣੀ ਵਿਚ ਅਨੇਕ ਥਾਈਂ ਪੁਸ਼ਟੀ ਹੁੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਨ ਕਰਦੇ ਹਨ ਕਿ ਭਾਵੇਂ ਸੈਂਕੜੇ ਚੰਦਰਮਾ ਚੜ੍ਹ ਜਾਣ, ਹਜ਼ਾਰਾਂ ਸੂਰਜਾਂ ਦਾ ਪ੍ਰਕਾਸ਼ ਹੋ ਜਾਵੇ, ਐਨੇ ਚਾਨਣ ਹੋਣ ਦੇ ਬਾਵਜੂਦ ਵੀ ਗੁਰੂ ਤੋਂ ਬਿਨਾਂ ਘੋਰ ਹਨੇਰਾ ਹੀ ਹੈ :

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੩)*

ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਗਿਆਨ ਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਹੋ ਸਕਦਾ:

*ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥*
*ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੯)*

ਇਸ ਗਿਆਨ ਨਾਲ ਜਮ ਅਤੇ ਕਾਲ ਦੇ ਪ੍ਰਭਾਵ ਨੂੰ ਖ਼ਤਮ ਕੀਤਾ ਜਾ ਸਕਦਾ ਹੈ :

*ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੩੫)*

ਇਹ ਗਿਆਨ ਗੁਰੂ ਦੁਆਰਾ ਦਿੱਤਾ ਅਜਿਹਾ ਸੁਰਮਾ ਹੈ ਜਿਸ ਨੂੰ ਪਾਉਣ ਨਾਲ ਅਗਿਆਨ ਰੂਪੀ ਹਨੇਰਾ ਮਿਟ ਜਾਂਦਾ ਹੈ ਅਤੇ ਮਨ ਪ੍ਰਕਾਸ਼ਿਤ ਹੋ ਜਾਂਦਾ ਹੈ, ਅਰਥਾਤ ਜਿਗਿਆਸੂ ਨੂੰ ਵਾਸਤਵਿਕਤਾ ਦੀ ਸਮਝ ਹੋ ਜਾਂਦੀ ਹੈ :

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੯੩)*

## ਗਿਆਨਵਾਨ ਮਨੁੱਖ ਦੇ ਲੱਛਣ

ਸ੍ਰੀ ਗੁਰੂ ਨਾਨਕ ਦੇਵ ਜੀ ਗਿਆਨ ਦੀ ਦੁਧਾਰੀ ਖੜਗ ਨਾਲ ਤੁਲਨਾ ਕਰਦੇ ਹੋਏ ਦੱਸਦੇ ਹਨ ਕਿ ਕਾਮ, ਕ੍ਰੋਧ ਆਦਿ ਪੰਜ ਵਿਕਾਰਾਂ ਨੂੰ 'ਸ਼ਬਦ' ਰਾਹੀਂ ਜਿੱਤ ਕੇ ਜਦੋਂ ਵਿਅਕਤੀ ਗਿਆਨ ਦੀ ਖੜਗ ਨਾਲ ਮਨ ਦੇ ਸਨਮੁਖ ਹੋ ਕੇ ਜੂਝਦਾ ਹੈ ਤਾਂ ਮਨ ਦੀਆਂ ਸਾਰੀਆਂ ਵਾਸ਼ਨਾਵਾਂ ਮੁੜ ਮਨ ਵਿਚ ਹੀ ਸਮਾਅ ਜਾਂਦੀਆਂ ਹਨ ਅਤੇ ਉਹੋ ਹੀ ਵਿਅਕਤੀ ਦੀ ਸ਼ਖ਼ਸੀਅਤ ਦੇ ਗੁਣ ਬਣ ਜਾਂਦੀਆਂ ਹਨ :

*ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੨੨)*

ਗਿਆਨਵਾਨ ਮਨੁੱਖ ਦੇ ਲੱਛਣ ਹੇਠ ਲਿਖੇ ਅਨੁਸਾਰ ਹਨ :

### ੧. ਦੁਰਮਤਿ ਦਾ ਨਾਸ਼

ਗਿਆਨ ਪ੍ਰਾਪਤੀ ਸਦਕਾ ਦੁਰਮਤਿ ਨਾਸ਼ ਹੋ ਜਾਂਦੀ ਹੈ ਅਤੇ ਵਿਅਕਤੀ ਦਾ ਹਿਰਦਾ ਆਪਣੇ ਅੰਦਰਲੇ ਗਗਨ ਮੰਡਲ ਦੇ ਅੰਮ੍ਰਿਤ ਰਸ ਵਿਚ ਪੂਰਨ ਰੂਪ ਵਿਚ ਭਿੱਜ ਜਾਂਦਾ ਹੈ :

*ਉਪਜੈ ਗਿਆਨੁ ਦੁਰਮਤਿ ਛੀਜੈ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ॥*
*ਏਸੁ ਕਲਾ ਜੋ ਜਾਣੈ ਭੇਉ॥ ਭੇਟੈ ਤਾਸੁ ਪਰਮ ਗੁਰਦੇਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੭੪)*

### ੨. ਕਰਮਾਂ ਦਾ ਨਾਸ਼

ਗਿਆਨ ਪ੍ਰਾਪਤੀ ਸਦਕਾ ਸੰਸਕਾਰ ਪੈਦਾ ਕਰਨ ਵਾਲੇ ਕਰਮਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ :-

*ਗਿਆਨੈ ਕਾਰਨ ਕਰਮ ਅਭਿਆਸੁ॥ ਗਿਆਨੁ ਭਇਆ ਤਹ ਕਰਮਹ ਨਾਸੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੭)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਧਿਐਨ ਕਰਨ ਉਪਰੰਤ ਇਹ ਬੋਧ ਹੁੰਦਾ ਹੈ ਕਿ ਮਨੁੱਖ ਨੂੰ ਆਤਮ ਗਿਆਨ ਪ੍ਰਾਪਤ ਹੋਣ ਦੇ ਨਾਲ ਉਸ ਦੇ ਮਨ ਵਿਚ ਵੈਰਾਗ ਅਤੇ ਉਦਾਸੀਨਤਾ ਪੈਦਾ ਹੁੰਦੀ ਹੈ। ਉਹ ਸੰਤੋਖੀ ਅਤੇ ਤ੍ਰਿਪਤ ਹੋ ਜਾਂਦਾ ਹੈ। ਜਗਿਆਸੂ ਦਾ ਮਨ ਸਹਿਜ ਅਵਸਥਾ ਵਿਚ ਪ੍ਰਵੇਸ਼ ਕਰਕੇ ਸਦੀਵ ਸੁੱਖ ਪ੍ਰਾਪਤ ਕਰਦਾ ਹੈ। ਸਹਿਜ ਸ਼ਬਦ ਦਾ ਅਰਥ ਦੋ ਪੱਖਾਂ ਤੋਂ ਵਿਚਾਰਿਆ ਜਾਂਦਾ ਹੈ। ਪਹਿਲਾ, ਸਹਿਜ ਇਕ ਮਾਰਗ ਦਾ ਨਾਮ ਹੈ, ਜਿਸ ਉੱਪਰ ਚੱਲ ਕੇ ਜਗਿਆਸੂ ਸੱਚਾ-ਸੁੱਚਾ ਗਿਆਨ ਪ੍ਰਾਪਤ ਕਰ ਕੇ ਆਪਣੇ ਮਨ ਦੀ ਸ਼ੁੱਧੀ ਕਰਦਾ ਹੈ ਅਤੇ ਇਸ ਰਾਹੀਂ ਉਸ ਨੂੰ ਉਹ ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ, ਜਿਸ ਨੂੰ ਧਾਰਮਿਕ ਜੀਵਨ ਦਾ ਆਦਰਸ਼ ਮੰਨਿਆ ਗਿਆ ਹੈ। ਦੂਜਾ, ਸਹਿਜ ਉਸ ਆਤਮਿਕ ਅਵਸਥਾ ਦਾ ਨਾਮ ਹੈ ਜਿਸ ਉੱਪਰ ਸੱਚਾ ਜਗਿਆਸੂ ਆਪਣੀ ਸਾਧਨਾ ਨਾਲ ਪੁਜਦਾ ਹੈ।

ਇਹ ਅਜਿਹੀ ਵਿਵਸਥਾ ਹੈ ਜਿੱਥੇ ਮਨੁੱਖ ਨੂੰ ਬੋਧ ਹੋ ਜਾਂਦਾ ਹੈ ਕਿ ਸਮੁੱਚਾ ਦ੍ਰਿਸ਼ਟਮਾਨ ਪਾਸਾਰਾ ਝੂਠ ਹੈ, ਭਾਵ ਬਿਨਸਨਹਾਰ ਹੈ। ਇਸ ਨੇ ਇਕ ਦਿਨ ਖ਼ਤਮ ਹੋ ਜਾਣਾ ਹੈ। ਇਸ ਕਰਕੇ ਗਿਆਨਵਾਨ ਪੁਰਸ਼ ਕੁਝ ਵੀ ਮੰਗਣ ਤੋਂ ਪਰਹੇਜ਼ ਕਰਦਾ ਹੈ। ਗੁਰਬਾਣੀ ਦਾ ਫੁਰਮਾਨ ਹੈ :

*ਕਿਆ ਮਾਗਉ ਕਿਛੁ ਥਿਰੁ ਨ ਰਹਾਈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੧)*

**੩. ਵਿਸਮਾਦ**

ਗੁਰਮਤਿ ਵਿਚ ਗਿਆਨ ਪ੍ਰਾਪਤੀ ਦਾ ਸਭ ਤੋਂ ਵਡਾ ਫਲ 'ਵਿਸਮਾਦ' ਹੈ। ਅਸਚਰਜਤਾ, ਖੁਸ਼ੀ ਤੇ ਅਨੰਦ ਨੂੰ ਵਿਸਮਾਦ ਕਿਹਾ ਜਾਂਦਾ ਹੈ। ਇਹ ਵਿਸਮਾਦ ਅਕਹਿ ਹੈ, ਜਿਹੜਾ ਜਗਿਆਸੂ ਨੂੰ ਰੱਬ ਨਾਲ ਜੋੜਦਾ ਹੈ :

*ਪਾਰਬ੍ਰਹਮੁ ਪ੍ਰਭੁ ਦ੍ਰਿਸਟੀ ਆਇਆ ਪੂਰਨ ਅਗਮ ਬਿਸਮਾਦ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੨੦)*

ਵਿਸਮਾਦੀ ਦ੍ਰਿਸ਼ ਤੇ ਤਜ਼ਰਬਾ ਕੋਈ ਮਨੋ-ਕਲਪਿਤ, ਭਰਮ ਜਾਂ ਨਿਰਾਧਾਰ ਭਰਮ ਨਹੀਂ, ਬਲਕਿ ਇਹ ਤਾਂ ਇਕ ਪ੍ਰਤੱਖ ਸੱਚੀ ਤੇ ਨਿੱਗਰ ਹੋਂਦ ਦਾ ਗਿਆਨ ਹੈ। ਉਹ ਗਿਆਨ ਜਿਹੜਾ ਗਿਆਨ ਇੰਦਰਿਆਂ ਰਾਹੀਂ ਪ੍ਰਾਪਤ ਨਹੀਂ ਹੁੰਦਾ, ਸਥੂਲ ਅੱਖਾਂ ਨਾਲ ਵੇਖਿਆ ਨਹੀਂ ਜਾ ਸਕਦਾ ਅਤੇ ਕੰਨਾਂ ਨਾਲ ਸੁਣਿਆ ਨਹੀਂ ਜਾਂਦਾ। ਗਿਆਨ ਇੰਦ੍ਰਿਆਂ ਰਾਹੀਂ ਪ੍ਰਾਪਤ ਕੀਤਾ ਗਿਆਨ ਬੁੱਧੀ ਦਾ ਵਿਸ਼ਾ ਬਣ ਕੇ ਰਹਿ ਜਾਂਦਾ ਹੈ। ਬੁੱਧੀ ਤਾਂ ਰੰਗ, ਰਸ, ਰੂਪ ਆਦਿ ਵਿਚ ਹੀ ਭੁੱਲੀ ਰਹਿੰਦੀ ਹੈ। ਬੁੱਧੀ ਹਰੇਕ ਵਸਤੂ ਨੂੰ ਨਿਖੇੜ ਕੇ ਦੇਖਦੀ ਹੈ। ਮਿਸਾਲ ਵਜੋਂ, ਫੁੱਲ ਨੂੰ, ਫੁੱਲ ਦੀਆਂ ਪਤੀਆਂ ਨੂੰ, ਸਭ ਨੂੰ ਵੱਖਰਾ-ਵੱਖਰਾ ਕਰ ਕੇ ਤੱਕਦੀ ਹੈ ਤੇ ਇਸ ਨਖੇੜੇ ਵਿਚ ਹੀ ਰਹਿ ਜਾਂਦੀ ਹੈ। ਜਦੋਂ ਕਿ ਸਮੁੱਚ ਦਾ ਗਿਆਨ, ਪੂਰਨਤਾ ਦਾ ਸੁਆਦ ਅਨੁਭਵ ਰਾਹੀਂ ਆਉਂਦਾ ਹੈ।

ਅਨੁਭਵ, ਵਸਤੂ ਦੀ ਹੋਂਦ ਤੇ ਉਸ ਦੇ ਵਜੂਦ ਵਿਚ ਪ੍ਰਵੇਸ਼ ਕਰ ਜਾਂਦਾ ਹੈ ਤੇ ਉਸ ਨਾਲ ਇਕ-ਮਿਕ ਹੋ ਕੇ ਵਿਸਮਾਦ ਪੈਦਾ ਕਰਦਾ ਹੈ। ਭੇਦ, ਫਰਕ ਜਾਂ ਓਪਰਾ-ਪਣ ਬੁੱਧੀ ਦਾ ਫ਼ਲ ਹੈ। ਅਨੁਭਵ, ਏਕਤਾ ਤੇ ਸਰਬੇਕਤਾ ਦਾ ਅਹਿਸਾਸ ਦਿੰਦਾ ਹੈ। ਗਿਆਤਾ, ਗਿਆਨ ਤੇ ਗੇਯ-ਪੁਰਖ, ਵਸਤੂ ਤੇ ਉਸ ਦਾ ਜਾਣਨਾ, ਇਹ ਸਭ ਇਕ ਰੂਪ ਹੋ ਜਾਂਦੇ ਹਨ। ਇਹ ਵਿਸਮਾਦੀ ਅਨੁਭਵ ਹੈ ਜਿਹੜਾ ਕਿ ਮਨੁੱਖ ਨੂੰ ਦ੍ਰਿਸ਼ਟਮਾਨ ਦੇ ਪਿੱਛੇ ਸਰਬਵਿਆਪੀ ਜੋਤਿ ਨਾਲ ਜੋੜਦਾ ਹੈ। ਵਿਸਮਾਦੀ ਪੁਰਸ਼ ਵਿਵਹਾਰ ਵਿਚ ਹੀ ਪਰਮਾਰਥ ਦੇ ਨਜ਼ਾਰੇ ਦੇਖਦਾ ਹੈ। ਖਾਲਕ ਤੇ ਖਲਕ ਨੂੰ ਓਤ-ਪੋਤ ਕਰ ਕੇ ਇਕ ਰੂਪ ਦੱਸਦਾ ਹੈ।

**੪. ਬ੍ਰਹਿਮੰਡੀ ਵਿਸ਼ਾਲਤਾ ਦਾ ਅਨੁਭਵ**

ਬ੍ਰਹਿਮੰਡ ਦੀ ਵਿਸ਼ਾਲਤਾ ਅਤੇ ਪ੍ਰਭੂ ਦੀ ਰਚਨਾਤਮਕ ਸ਼ਕਤੀ ਦੀਆਂ ਅਨੇਕ ਡੂੰਘੀਆਂ ਪਰਤਾਂ ਬਾਰੇ ਗੁਰਬਾਣੀ ਵਿਚ ਅਨੇਕ ਥਾਂ ਇਸ਼ਾਰੇ ਕੀਤੇ ਮਿਲਦੇ ਹਨ। ਇਸ ਦ੍ਰਿਸ਼ਟਮਾਨ ਜਗਤ ਵਿਚ ਅਨੇਕ ਪ੍ਰਕਾਰ ਦੀਆਂ ਕੁਦਰਤੀ ਸ਼ਕਤੀਆਂ ਹਨ। ਐਨਾ ਹੀ

ਨਹੀਂ, ਭੂਗੋਲਿਕ ਦ੍ਰਿਸ਼ਟੀਕੋਣ ਤੋਂ ਵੀ ਭਿੰਨ-ਭਿੰਨ ਕਿਸਮ ਦੇ ਅਨੇਕ ਪ੍ਰਦੇਸ਼ ਅਤੇ ਉਨ੍ਹਾਂ ਦੇ ਆਪਣੇ ਜਲਵਾਯੂ ਹਨ। ਇਹ ਪਾਸਾਰਾ ਐਨਾ ਵਿਸ਼ਾਲ ਹੈ ਕਿ ਮਨੁੱਖ ਦੀ ਸੀਮਤ ਬੁੱਧੀ ਇਸ ਸਭ ਪਾਸਾਰੇ ਨੂੰ ਵੇਖਣ ਅਦੇ ਸਮਝਣ ਦੇ ਸਮਰੱਥ ਨਹੀਂ। ਇਸ ਬ੍ਰਹਿਮੰਡ ਵਿਚ ਅਨੇਕਾਂ ਹੀ ਸੂਰਜ ਮੰਡਲ, ਧਰਤੀਆਂ, ਪਾਤਾਲ ਅਤੇ ਅਕਾਸ਼ ਹਨ। ਇਸ ਅਣਗਿਣਤ ਪਾਸਾਰੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਜਪੁ' ਬਾਣੀ ਵਿਚ 'ਗਿਆਨ ਖੰਡ' ਦੇ ਵਿਸ਼ਲੇਸ਼ਣ ਦਾ ਹਿੱਸਾ ਬਣਾਇਆ ਹੈ, ਜਿਸ ਦਾ ਬੋਧ ਪ੍ਰਾਪਤ ਕਰਨਾ ਮਨੁਖੀ ਬੌਧਿਕ ਗਿਆਨ ਦੇ ਵੱਸ ਨਹੀਂ। ਅਜਿਹਾ ਗਿਆਨ ਕੇਵਲ ਅਨੁਭਵ ਰਾਹੀਂ ਉਸ ਵਿਅਕਤੀ ਨੂੰ ਪ੍ਰਾਪਤ ਹੁੰਦਾ ਹੈ, ਜਿਸ 'ਤੇ ਅਕਾਲ ਪੁਰਖ ਦੀ ਕਿਰਪਾ ਹੁੰਦੀ ਹੈ। ਇਸ ਅਵਸਥਾ ਵਿਚ ਪਹੁੰਚੇ ਜਗਿਆਸੂ ਨੂੰ ਪਰਮਾਤਮਾ ਦੀ ਵੰਨ-ਸੁਵੰਨੀ ਕਿਰਤ ਦੇ ਦਰਸ਼ਨ ਹੁੰਦੇ ਹਨ :

*ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥...*
*ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭)*

ਦਰਅਸਲ ਇਹ ਧਰਤੀ ਤਾਂ ਬ੍ਰਹਿਮੰਡ ਦੀ ਵਿਸ਼ਾਲਤਾ ਦੇ ਸੰਦਰਭ ਵਿਚ ਇਕ ਛੋਟਾ ਜਿਹਾ ਬਿੰਦੂ ਹੈ। ਇਹ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਇਸ ਛੋਟੇ ਜਿਹੇ ਬਿੰਦੂ ਧਰਤੀ ਉੱਪਰ ਰਹਿ ਰਹੇ ਉਸ ਤੋਂ ਵੀ ਕਿਤੇ ਛੋਟੇ ਮਨੁੱਖ ਦੀਆਂ ਸ਼ਕਤੀਆਂ ਕਿੰਨੀਆਂ ਕੁ ਹੋ ਸਕਦੀਆਂ ਹਨ। ਅਸਲ ਵਿਚ ਵਿਸਮਾਦੀ ਵਿਅਕਤੀ ਹੀ ਸਹੀ ਅਰਥਾਂ ਵਿਚ ਗਿਆਨਵਾਨ ਵਿਅਕਤੀ ਹੁੰਦਾ ਹੈ, ਕਿਉਂਕਿ ਉਹ ਭੌਤਿਕ ਗਿਆਨ ਦੀ ਪ੍ਰਾਪਤੀ ਦੀ ਹਉਮੈਂ ਨੂੰ ਛੱਡ ਕੇ 'ਕੁਦਰਤ' ਦੇ ਵਿਸ਼ਾਲ ਨਜ਼ਾਰੇ ਨੂੰ ਆਪਣੇ ਅੰਦਰ ਅਨੁਭਵ ਕਰ ਲੈਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਉਨ੍ਹਾਂ ਅੱਖਾਂ ਵੱਲ ਸੰਕੇਤ ਕਰਦੇ ਹਨ, ਜਿਨ੍ਹਾਂ ਰਾਹੀਂ ਪ੍ਰਭੂ ਪ੍ਰੀਤਮ ਦਾ ਦੀਦਾਰ ਹੁੰਦਾ ਹੈ :

*ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ॥*
*ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੭੭)*

### ੫. ਬ੍ਰਹਮ ਗਿਆਨ

ਬ੍ਰਹਮ ਗਿਆਨ' ਤੋਂ ਭਾਵ ਬ੍ਰਹਮ ਦੀ ਸੋਝੀ ਜਾਂ ਗਿਆਨ ਪ੍ਰਾਪਤ ਕਰਨਾ ਹੈ। 'ਬ੍ਰਹਮ ਗਿਆਨ' ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸੁਗਿਆਨ', 'ਸਹਜ ਗਿਆਨ', 'ਤਤ ਗਿਆਨ', 'ਗੁਰਮਤਿ ਗਿਆਨ' ਅਤੇ 'ਗਿਆਨ ਅੰਜਨ' ਆਦਿ ਨਾਵਾਂ ਨਾਲ ਪੇਸ਼ ਕੀਤਾ ਗਿਆ ਹੈ। ਰਹੱਸਵਾਦ (ਮੇਸਟਚਿਸਿਮ) ਦੇ ਪੱਧਰ 'ਤੇ ਇਹ ਬਹੁਤ ਗੰਭੀਰ ਵਿਸ਼ਾ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਵਾਲੇ ਸਾਧਕ ਨੂੰ ਬ੍ਰਹਮ ਗਿਆਨੀ ਕਿਹਾ ਜਾਂਦਾ ਹੈ। ਬ੍ਰਹਮ ਗਿਆਨੀ 'ਪਰਮੇਸਰ' ਦਾ ਰੁਤਬਾ ਪ੍ਰਾਪਤ ਕਰ ਲੈਂਦਾ ਹੈ, ਕਿਉਂਕਿ ਉਸ ਨੂੰ ਆਤਮਾ ਦੀ ਸੋਝੀ ਹੋ ਜਾਂਦੀ ਹੈ। ਗੁਰ ਵਾਕ ਹੈ: *ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ* ਸਰਵ

ਉਚ ਗਿਆਨ, ਉੱਚਤਮ ਸਚਾਈ ਦਾ ਗਿਆਨ ਹੈ, ਜਿਸ ਦੀ ਪ੍ਰਾਪਤੀ ਮਨੁੱਖ ਨੂੰ ਗਿਆਨਵਾਨਤਾ ਦੀ ਉਸ ਪਧਰ 'ਤੇ ਲੈ ਜਾਂਦੀ ਹੈ, ਜਿੱਥੇ ਉਹ ਬ੍ਰਹਮ ਗਿਆਨੀ ਦੇ ਰੂਪ ਵਿਚ ਵਿਚਰਦਾ ਹੈ। ਗੁਰਬਾਣੀ ਨੇ ਗਿਆਨ-ਯੁਕਤ ਆਦਰਸ਼ ਨੂੰ ਬ੍ਰਹਮ ਗਿਆਨ ਦਾ ਨਾਮ ਦਿੱਤਾ ਹੈ, ਜਿਸ ਤੋਂ ਉਚੇਰੀ ਕੋਈ ਹੋਰ ਅਵਸਥਾ ਮਨੁੱਖ ਲਈ ਸੋਚੀ ਨਹੀਂ ਜਾ ਸਕਦੀ। ਬ੍ਰਹਮ-ਗਿਆਨੀ ਆਤਮਿਕ ਗਿਆਨ ਦਾ ਅਭਿਲਾਖੀ ਹੁੰਦਾ ਹੈ। 'ਬ੍ਰਹਮ ਗਿਆਨ' ਦਾ ਸਿੱਧਾ ਸੰਬੰਧ ਜਗਿਆਸੂ ਦੇ ਅੰਤਰ-ਬੋਧ ਨਾਲ ਹੁੰਦਾ ਹੈ। ਸੁਖਮਨੀ ਸਾਹਿਬ ਵਿਚ ਇਸ ਅਵਸਥਾ 'ਤੇ ਪਹੁੰਚੇ ਵਿਅਕਤੀ ਨੂੰ 'ਬ੍ਰਹਮ ਗਿਆਨੀ' ਪਦ ਨਾਲ ਸੰਬੋਧਿਤ ਕੀਤਾ ਹੈ :

*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੭੩)*

ਸਾਰੰਸ਼ ਵਜੋਂ ਕਿਹਾ ਜਾ ਸਕਦਾ ਹੈ ਕਿ 'ਗਿਆਨ ਮਾਰਗ' ਧਰਮ ਸਾਧਨਾ ਦਾ ਪਵਿੱਤਰ ਤੇ ਅਨਿਖੱੜ ਅੰਗ ਹੈ। 'ਗਿਆਨ ਮਾਰਗ' ਦਾ ਕੇਂਦਰੀ ਧੁਰਾ 'ਬ੍ਰਹਮ' ਹੈ, ਜਿਸ ਨੂੰ ਜਾਣਨ ਤੇ ਮਾਣਨ ਲਈ ਅਨੇਕ ਜਤਨ ਹੁੰਦੇ ਆਏ ਹਨ, ਉਹ ਭਾਵੇਂ ਦਾਰਸ਼ਨਿਕ ਪੱਧਰ 'ਤੇ ਹੋਣ ਜਾਂ ਅਧਿਆਤਮਿਕ ਪੱਧਰ 'ਤੇ। ਮਨੁੱਖ ਦਾ ਪਰਮ ਉਦੇਸ਼ ਪਰਮਾਤਮਾ ਦੀ ਪ੍ਰਾਪਤੀ ਹੈ, ਜਿਸ ਦੀ ਪੂਰਤੀ ਲਈ ਮਨੁੱਖ ਜਤਨਸ਼ੀਲ ਰਹਿੰਦਾ ਹੈ। ਇਨ੍ਹਾਂ ਜਤਨਾਂ 'ਤੇ ਜਦੋਂ ਰੱਬੀ 'ਨਦਰਿ' ਹੁੰਦੀ ਹੈ ਤਾਂ ਸੱਚਾ ਪਰਮਾਤਮਾ ਹਿਰਦੇ ਘਰ ਅੰਦਰ ਵਸ ਜਾਂਦਾ ਹੈ। ਜਗਿਆਸੂ ਨੂੰ ਆਤਮ ਗਿਆਨ ਪ੍ਰਾਪਤ ਹੋ ਜਾਂਦਾ ਹੈ, ਜਿਸ ਨਾਲ ਉਸ ਦਾ ਅੰਦਰਲਾ ਸੰਸਾਰ ਬਦਲ ਜਾਂਦਾ ਹੈ। ਇਸ ਆਤਮ ਗਿਆਨ ਨੂੰ ਗੁਰਬਾਣੀ ਵਿਚ 'ਬ੍ਰਹਮ ਗਿਆਨ' ਦੀ ਸੰਗਿਆ ਦਿੱਤੀ ਗਈ ਹੈ। ਦੂਜੇ ਪਾਸੇ ਅਕਾਲ ਪੁਰਖ ਨਾਲੋਂ ਟੁੱਟੇ ਹੋਏ ਲੋਕ ਅਗਿਆਨੀ, ਜਿਹੜੇ ਇਸ ਸੰਸਾਰ ਨੂੰ ਸੱਚ ਜਾਣ ਕੇ, ਮੋਹ-ਮਾਇਆ ਵਿਚ ਫਸ ਕੇ ਆਪਣਾ ਜੀਵਨ ਅਜਾਈਂ ਗਵਾ ਲੈਂਦੇ ਹਨ। ਪੂਰਨ ਗੁਰੂ ਦੀ ਸ਼ਰਨ ਵਿਚ ਜਾ ਕੇ ਨਾਮ-ਸਿਮਰਨ ਰਾਹੀਂ ਮਨੁੱਖ ਅਗਿਆਨ ਦਾ ਵਿਨਾਸ਼ ਕਰ ਸਕਦਾ ਹੈ। ਇਕ ਗੱਲ ਸੁਨਿਸ਼ਚਿਤ ਹੈ ਕਿ ਅਗਿਆਨ ਦੇ ਹਨੇਰੇ ਨੂੰ ਗਿਆਨ ਦੇ ਪ੍ਰਕਾਸ਼ ਤੋਂ ਬਿਨਾਂ ਦੂਰ ਨਹੀਂ ਕੀਤਾ ਜਾ ਸਕਦਾ। ਬੇਸ਼ਕ ਇਸ 'ਗਿਆਨ' ਦੀ ਵਿਆਖਿਆ ਦਰਸ਼ਨ ਸ਼ਾਸਤਰੀਆਂ ਤੇ ਧਰਮ ਸ਼ਾਸਤਰੀਆਂ ਨੇ ਆਪੋ-ਆਪਣੇ ਢੰਗ ਨਾਲ ਕੀਤੀ ਹੈ, ਪਰੰਤੂ ਗਿਆਨ-ਪ੍ਰਾਪਤੀ ਦਾ ਨਿਵੇਕਲਾ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਹੀਂ ਰੂਪਮਾਨ ਹੁੰਦਾ ਹੈ। ■

# ਊਡੇ ਊਡਿ ਆਵੈ ਸੈ ਕੋਸਾ

*-ਸ. ਰਣਜੀਤ ਸਿੰਘ**

ਅਕਾਲ ਪੁਰਖ ਦੀ ਸਾਜੀ ਹੋਈ ਸ੍ਰਿਸ਼ਟੀ ਬਹੁਤ ਹੀ ਵਿਸ਼ਾਲ ਅਤੇ ਅਦਭੁਤ ਹੈ। ਇਸ ਵਿਚ ਅਲੱਗ-ਅਲੱਗ ਤਰ੍ਹਾਂ ਦੇ ਪਸ਼ੂ, ਪੰਛੀ, ਜੀਵ-ਜੰਤੂ ਅਤੇ ਪੌਦੇ ਵੇਖਣ ਨੂੰ ਮਿਲਦੇ ਹਨ। ਜੀਵ-ਜੰਤੂਆਂ ਦਾ ਸੰਸਾਰ ਬਹੁਤ ਹੀ ਵਿਸ਼ਾਲ ਤੇ ਵਚਿੱਤਰ ਹੈ। ਧਰਤੀ 'ਤੇ ਰਹਿਣ ਵਾਲੇ, ਪਾਣੀ ਵਿਚ ਪਾਏ ਜਾਣ ਵਾਲੇ, ਹਵਾ ਵਿਚ ਉਡਣ ਵਾਲੇ ਅਤੇ ਮਿੱਟੀ ਦੇ ਥੱਲੇ ਰਹਿਣ ਵਾਲੇ ਅਨੇਕਾਂ ਹੀ ਜੀਵ ਪਰਮਾਤਮਾ ਨੇ ਪੈਦਾ ਕੀਤੇ ਹਨ। ਇਸ ਤੋਂ ਇਲਾਵਾ ਸ਼ਾਕਾਹਾਰੀ ਜੀਵ, ਮਾਸਾਹਾਰੀ, ਰੀਂਗਣ ਵਾਲੇ, ਤੁਰਨ ਵਾਲੇ, ਉਡਣ ਵਾਲੇ ਅਤੇ ਹੋਰ ਅਨੇਕ ਤਰ੍ਹਾਂ ਦੇ ਜੀਵ-ਜੰਤੂ ਸਾਡੇ ਆਲੇ-ਦੁਆਲੇ ਦਿਖਾਈ ਦਿੰਦੇ ਹਨ। ਇਸ ਤੋਂ ਵੀ ਅੱਗੇ ਚੱਲੀਏ ਤਾਂ ਪਰਮਾਤਮਾ ਦੀ ਰਚਨਾ ਵਿਚ ਉਹ ਵੀ ਅਨੇਕਾਂ ਜੀਵ ਹਨ ਜਿਨ੍ਹਾਂ ਨੂੰ ਸਾਡੀ ਅੱਖ ਵੇਖ ਵੀ ਨਹੀਂ ਸਕਦੀ। ਉਨ੍ਹਾਂ ਨੂੰ ਵੇਖਣ ਲਈ ਸ਼ਕਤੀਸ਼ਾਲੀ ਖੁਰਦਬੀਨਾਂ ਦੀ ਵਰਤੋਂ ਕਰਨੀ ਪੈਂਦੀ ਹੈ। ਕੁਦਰਤ ਵਿਚ ਬਹੁਤ ਰੰਗ ਬਰੰਗੀਆਂ ਸਚਾਈਆਂ ਹਨ। ਆਪਣੇ ਖ਼ਾਸ ਸੁਭਾਅ, ਰੰਗ, ਅਕਾਰ ਅਤੇ ਗੁਣਾਂ ਕਰਕੇ ਵੱਖ-ਵੱਖ ਜੀਵ ਅਕਸਰ ਆਮ ਲੋਕਾਂ ਅਤੇ ਵਿਗਿਆਨੀਆਂ ਲਈ ਕੇਵਲ ਚਰਚਾ ਦਾ ਵਿਸ਼ਾ ਹੀ ਨਹੀਂ ਸਗੋਂ ਖੋਜ ਦਾ ਵਿਸ਼ਾ ਵੀ ਬਣੇ ਰਹਿੰਦੇ ਹਨ।

ਇਹ ਸਾਰੇ ਜੀਵ ਜਦੋਂ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਪਰਮਾਤਮਾ ਨੇ ਇਨ੍ਹਾਂ ਦੀ ਪਾਲਣਾ ਪੋਸ਼ਨਾ ਦਾ ਪ੍ਰਬੰਧ ਪਹਿਲਾਂ ਹੀ ਕੀਤਾ ਹੋਇਆ ਹੈ। ਹਰ ਮੌਸਮ ਵਿਚ ਇਹ ਜੀਵ ਜੀਊਂਦੇ ਰਹਿੰਦੇ ਹਨ। ਗਰਮੀ, ਸਰਦੀ, ਤੂਫਾਨ, ਹੜ੍ਹ, ਬਰਫੀਲੀਆਂ ਚੋਟੀਆਂ ਅਤੇ ਮਾਰੂਥਲਾਂ ਦੀਆਂ ਗਰਮੀਆਂ ਵਿਚ ਪਰਮਾਤਮਾ ਨੇ ਇਨ੍ਹਾਂ ਨੂੰ ਕੇਵਲ ਰਹਿਣ ਯੋਗ ਹੀ ਨਹੀਂ ਬਣਾਇਆ ਸਗੋਂ ਇਨ੍ਹਾਂ ਦੇ ਆਹਾਰ (ਖੁਰਾਕ) ਦਾ ਪ੍ਰਬੰਧ ਵੀ ਉਸ ਨੇ ਕਰ ਕੇ ਰੱਖਿਆ ਹੁੰਦਾ ਹੈ। ਕੁਝ ਪੰਛੀ ਅਜਿਹੇ ਵੀ ਹਨ ਜੋ ਰੁੱਤ ਬਦਲਣ 'ਤੇ ਆਪਣਾ ਵਾਸਾ ਕਿਸੇ ਹੋਰ ਥਾਂ 'ਤੇ ਜਾ ਕੇ ਕਰਦੇ ਹਨ ਅਤੇ ਕੁਝ ਸਮੇਂ ਬਾਅਦ ਫਿਰ ਵਾਪਸ ਆਪਣੇ ਹੀ ਟਿਕਾਣੇ 'ਤੇ ਆ ਜਾਂਦੇ ਹਨ। ਪਰਮਾਤਮਾ ਨੇ ਸ੍ਰਿਸ਼ਟੀ ਨੂੰ ਚਲਦਾ ਰੱਖਣ ਲਈ ਇਸ ਤਰ੍ਹਾਂ ਦੇ ਵਿਧੀ ਵਿਧਾਨ ਬਣਾਏ ਹੋਏ ਹਨ।

ਪੰਛੀਆਂ ਦੇ ਪਰਵਾਸ ਕਰਨ ਦੇ ਕਾਰਨ ਤੋਂ ਹਰ ਇੱਕ ਦੇ ਮਨ ਵਿਚ ਇਹ ਪ੍ਰਸ਼ਨ ਉਠਦਾ ਹੈ ਕਿ ਇਹ ਪੰਛੀ ਕਿੱਥੋਂ, ਕਿਉਂ ਤੇ ਕਿਸ ਤਰ੍ਹਾਂ ਸਾਡੇ ਕੋਲ ਆਉਂਦੇ ਹਨ ਤੇ ਫਿਰ ਕਿੱਥੇ ਤੇ ਕਿਵੇਂ ਚਲੇ ਜਾਂਦੇ ਹਨ? ਅਸਲ ਵਿਚ ਰੁੱਤ ਦੀ ਤਬਦੀਲੀ ਨੂੰ ਨਾ ਸਹਾਰਦੇ ਹੋਏ,

*\# ੧੦੫, ਮਾਇਆ ਨਗਰ, ਸਿਵਲ ਲਾਈਨਜ਼, ਲੁਧਿਆਣਾ; ਮੋ: ੯੯੧੫੫-੧੫੪੩੬*

ਜਦੋਂ ਉਨ੍ਹਾਂ ਦੀ ਜਾਨ ਖ਼ਤਰੇ ਵਿਚ ਪੈ ਜਾਵੇ ਤਾਂ ਉਹ ਮਜਬੂਰੀ ਦੀ ਹਾਲਤ ਵਿਚ ਕੁਦਰਤੀ ਸੂਝ-ਬੂਝ ਦੁਆਰਾ ਆਪਣੇ ਅਸਥਾਨ ਨੂੰ ਛੱਡ ਕੇ ਕਿਸੇ ਹੋਰ ਅਨੁਕੂਲ ਅਸਥਾਨ 'ਤੇ ਪਹੁੰਚ ਜਾਂਦੇ ਹਨ ਕੂੰਜ ਨੂੰ ਹੀ ਵੇਖ ਲਵੋ, ਉਹ ਸੈਂਕੜੇ ਕੋਹਾਂ ਦੇ ਸਫਰ ਕਰ ਕੇ ਅਨੁਕੂਲ ਵਾਤਾਵਰਨ ਵਾਲੇ ਇਲਾਕੇ ਵਿਚ ਪਹੁੰਚ ਜਾਂਦੀ ਹੈ। ਇਹ ਆਮ ਕਰਕੇ ਸਾਇਬੇਰੀਆ ਤੋਂ ਚੱਲ ਕੇ ਭਾਰਤ ਵਿਚ ਇਹ ਹਜ਼ਾਰਾਂ ਮੀਲ ਦਾ ਸਫ਼ਰ ਕਰ ਕੇ ਆਉਂਦੀਆਂ ਹਨ। ਪਿੱਛੇ ਉਨ੍ਹਾਂ ਦੇ ਬੱਚੇ ਇਕੱਲੇ ਹੀ ਹੁੰਦੇ ਹਨ। ਉਨ੍ਹਾਂ ਦਾ ਕੋਈ ਧਿਆਨ ਰੱਖਣ ਵਾਲਾ ਨਹੀਂ, ਕੋਈ ਕੁਝ ਖੁਆਉਣ ਵਾਲਾ ਨਹੀਂ, ਕੋਈ ਉਨ੍ਹਾਂ ਨੂੰ ਚੋਗਾ ਨਹੀਂ ਚੁਗਾਉਂਦਾ ਪਰ ਫਿਰ ਵੀ ਉਨ੍ਹਾਂ ਦੇ ਬੱਚੇ ਪਲਦੇ ਹਨ। ਉਹ ਕੂੰਜ ਆਪਣੇ ਬੱਚਿਆਂ ਦਾ ਧਿਆਨ ਆਪਣੇ ਮਨ ਵਿਚ ਧਰਦੀ ਹੈ। ਅਕਾਲ ਪੁਰਖ ਵਾਹਿਗੁਰੂ ਹੀ ਉਨ੍ਹਾਂ ਦੇ ਪਾਲਣ ਦਾ ਵਸੀਲਾ ਬਣਾਉਂਦਾ ਹੈ। ਰਹਰਾਸਿ ਸਾਹਿਬ ਵਿਚ ਅਸੀਂ ਹਰ ਰੋਜ਼ ਪੜ੍ਹਦੇ ਹਾਂ :

*ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥*
*ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ ੧੦)*

ਪਰਮਾਤਮਾ ਨੇ ਹਰ ਜੀਵ ਨੂੰ ਉਸ ਦੀ ਜੀਵਨ-ਸ਼ੈਲੀ ਤੇ ਚਰਿੱਤਰ ਵਿਧੀ ਅਨੁਸਾਰ ਜੀਉਣ ਲਈ ਸਮਰੱਥਾ ਬਖਸ਼ੀ ਹੈ। ਇਸ ਸਚਾਈ ਅਧੀਨ ਹੀ ਕੁਦਰਤ ਨੇ ਪਰਵਾਸੀ ਪੰਛੀਆਂ ਨੂੰ ਹਜ਼ਾਰਾਂ ਮੀਲਾਂ ਦਾ ਲੰਮਾ ਤੇ ਕਠਿਨ ਸਫਰ ਤੈਅ ਕਰ ਸਕਣ ਲਈ ਪੂਰੀ ਤਾਕਤ ਨਾਲ ਨਿਵਾਜਿਆ ਹੁੰਦਾ ਹੈ। ਇਹ ਪਰਵਾਸੀ ਪੰਛੀ ਬਿਨਾਂ ਕੁਝ ਖਾਧੇ-ਪੀਤੇ, ਕਈ-ਕਈ ਦਿਨ ਲਗਾਤਾਰ ਉਡਦੇ ਰਹਿੰਦੇ ਹਨ। ਕੁਦਰਤ ਨੇ ਇਨ੍ਹਾਂ ਦੇ ਸਰੀਰ ਅੰਦਰ ਪਰਵਾਸ ਕਰਨ ਸਮੇਂ ਚਰਬੀ ਦਾ ਇੱਕ ਵੱਡਾ ਭੰਡਾਰ ਜਮ੍ਹਾਂ ਕੀਤਾ ਹੁੰਦਾ ਹੈ, ਜਿਸ ਨੂੰ ਲੰਮੇ ਸਫ਼ਰ ਦੌਰਾਨ ਉਹ ਊਰਜਾ ਦੇ ਤੌਰ 'ਤੇ ਵਰਤਦੇ ਹਨ। ਕੁਦਰਤ ਨੇ ਇਨ੍ਹਾਂ ਦੇ ਖੰਭਾਂ ਵਿਚ ਵਿਸ਼ੇਸ਼ ਬਣਤਰ ਬਣਾਈ ਹੁੰਦੀ ਹੈ ਜਿਸ ਦੀ ਸਹਾਇਤਾ ਨਾਲ ਇਹ ਲੰਮਾ ਸਫਰ ਕਰ ਸਕਦੇ ਹਨ।

ਵੱਖ-ਵੱਖ ਪੰਛੀਆਂ ਦੇ ਪਰਵਾਸ ਦੀ ਗਾਥਾ ਬਾਰੇ ਜਾਣਕਾਰੀ ਹਾਸਲ ਕਰ ਕੇ ਕੁਦਰਤ ਦੇ ਅੱਗੇ ਸ਼ਰਧਾ ਤੇ ਪਿਆਰ ਨਾਲ ਸਿਰ ਝੁਕ ਜਾਂਦਾ ਹੈ ਤੇ ਮਨ ਵਿਸਮਾਦ ਦੀ ਅਵਸਥਾ ਵਿਚ ਆ ਜਾਂਦਾ ਹੈ। ਚਿੱਟੇ ਰੰਗ ਦਾ ਇੱਕ ਵੱਡਾ ਸਮੁੰਦਰੀ ਪੰਛੀ 'ਅਲਬਟਰੋਸ' ਲੱਗਭਗ ਤਿੰਨ ਮਹੀਨੇ ਵਿਚ ੩੦ ਹਜ਼ਾਰ ਕਿਲੋਮੀਟਰ ਦਾ ਸਫ਼ਰ ਤੈਅ ਕਰਦਾ ਹੈ ਅਤੇ ਇੱਕ ਹਫਤਾ ਬਿਨਾਂ ਖੰਭ ਹਿਲਾਏ ਹਵਾ ਵਿਚ ਗਲਾਈਡ ਕਰਦਾ ਹੈ। ਉੱਤਰੀ ਅਮਰੀਕਾ ਦਾ ਇੱਕ ਪੰਛੀ 'ਬੋਬੋਲਿੰਕ' ਸਰਦੀਆਂ ਵਿਚ ਉੱਤਰੀ ਅਰਜਨਟਾਈਨਾ ਅਤੇ ਬਰਾਜ਼ੀਲ ਪਹੁੰਚਣ ਲਈ ੨ ਹਜ਼ਾਰ ਕਿਲੋਮੀਟਰ ਦਾ ਸਫ਼ਰ ਖੁੱਲ੍ਹੇ ਸਮੁੰਦਰ ਨੂੰ ਪਾਰ ਕਰ ਕੇ ਕਰਦਾ ਹੈ। ਕੁਦਰਤ ਨੇ ਇਸ ਦੇ ਸਰੀਰ 'ਤੇ ਚਰਬੀ ਦੀ ਇੱਕ ਮੋਟੀ ਤਹਿ ਜਮਾ ਕੇ ਰੱਖੀ ਹੁੰਦੀ ਹੈ ਜਿਸ ਦੀ ਵਰਤੋਂ ਇਹ ਪੰਛੀ ਲੰਮੇ ਸਫਰ ਦੌਰਾਨ ਸਰੀਰ ਨੂੰ ਊਰਜਾ ਦੇਣ ਲਈ ਕਰਦਾ

ਹੈ। ਜੇ ਕਿਸੇ ਵਿਅਕਤੀ ਨੇ ਪਾਇਲਟ ਦੀ ਟ੍ਰੇਨਿੰਗ ਲੈਣੀ ਹੋਵੇ ਤਾਂ ਉਸ ਨੂੰ ਬਹੁਤ ਕਠਿਨ ਮਿਹਨਤ ਕਰਨੀ ਪੈਂਦੀ ਹੈ ਤੇ ਦਿਸ਼ਾ-ਸੂਚਕ ਦੀ ਮਦਦ ਨਾਲ ਹੀ ਉਹ ਜਹਾਜ਼ ਨੂੰ ਸਹੀ ਦਿਸ਼ਾ ਵਿਚ ਲਿਜਾ ਸਕਦਾ ਹੈ, ਪਰ ਕੁਦਰਤ ਦੀ ਰਚਨਾ ਅੱਗੇ ਸਿਰ ਝੁਕ ਜਾਂਦਾ ਹੈ ਕਿ ਇਹ ਪੰਛੀ ਹਜ਼ਾਰਾਂ ਮੀਲਾਂ ਦਾ ਸਫਰ ਤੈਅ ਕਰ ਕੇ ਬਿਨਾਂ ਕੋਈ ਧੋਖਾ ਖਾਧੇ ਆਪਣੇ ਟੀਚੇ(ਮੰਜ਼ਿਲ) 'ਤੇ ਪਹੁੰਚ ਜਾਂਦੇ ਹਨ।

ਵਿਗਿਆਨੀਆਂ ਦਾ ਵਿਚਾਰ ਹੈ ਕਿ ਇਨ੍ਹਾਂ ਪੰਛੀਆਂ ਦੇ ਦਿਮਾਗ ਅੰਦਰ ਚਾਲਕ ਅਤੇ ਦਿਸ਼ਾ-ਸੂਚਕ ਜੰਤਰ ਵਰਗੀ ਕੋਈ ਪ੍ਰਣਾਲੀ ਮੌਜੂਦ ਹੈ। ਇਸ ਅੰਦਰੂਨੀ ਦਿਸ਼ਾ-ਸੂਚਕ ਦੇ ਸਹਾਰੇ ਇਹ ਪੰਛੀ ਹਜ਼ਾਰਾਂ ਮੀਲ ਦਾ ਕਠਿਨ ਸਫ਼ਰ ਬੜੀ ਸਫਲਤਾ-ਪੂਰਵਕ ਪਾਰ ਕਰ ਕੇ ਨਿਸ਼ਚਿਤ ਥਾਂ 'ਤੇ ਪਹੁੰਚ ਜਾਂਦੇ ਹਨ। ਸੂਰਜ ਚੰਦ ਤੇ ਤਾਰਿਆਂ ਦੀ ਸਥਿਤੀ ਵੀ ਇਨ੍ਹਾਂ ਨੂੰ ਰਸਤਾ ਦਿਖਾਉਣ ਵਿਚ ਸਹਾਈ ਹੁੰਦੀ ਹੈ। ਇਸ ਤੋਂ ਇਲਾਵਾ ਪਹਾੜਾਂ, ਝੀਲਾਂ, ਸਮੁੰਦਰਾਂ ਤੇ ਮਾਰੂਥਲ ਵਰਗੇ ਪੱਕੇ ਚਿੰਨ੍ਹ ਵੀ ਸਹਾਇਕ ਹੁੰਦੇ ਹਨ। ਕੁਦਰਤੀ ਸੂਝ-ਬੂਝ ਦੇ ਨਾਲ ਇਨ੍ਹਾਂ ਪੰਛੀਆਂ ਦੀ ਵੇਖਣ, ਸੁਣਨ ਤੇ ਸੁੰਘਣ ਸ਼ਕਤੀ ਵੀ ਕੰਮ ਕਰਦੀ ਹੈ। ਚੁੰਬਕੀ ਤੇ ਬਿਜਲਈ ਖੇਤਰ ਵੀ ਇਨ੍ਹਾਂ ਦੀ ਅਗਵਾਈ ਕਰਦੇ ਹਨ। ਕੁਦਰਤ ਨੇ ਇਨ੍ਹਾਂ ਪੰਛੀਆਂ ਨੂੰ ਇੱਕ ਵਚਿੱਤਰ ਸੋਝੀ ਬਖਸ਼ਿਸ਼ ਕੀਤੀ ਹੈ ਕਿ ਇਹ ਪਰਵਾਸੀ ਪੰਛੀ ਅੰਗਰੇਜ਼ੀ ਦੇ ਅੱਖਰ 'ਵੀ'(v) ਦੀ ਸ਼ਕਲ ਵਿਚ ਝੁੰਡ ਬਣਾ ਕੇ ਉਡਦੇ ਹਨ। ਇਸ ਤਰ੍ਹਾਂ ਉਡਣ ਨਾਲ ਇਨ੍ਹਾਂ ਦੀ ਰਫਤਾਰ ਕਈ ਗੁਣਾ ਤੇਜ਼ ਹੋ ਜਾਂਦੀ ਹੈ। ਜਿਹੜੀ ਕੂੰਜ ਅੱਗੇ ਹੁੰਦੀ ਹੈ ਉਹ ਬਾਕੀ ਝੁੰਡ ਦੀ ਅਗਵਾਈ ਕਰਦੀ ਹੈ ਤੇ ਜਦੋਂ ਉਹ ਥੱਕ ਜਾਂਦੀ ਹੈ ਤਾਂ ਉਸ ਦੀ ਥਾਂ ਹੋਰ ਕੂੰਜ ਅਗਵਾਈ ਕਰਨ ਲਈ ਅੱਗੇ ਆ ਜਾਂਦੀ ਹੈ ਤੇ ਪਹਿਲੀ ਕੂੰਜ ਪਿੱਛੇ ਹੋ ਜਾਂਦੀ ਹੈ। ਜੇ ਇਸ ਝੁੰਡ ਵਿੱਚੋਂ ਕੁਝ ਕੂੰਜਾਂ ਸਰੀਰਕ ਪੱਖੋਂ ਢਿੱਲੀਆਂ ਹੋ ਜਾਣ ਤਾਂ ਉਹ ਆਪਣਾ ਇੱਕ ਵੱਖਰਾ ਝੁੰਡ ਬਣਾ ਕੇ ਘੱਟ ਰਫਤਾਰ ਨਾਲ ਉਡਣ ਲੱਗ ਪੈਂਦੀਆਂ ਹਨ।

ਵਿਗਿਆਨੀਆਂ ਨੇ ਇਹ ਵੀ ਖੋਜ ਕਰ ਲਈ ਹੈ ਕਿ ਅਕਾਲ ਪੁਰਖ ਨੇ ਪਰਵਾਸੀ ਪੰਛੀਆਂ ਨੂੰ ਪਰਵਾਸ ਕਰਨ ਦਾ ਸਹੀ ਸਮਾਂ ਕੀ ਹੈ? ਇਸ ਬਾਰੇ ਵੀ ਸੋਝੀ ਦਿੱਤੀ ਹੋਈ ਹੈ। ਇਨ੍ਹਾਂ ਨੂੰ ਪਰਵਾਸ ਯਾਤਰਾ ਸ਼ੁਰੂ ਕਰਨ ਦੀ ਪ੍ਰੇਰਨਾ ਦਿਨ ਦੀ ਲੰਬਾਈ ਘਟਣ ਤੋਂ ਮਿਲਦੀ ਹੈ। ਜਦੋਂ ਦਿਨ ਛੋਟੇ ਹੋ ਜਾਂਦੇ ਹਨ ਤਾਂ ਇਨ੍ਹਾਂ ਨੂੰ ਭੋਜਨ ਦੀ ਭਾਲ ਲਈ ਪੂਰਾ ਸਮਾਂ ਨਹੀਂ ਮਿਲਦਾ ਤਾਂ ਇਹ ਯਾਤਰਾ ਦੀ ਤਿਆਰੀ ਸ਼ੁਰੂ ਕਰ ਦਿੰਦੇ ਹਨ। ਕੁਦਰਤੀ ਤੌਰ 'ਤੇ ਵੀ ਇਨ੍ਹਾਂ ਦੇ ਸਰੀਰ ਅੰਦਰ ਖ਼ਾਸ ਕਿਸਮ ਦੇ ਹਾਰਮੋਨਜ਼ ਤਿਆਰ ਹੋ ਜਾਂਦੇ ਹਨ ਜੋ ਉਹਨਾਂ ਨੂੰ ਪਰਵਾਸ ਯਾਤਰਾ 'ਤੇ ਨਿਕਲਣ ਲਈ ਉਕਸਾਉਂਦੇ ਹਨ। ਆਮ ਤੌਰ 'ਤੇ ਸਾਫ਼ ਮੌਸਮ ਵਿਚ ਹੀ ਜਿਸ ਪਾਸੇ ਹਵਾ ਦੀ ਦਿਸ਼ਾ ਹੋਵੇ ਉਸ ਪਾਸੇ ਵੱਲ ਹੀ ਇਹ ਉਡਾਣ ਭਰਦੇ ਹਨ।

ਮਨੁੱਖ ਨੂੰ ਕੇਵਲ ਆਪਣਾ ਜਾਂ ਆਪਣੇ ਪਰਵਾਰ ਨੂੰ ਪਾਲਣ ਦਾ ਫਿਕਰ ਰਹਿੰਦਾ ਹੈ। ਇਸ ਲਈ ਉਹ ਦਿਨ ਰਾਤ ਮਾਇਆ ਨੂੰ ਇਕੱਠੀ ਕਰਨ ਵਿਚ ਲੱਗਾ ਰਹਿੰਦਾ ਹੈ।

ਇਹ ਮਾਇਆ ਇਕੱਠੀ ਕਰਨ ਵਿਚ ਕਈ ਤਰ੍ਹਾਂ ਦੇ ਪਰਪੰਚ ਕਰਦਾ ਹੈ। ਭਗਤ ਕਬੀਰ ਜੀ ਮਨੁੱਖ ਨੂੰ ਸਮਝਾਉਂਦੇ ਹੋਏ ਫੁਰਮਾਉਂਦੇ ਹਨ :

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥ ਸੁਤ ਦਾਰਾ ਪਹਿ ਆਨਿ ਲੁਟਾਵੈ ॥੧॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥੧॥*
*(ਸ੍ਰੀ ਗੁਰੂ ਗ੍ਰੰਥ ਸਾਹਿਬ ੬੫੬)*

ਮਨੁੱਖ ਇਹ ਗੱਲ ਨਹੀਂ ਸਮਝਦਾ ਕਿ ਜਿਸ ਪਰਮਾਤਮਾ ਨੇ ਉਸ ਨੂੰ ਪੈਦਾ ਕੀਤਾ ਹੈ ਉਸ ਨੇ ਰੋਜ਼ੀ ਰੋਟੀ, ਪਾਲਣ ਪੋਸ਼ਣ ਦਾ ਪ੍ਰਬੰਧ ਤਾਂ ਉਸ ਦੇ ਜਨਮ ਤੋਂ ਪਹਿਲਾਂ ਹੀ ਕੀਤਾ ਹੋਇਆ ਹੈ। ਕਿੰਨੀ ਕਮਾਲ ਦੀ ਗੱਲ ਹੈ ਕਿ ਥਣਧਾਰੀ ਪ੍ਰਾਣੀਆਂ ਦੇ ਥਣਾਂ ਵਿਚ ਉਦੋਂ ਤਕ ਦੁੱਧ ਨਹੀਂ ਆਉਂਦਾ ਜਿੰਨੀ ਦੇਰ ਤਕ ਜ਼ਰੂਰਤ ਨਾ ਹੋਵੇ। ਜਦੋਂ ਬੱਚਾ ਪੈਦਾ ਹੋ ਜਾਂਦਾ ਹੈ ਤਾਂ ਉਸ ਨੂੰ ਜ਼ਿੰਦਾ ਰੱਖਣ ਲਈ ਭੋਜਨ ਦੀ ਜਰੂਰਤ ਹੁੰਦੀ ਹੈ। ਪਰਮਾਤਮਾ ਇਸ ਦਾ ਪ੍ਰਬੰਧ ਖੁਦ ਆਪ ਹੀ ਕਰਦਾ ਹੈ। ਬੱਚਾ ਜਦੋਂ ਵੱਡਾ ਹੋ ਗਿਆ ਤਾਂ ਭੋਜਨ ਦਾ ਪ੍ਰਬੰਧ ਮਾਤਾ-ਪਿਤਾ ਕਰਦੇ ਹਨ। ਜਦੋਂ ਬਜ਼ੁਰਗ ਦੀ ਅਵਸਥਾ ਹੁੰਦੀ ਹੈ ਤਾਂ ਬੈਠਿਆਂ ਨੂੰ ਉਸ ਦੇ ਬੱਚੇ ਭੋਜਨ ਦਿੰਦੇ ਹਨ। ਸੁਖਮਨੀ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :

*ਬਾਰ ਬਿਵਸਥਾ ਤੁਝਹਿ ਪਿਆਰੈ ਦੂਧ॥ ਭਰਿ ਜੋਬਨ ਭੋਜਨ ਸੁਖ ਸੂਧ॥*
*ਬਿਰਧਿ ਭਇਆ ਊਪਰਿ ਸਾਕ ਸੈਨ॥ ਮੁਖਿ ਅਪਿਆਉ ਬੈਠ ਕਉ ਦੈਨ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ ੨੬੬)*

ਪ੍ਰੰਤੂ ਮਨੁੱਖ ਦਿਨ-ਰਾਤ ਮਾਇਆ ਇਕੱਠੀ ਕਰਨ ਵਿਚ ਆਪਣਾ ਜੀਵਨ ਬਰਬਾਦ ਕਰ ਰਿਹਾ ਹੈ।

ਪੱਥਰਾਂ ਵਿਚ, ਗੁਫਾਵਾਂ ਵਿਚ, ਧਰਤੀ ਦੇ ਥੱਲੇ ਦਿਸਦੇ ਤੇ ਅਣ-ਦਿਸਦੇ ਸਾਰੇ ਜੀਵਾਂ ਦਾ ਫਿਕਰ ਉਸ ਪਰਮਾਤਮਾ ਨੂੰ ਹੈ। ਕਈ ਵਾਰ ਮਨੁੱਖ ਹਉਮੈਂ ਵਿਚ ਆ ਕੇ ਸਮਝਦਾ ਹੈ ਕਿ ਮੇਰੇ ਕਰਕੇ ਹੀ ਕਈ ਹੋਰ ਮਨੁੱਖ ਪਲ ਰਹੇ ਹਨ। ਮੈਂ ਉਨ੍ਹਾਂ ਨੂੰ ਰੁਜ਼ਗਾਰ ਦੇ ਰਿਹਾ ਹਾਂ। ਅਸਲ ਵਿਚ ਪਰਮਾਤਮਾ ਹੀ ਸਾਰੀ ਸ੍ਰਿਸ਼ਟੀ ਨੂੰ ਪਾਲਣ ਵਾਲਾ ਹੈ। ਮਨੁੱਖ ਤਾਂ ਇੱਕ ਵਸੀਲਾ ਹੀ ਬਣਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :

*ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ ੧੦)*

ਕੁਦਰਤ ਆਪਣਾ ਸੰਤੁਲਨ ਬਣਾ ਕੇ ਚੱਲਦੀ ਹੈ। ਕੁਦਰਤ ਦਾ ਭੋਜਨ ਚੱਕਰ ਸੂਰਜ ਦੀ ਰੋਸ਼ਨੀ ਤੋਂ ਸ਼ੁਰੂ ਹੁੰਦਾ ਹੈ। ਸੂਰਜ ਦੀਆਂ ਕਿਰਨਾਂ ਸਾਨੂੰ ਊਰਜਾ ਦਿੰਦੀਆਂ ਹਨ। ਇਨ੍ਹਾਂ ਕਰਕੇ ਹੀ ਪੌਦੇ ਵਧਦੇ ਫੁੱਲਦੇ ਹਨ। ਪੌਦੇ ਆਪਣਾ ਭੋਜਨ ਪ੍ਰਕਾਸ਼ ਸੰਸਲੇਸ਼ਣ ਦੀ ਵਿਧੀ ਰਾਹੀਂ ਸੂਰਜ ਦੀ ਰੋਸ਼ਨੀ ਵਿੱਚੋਂ ਤਿਆਰ ਕਰਦੇ ਹਨ। ਸ਼ਾਕਾਹਾਰੀ ਜਾਨਵਰ ਇਨ੍ਹਾਂ ਪੌਦਿਆਂ ਤੋਂ ਆਪਣੀ ਖੁਰਾਕ ਲੈਂਦੇ ਹਨ ਤੇ ਮਾਸਾਹਾਰੀ ਜਾਨਵਰ, ਸ਼ਾਕਾਹਾਰੀਆਂ ਨੂੰ ਖਾ

ਕੇ ਆਪਣਾ ਪੇਟ ਭਰਦੇ ਹਨ। ਇਸ ਤਰ੍ਹਾਂ ਕੁਦਰਤ ਦਾ ਭੋਜਨ ਚੱਕਰ ਚੱਲਦਾ ਰਹਿੰਦਾ ਹੈ।

ਪਰਮਾਤਮਾ ਨੇ ਇਸ ਧਰਤੀ ਦਾ ਤਾਪਮਾਨ ਸਥਿਰ ਅਤੇ ਜੀਵਾਂ ਦੇ ਰਹਿਣ ਦੇ ਅਨੁਕੂਲ ਬਣਾਉਣ ਲਈ ਉੱਤਰੀ ਤੇ ਦੱਖਣੀ ਧਰੁਵ 'ਤੇ ਢੇਰ ਸਾਰੀ ਬਰਫ਼ ਰੱਖ ਦਿੱਤੀ ਹੈ। ਉੱਤਰੀ ਧਰੁਵ 'ਤੇ ਰਹਿਣ ਵਾਲੇ ਲੋਕਾਂ ਨੇ ਸੰਸਾਰ ਦੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਲਈ ਇਸ ਦਾ ਨਾਂ ਗਰੀਨਲੈਂਡ ਰੱਖਿਆ ਹੈ ਹਾਲਾਂ ਕਿ ਇੱਥੇ ਕੋਈ ਹਰਿਆਵਲ ਨਹੀਂ। ਕੇਵਲ ਬਰਫ਼ ਹੀ ਬਰਫ਼ ਹੈ। ਇਹ ਇਲਾਕਾ ਕੂੰਜਾਂ ਅਤੇ ਸਮੁੰਦਰੀ ਪੰਛੀਆਂ ਦਾ ਹੈ। ਇਹ ਪੰਛੀ ਬਹੁਤ ਛੋਟੇ ਅਕਾਰ ਦੇ ਹੁੰਦੇ ਹਨ। ਲੱਗਭਗ ਇਨ੍ਹਾਂ ਦੀ ਲੰਬਾਈ ੧੪-੧੫ ਇੰਚ ਹੁੰਦੀ ਹੈ ਪਰ ਇਨ੍ਹਾਂ ਦੇ ਖੰਭਾਂ ਦੀ ਲੰਬਾਈ ੩੦-੩੫ ਇੰਚ ਹੁੰਦੀ ਹੈ ਤੇ ਇਨ੍ਹਾਂ ਦਾ ਭਾਰ ਤਕਰੀਬਨ ੧੦੦ ਗ੍ਰਾਮ ਹੁੰਦਾ ਹੈ। ਖੰਭਾਂ ਦਾ ਰੰਗ ਸੁਰਮਈ ਤੇ ਕਿਨਾਰੀ ਚਿੱਟੀ ਹੁੰਦੀ ਹੈ। ਇਨ੍ਹਾਂ ਦੇ ਪੈਰ ਤੇ ਚੁੰਝ ਲਾਲ ਰੰਗ ਦੇ ਹੁੰਦੇ ਹਨ। ਇਹ ਆਪਣਾ ਰੈਣ-ਬਸੇਰਾ ਆਪ ਬਣਾਉਂਦੇ ਹਨ। ਜਦੋਂ ਟਿਕਾਣਾ ਬਣ ਜਾਂਦਾ ਹੈ ਤਾਂ ਇਹ ਉਤਰੀ ਧਰੁਵ ਤੋਂ ਦੱਖਣੀ ਧਰੁਵ ਤਕ ਲੰਬੀ ਯਾਤਰਾ 'ਤੇ ਨਿਕਲ ਜਾਂਦੇ ਹਨ। ਇਨ੍ਹਾਂ ਦਾ ਆਉਣ ਜਾਣ ਦਾ ਸਫਰ ਲੱਗਭਗ ੭੦,੦੦੦ ਕਿਲੋਮੀਟਰ ਹੁੰਦਾ ਹੈ। ਪਿੱਛੇ ਇਨ੍ਹਾਂ ਦੇ ਬੱਚੇ ਇਕੱਲੇ ਹੀ ਹੁੰਦੇ ਹਨ। ਪਰਮਾਤਮਾ ਹੀ ਉਨ੍ਹਾਂ ਦੀ ਪਾਲਣਾ ਪੋਸ਼ਣ ਦਾ ਵਸੀਲਾ ਬਣਾਉਂਦਾ ਹੈ। ਮੌਸਮ ਬਦਲਣ 'ਤੇ ਇਹ ਆਪੋ-ਆਪਣੇ ਟਿਕਾਣਿਆਂ ਵਿਚ ਆਪਣੇ ਆਪਣੇ ਬੱਚਿਆਂ ਕੋਲ ਪਹੁੰਚ ਜਾਂਦੇ ਹਨ। ਇਸੇ ਤਰ੍ਹਾਂ ਸਮੁੰਦਰੀ ਟਟੀਹਰੀ ਸਭ ਤੋਂ ਵੱਧ ਸਮਾਂ ਹਵਾ ਵਿਚ ਬਿਤਾਉਣ ਵਾਲੀ ਹੈ। ਇਹ ਸਾਲ ਵਿਚ ਦੋ ਵਾਰ ਇੱਕ ਧਰੁਵ ਤੋਂ ਦੂਜੇ ਧਰੁਵ ਤਕ ਦਾ ਲੰਮਾ ਸਫਰ ਕਰਦੀ ਹੈ। ਇਸ ਤਰ੍ਹਾਂ ਇਹ ਪੰਛੀ ਸਾਲ ਵਿਚ ਅੱਠ ਮਹੀਨੇ ਹਵਾ ਵਿਚ ਉਡਦਾ ਰਹਿੰਦਾ ਹੈ। ਪਰਵਾਸ ਦੌਰਾਨ ਇਹ ਪੰਛੀ ਉਡਦਾ ਉਡਦਾ ਹੀ ਪਾਣੀ ਵਿਚ ਗੋਤਾ ਖਾ ਕੇ ਆਪਣੀ ਖੁਰਾਕ ਮੱਛੀ ਆਦਿ ਨੂੰ ਚੁੰਝ ਵਿਚ ਦਬੋਚ ਲੈਂਦਾ ਹੈ। ਇਨ੍ਹਾਂ ਦੇ ਸਫਰ ਦਾ ਮਨੋਰਥ ਜ਼ਿਆਦਾ ਬਰਫ ਦਾ ਵਧਣਾ, ਭੋਜਨ ਦੀ ਭਾਲ ਅਤੇ ਜ਼ਿੰਦਾ ਰਹਿਣ ਲਈ ਅਨੁਕੂਲ ਵਾਤਾਵਰਨ ਦਾ ਹੋਣਾ ਹੈ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਪਰਮਾਤਮਾ ਬੇਅੰਤ ਹੈ ਜੋ ਸਾਰੀ ਸ੍ਰਿਸ਼ਟੀ ਦੇ ਜੀਵਾਂ ਦੀ ਪਾਲਣਾ ਕਰ ਰਿਹਾ ਹੈ। ਸਾਡਾ ਵੀ ਫਰਜ਼ ਬਣਦਾ ਹੈ ਕਿ ਕੁਦਰਤ ਦਾ ਸੰਤੁਲਨ ਕਾਇਮ ਰੱਖਣ ਵਿਚ ਆਪਣਾ ਯੋਗਦਾਨ ਪਾਈਏ। ਵੱਧ ਤੋਂ ਵੱਧ ਦਰੱਖਤ ਲਾਈਏ ਅਤੇ ਉਨ੍ਹਾਂ ਦੀ ਸੰਭਾਲ ਵੀ ਕਰੀਏ। ਪਾਣੀ ਅਤੇ ਹੋਰ ਕੁਦਰਤੀ ਸੋਮਿਆਂ ਦੀ ਵਰਤੋਂ ਸਿਆਣਪ ਨਾਲ ਕਰੀਏ। ਗੁਰੂ ਦੀ ਮੱਤ ਅਨੁਸਾਰ ਆਪਣਾ ਸੁਚੱਜਾ ਜੀਵਨ ਜੀਵੀਏ ਅਤੇ ਆਦਰਸ਼ਕ ਸਮਾਜ ਦੀ ਉਸਾਰੀ ਕਰੀਏ।

■

# ਬਹੁਪੱਖੀ ਸ਼ਖ਼ਸੀਅਤ: ਬੀਬੀ ਜੋਗਿੰਦਰ ਕੌਰ ਜੀ (ਬੇਟੀ ਸ਼ਹੀਦ ਭਾਈ ਪ੍ਰਤਾਪ ਸਿੰਘ ਸਾਕਾ ਪੰਜਾ ਸਾਹਿਬ ਵਾਲੇ)

*-ਡਾ. ਰਣਜੀਤ ਕੌਰ ਪੰਨਵਾਂ**

ਸਾਕਾ ਪੰਜਾ ਸਾਹਿਬ ਦੇ ਸ਼ਹੀਦ ਭਾਈ ਪ੍ਰਤਾਪ ਸਿੰਘ ਜੀ ਦੇ ਘਰ ਬੇਟੀ ਜੋਗਿੰਦਰ ਕੌਰ ਦਾ ਜਨਮ ੧੫ ਜੁਲਾਈ, ੧੯੨੩ ਈ. ਨੂੰ ਅਕਾਲਗੜ੍ਹ, ਗੁਜਰਾਂਵਾਲਾ (ਪਾਕਿਸਤਾਨ) ਵਿਖੇ ਮਾਤਾ ਹਰਨਾਮ ਕੌਰ ਦੀ ਕੁੱਖੋਂ, ਪਿਤਾ ਜੀ ਦੀ ਸ਼ਹੀਦੀ ਦੇ ਕੁਝ ਮਹੀਨਿਆਂ ਉਪਰੰਤ ਹੋਇਆ ਸੀ। ਬੀਬੀ ਜੋਗਿੰਦਰ ਕੌਰ ਬਚਪਨ ਤੋਂ ਹੀ ਸਿੱਖ ਸਮਾਗਮਾਂ ਅਤੇ ਸੰਗਤ ਵਿਚ ਕੀਰਤਨ, ਸੇਵਾ ਅਤੇ ਭਾਸ਼ਣ ਆਦਿ ਦੇਣ ਵਿਚ ਮੋਹਰੀ ਰਹਿੰਦੇ ਸਨ। ਆਪ ਜੀ ਕੇਵਲ ਨੌਵੀਂ ਜਮਾਤ ਪਾਸ ਸਨ ਪਰ ਸਮਝ ਅਤੇ ਗਿਆਨ ਦਾ ਕੋਈ ਮੁਕਾਬਲਾ ਨਹੀਂ ਸੀ। ਉਨ੍ਹਾਂ ਨੇ ਆਪਣੇ ਪਿਤਾ ਦੇ ਸਮਕਾਲੀਆਂ ਅਤੇ ਮਾਤਾ ਹਰਨਾਮ ਕੌਰ ਤੋਂ ਪੰਜਾ ਸਾਹਿਬ ਦੇ ਸਾਕੇ ਬਾਰੇ ਅਸਲ ਸਾਖੀ ਸੁਣੀ ਸੀ, ਉਹ ਮੰਨਦੇ ਸਨ ਕਿ ਉਨ੍ਹਾਂ ਦੇ ਪਿਤਾ ਅਤੇ ਸਾਥੀਆਂ ਨੇ ਆਪਣੇ ਖ਼ੂਨ ਨਾਲ ਗੁਰੂ ਨਾਨਕ ਪਾਤਸ਼ਾਹ ਦੀ ਬਖ਼ਸ਼ਿਸ਼ ਸਦਕਾ ਰੇਲਗੱਡੀ ਨੂੰ ਰੋਕਿਆ ਸੀ। ਆਪ ਜੀ ਗੁਰਦੁਆਰਾ ਅਜ਼ਾਦੀ ਦੀ ਲਹਿਰ ਦੀ ਸਮਕਾਲੀ ਗਵਾਹਾਂ ਵਿੱਚੋਂ ਆਖ਼ਰੀ ਕੜੀ ਸਨ ਕਿਉਂਕਿ ਆਪ ਜੀ ਨੇ ਆਪਣੀ ਮਾਤਾ ਹਰਨਾਮ ਕੌਰ ਤੋਂ ਸਾਰਾ ਸਾਕਾ ਆਪ ਸੁਣਿਆ ਸੀ। ਸ. ਹਰਿੰਦਰਪਾਲ ਸਿੰਘ ਲੂਥਰਾ (ਦੋਹਤਾ ਸ਼ਹੀਦ ਭਾਈ ਪ੍ਰਤਾਪ ਸਿੰਘ ਜੀ) ਦੇ ਦੱਸਣ ਅਨੁਸਾਰ ਆਪ ਜੀ ਬਚਪਨ ਤੋਂ ਹੀ ਸਾਕਾ ਪੰਜਾ ਸਾਹਿਬ ਨੂੰ ਇਕ ਚਮਤਕਾਰ ਤੋਂ ਘੱਟ ਨਹੀਂ ਮੰਨਦੇ ਸਨ।

ਬੀਬੀ ਜੋਗਿੰਦਰ ਕੌਰ ਇਕ ਚੁੰਬਕੀ ਸ਼ਖ਼ਸੀਅਤ ਸਨ, ਉਹ ਆਤਮ ਵਿਸ਼ਵਾਸ, ਸਕਾਰਾਤਮਕਤਾ ਅਤੇ ਤਾਕਤ ਦਾ ਸੋਮਾ ਸਨ। ਉਹ ਸਿਹਤ ਤੰਦਰੁਸਤੀ ਲਈ ਬੜੇ ਸੁਚੇਤ ਸਨ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਵਿਚ ਬੜੀ ਖਿੱਚ ਸੀ। ਉਹ ਹਸਮੁਖ ਅਤੇ ਖੁਲ੍ਹਦਿਲੇ ਸੁਭਾਅ ਦੇ ਮਾਲਕ ਸਨ। ਉਹ ਹਰੇਕ ਨੂੰ ਆਪਣੇ ਵੱਲ ਲੁਭਾ ਲੈਂਦੇ ਸਨ। ਉਹ ਆਪਣੇ ਪਰਵਾਰ ਦੇ ਰਾਹ-ਦਸੇਰੇ ਸਨ। ਉਹ ਆਪਣੇ ਪੁੱਤਰਾਂ-ਨੂੰਹਾਂ ਲਈ ਤਾਕਤ ਦਾ ਸੋਮਾ, ਪੋਤੇ-ਪੋਤੀਆਂ, ਪੜਪੋਤੇ-ਪੜਪੋਤੀਆਂ ਲਈ ਕਦੇ ਨਾ ਮੁਕੱਣ ਵਾਲਾ ਪਿਆਰ ਦਾ ਭੰਡਾਰ ਸਨ।

**ਬੀਬੀ ਜੋਗਿੰਦਰ ਕੌਰ ਦਾ ਵਿਆਹ ਅਤੇ ਔਲਾਦ:-** ਆਪ ਜੀ ਦਾ ਵਿਆਹ ੧੫ ਸਾਲ ਦੀ ਉਮਰ ਵਿਚ ਪਿੰਡ ਡੋਗਰਾਂਵਾਲਾ, ਜ਼ਿਲ੍ਹਾ ਗੁਜਰਾਂਵਾਲਾ ਵਿਚ ਸ. ਸੰਪੂਰਨ ਸਿੰਘ ਨਾਲ ੧੯੩੭ ਈ. ਨੂੰ ਹੋਇਆ। ਸ. ਸੰਪੂਰਨ ਸਿੰਘ ਦੇ ਪਿਤਾ ਦਾ ਨਾਂ ਸ. ਇੰਦਰ ਸਿੰਘ ਅਤੇ ਮਾਤਾ ਬੀਬੀ ਪ੍ਰੇਮ ਕੌਰ ਸਨ। ਵਿਆਹ ਵਿਚ ਪ੍ਰਮੁੱਖ ਸਿੱਖ ਸੰਸਥਾਵਾਂ ਦੀਆਂ ਸ਼ਖ਼ਸੀਅਤਾਂ, ਸੰਤਾਂ-ਮਹਾਂਪੁਰਸ਼ਾਂ ਅਤੇ ਹੋਰ ਰਾਜਨੀਤੀਵਾਨ ਸ਼ਾਮਲ ਹੋਏ। ਸ. ਸੰਪੂਰਨ

**ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ। ਮੋ: ੯੮੧੪੮-੫੧੫੧੩*

ਸਿੰਘ ਉੱਤਰੀ ਭਾਰਤ ਵਿਚ ਵਪਾਰ ਕਰਨ ਲਈ ਇਕ ਫ਼ੌਜੀ ਸਪਲਾਈ ਠੇਕੇਦਾਰ ਸੀ। ੧੯੪੭ ਈ. ਦੀ ਵੰਡ ਤੋਂ ਬਾਅਦ ਆਪ ਜੀ ਜਲੰਧਰ ਸ਼ਹਿਰ(ਪੂਰਬੀ ਪੰਜਾਬ) ਵਿਚ ਵੱਸ ਗਏ ਸਨ। ੧੯੩੮ ਈ. ਵਿਚ ਉਨ੍ਹਾਂ ਦੇ ਘਰ ਇਕ ਬੇਟੀ ਰਾਣੀ ਨੇ ਜਨਮ ਲਿਆ ਸੀ, ਜੋ ਤਿੰਨ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਈ ਸੀ। ਫਿਰ ਆਪ ਦੀ ਕੁੱਖੋਂ ਚਾਰ ਪੁੱਤਰਾਂ: ਸ. ਅਮਰਜੀਤ ਸਿੰਘ, ਕੈਪਟਨ ਸਵਰਨਜੀਤ ਸਿੰਘ, ਓਸਵੰਤ ਸਿੰਘ, ਹਰਿੰਦਰਪਾਲ ਸਿੰਘ ਨੇ ਜਨਮ ਲਿਆ। ਪਤੀ ਸ. ਸੰਪੂਰਨ ਸਿੰਘ ੨੫ ਮਾਰਚ, ੧੯੭੦ ਈ. ਨੂੰ ਅਕਾਲ ਚਲਾਣਾ ਕਰ ਗਏ। ਬੀਬੀ ਜੀ ਬਿਲਕੁਲ ਵੀ ਘਬਰਾਏ ਨਹੀਂ, ਸਗੋਂ ਮਰਦਾਂ ਵਾਂਗ ਪਰਵਾਰ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਇਆ। ਇਕਲੌਤੀ ਔਲਾਦ ਹੋਣ ਦੇ ਕਾਰਨ ਮਾਤਾ ਹਰਨਾਮ ਕੌਰ ਜੀ ੧੯੮੨ ਈ. (ਅਕਾਲ ਚਲਾਣੇ) ਤਕ ਆਪ ਜੀ ਦੇ ਨਾਲ ਪਰਵਾਰ ਵਿਚ ਰਹਿੰਦੇ ਰਹੇ। ਮਾਤਾ ਜੀ ਦੇ ਚਲਾਣੇ ਤੋਂ ਬਾਅਦ ਆਪ ੧੯੮੭ ਈ. ਤਕ ਗ੍ਰੇਟਰ ਕੈਲਾਸ਼, ਨਵੀਂ ਦਿੱਲੀ ਵਿਖੇ ਰਹੇ। ਇਥੇ ਆਪ ਜੀ ਰੈੱਡ ਕਰਾਸ (Red Cross) ਅਤੇ ਵਾਰ ਵਿਡੋਜ਼ ਐਸੋਸੀਏਸ਼ਨ (War Widows Association) ਅਤੇ ਹੋਰ ਸਮਾਜ-ਸੇਵੀ ਸੰਸਥਾਵਾਂ ਦੇ ਮੈਂਬਰ ਬਣ ਕੇ ਸਰਗਰਮ ਭੂਮਿਕਾ ਨਿਭਾਉਂਦੇ ਰਹੇ। ਉਹ ਕਈ ਚੈਰੀਟੇਬਲ ਸੰਸਥਾਵਾਂ ਦੇ ਪ੍ਰਧਾਨ ਸਨ। ਆਪਣੀ ਅਣਥੱਕ ਮਿਹਨਤ, ਸਮਰਪਣ ਭਾਵਨਾ ਅਤੇ ਮਾਇਕ ਖੁੱਲਦਿਲੀ ਹੋਣ ਕਰਕੇ ਆਪ ਜੀ ਨੇ ੧੯੮੦ ਤੋਂ ੧੯੮੭ ਈ. ਦੇ ਦਰਮਿਆਨ ਦਿੱਲੀ ਦੇ ਬਹੁਤ ਸਾਰੇ ਗੁਰਦੁਆਰਾ ਸਾਹਿਬਾਨ ਵਿਚ ਸਿਖਲਾਈ ਕੇਂਦਰ ਸਥਾਪਿਤ ਕਰਨ ਵਿਚ ਸਹਾਇਤਾ ਕੀਤੀ। ਜਿੱਥੇ ਹਜ਼ਾਰਾਂ ਲੋੜਵੰਦ ਅਤੇ ਬੇਸਹਾਰਾ ਬੱਚੀਆਂ ਅਤੇ ਇਸਤਰੀਆਂ ਨੂੰ ਸਿਲਾਈ ਆਦਿਕ ਹੁਨਰਾਂ ਦੀ ਸਿਖਲਾਈ ਦਿੱਤੀ ਜਾਂਦੀ ਅਤੇ ਉਹ ਆਪਣੀ ਉਪ-ਜੀਵਕਾ ਕਮਾਉਣ ਦੇ ਯੋਗ ਹੋਈਆਂ। ੧੯੮੪ ਈ. ਦੀ ਸਿੱਖ ਨਸਲਕੁਸ਼ੀ ਸਮੇਂ ਵੀ ਉਹ ਸਭ ਤੋਂ ਅੱਗੇ ਹੋ ਕੇ ਮਦਦਗਾਰ ਸਨ, ਉਨ੍ਹਾਂ ਨੇ ਪੀੜਤਾਂ ਲਈ ਫੰਡ ਇਕੱਠਾ ਕਰਨ ਲਈ ਕੈਂਪ ਸਥਾਪਿਤ ਕੀਤੇ। ਫ਼ੌਜ ਦੁਆਰਾ ਅਤੇ ਆਪਣੇ ਨਿੱਜੀ ਰਸੂਖ਼ ਸਦਕਾ ਬੜੀ ਬਹਾਦਰੀ ਨਾਲ ਬਹੁਤ ਸਾਰੇ ਲੋਕਾਂ ਨੂੰ ਬਚਾਇਆ। ਉਹ ਮਿਸ਼ਨਰੀ ਭਾਵਨਾ ਵਾਲੀ ਦੂਰ-ਅੰਦੇਸ਼ ਇਸਤਰੀ ਸੀ। ਉਹ ਕਈ ਸਿੱਖ ਪਰਵਾਰਾਂ ਦੀ ਸੇਵਾ ਕਰਨ ਲਈ ਚੈਰੀਟੇਬਲ ਸੁਸਾਇਟੀਆਂ ਨਾਲ ਜੁੜੇ ਹੋਏ ਸਨ।

ਸ਼ਹੀਦ ਬਾਬਾ ਪ੍ਰਤਾਪ ਸਿੰਘ ਯਾਦਗਾਰੀ ਟਰੱਸਟ ਦੇ ਆਪ ਚੇਅਰਪਰਸਨ ਸਨ ਜਿਸ ਦੇ ਟਰੱਸਟੀ ਸ. ਰੌਣਕ ਸਿੰਘ, ਡਾ. ਇੰਦਰਜੀਤ ਸਿੰਘ ਅਤੇ ਗਿ. ਜ਼ੈਲ ਸਿੰਘ ਸਨ। ਉਹ ਸ਼ਹੀਦ ਪਿਤਾ ਦੀ ਯਾਦ ਵਿਚ ਬਣੇ ਗੁਰਦੁਆਰਾ ਸਾਹਿਬਾਨ ਅਤੇ ਸਕੂਲਾਂ ਦੀ ਆਰਥਿਕ ਮਦਦ ਅਤੇ ਦੇਖ-ਰੇਖ ਵੀ ਕਰਦੇ ਸਨ। ਉਨ੍ਹਾਂ ਆਪਣੇ ਪੁੱਤਰਾਂ ਨਾਲ ੧੯੯੦ ਈ. ਵਿਚ ਆਕਲੈਂਡ (ਨਿਊਜ਼ੀਲੈਂਡ) ਵਿਚ ਵਾਸ ਕਰਨ ਤੋਂ ਪਹਿਲਾਂ ਭਾਰਤ ਅਤੇ ਦੁਨੀਆ ਭਰ ਦੀ ਯਾਤਰਾ ਵੀ ਕੀਤੀ ਸੀ। ਆਪਣੇ ਪੁੱਤਰਾਂ ਨਾਲ ਇੰਗਲੈਂਡ ਅਤੇ ਅਮਰੀਕਾ ਵੀ ਉਨ੍ਹਾਂ ਕਾਫ਼ੀ ਸਮਾਂ ਬਤੀਤ ਕੀਤਾ। ਉਹ ਪਰਵਾਰ ਸਮੇਤ ਨਿਊਜ਼ੀਲੈਂਡ ਦੇ

ਵਸਨੀਕ ਸਨ।

ਵਲੈਤ ਵਿਚ ਬੱਚਿਆਂ ਨੂੰ ਧਰਮ ਨਾਲ ਜੋੜਨ ਲਈ ਆਪ ਜੀ ਵਿਸ਼ੇਸ਼ ਤੌਰ 'ਤੇ ਮੋਹਰੀ ਰਹਿੰਦੇ ਅਤੇ ਤਨ, ਮਨ ਤੇ ਧਨ ਨਾਲ ਸੇਵਾ ਕਰਦੇ ਸਨ। ਉਹ ਬਹੁਤ ਸਿਆਣੀ, ਹਰ ਹਾਲਤ ਤੋਂ ਜਾਣੂ, ਸੁਜੱਗ, ਪ੍ਰਬੀਨ ਵਕਤਾ, ਪੂਰਨ ਜ਼ਿੰਦਗੀ ਜਿਊਣ ਵਾਲੀ ਇਸਤਰੀ ਸਨ। ਉਹ ਇੱਥੇ ਸ਼ਾਂਤੀ ਨਿਵਾਸ ਚੈਰੀਟੇਬਲ ਟਰੱਸਟ ਦੇ ਸੰਸਥਾਪਕ ਮੈਂਬਰ ਸਨ। ਇਨ੍ਹਾਂ ਨੇ ਆਪਣੇ ਪਿਤਾ ਜੀ ਦੀ ਯਾਦ ਵਿਚ ਆਪਣੇ ਇਕ ਪੋਤਰੇ ਦਾ ਨਾਂ ਨਾਦਰ ਪ੍ਰਤਾਪ ਸਿੰਘ ਰੱਖਿਆ। ਸ. ਹਰਿੰਦਰਪਾਲ ਸਿੰਘ ਦੇ ਦੱਸਣ ਅਨੁਸਾਰ ੩੧ ਅਕਤੂਬਰ, ੧੯੪੬ ਈ. ਤਕ ਲੱਗਭਗ ਹਰ ਸਾਲ ਨਾਨਾ ਜੀ ਅਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹੀਦੀ ਨੂੰ ਸਮਰਪਿਤ ਸਮਾਗਮ ਕਰਵਾਇਆ ਜਾਂਦਾ ਸੀ। ਉਸ ਵਕਤ ਹਸਨ ਅਬਦਾਲ ਰੇਲਵੇ ਸਟੇਸ਼ਨ 'ਤੇ ਰੁਕਣ ਵਾਲੀ ਰੇਲ ਗੱਡੀ ਦੇ ਸਾਰੇ ਯਾਤਰੀਆਂ ਨੂੰ ਲੰਗਰ ਵੀ ਛਕਾਇਆ ਜਾਂਦਾ ਸੀ। ਉਸ ਸਮਾਗਮ ਵਿਚ ਬੀਬੀ ਜੀ ਕੀਰਤਨ ਕਰਦੇ ਅਤੇ ਭਾਸ਼ਣ ਦਿੰਦੇ ਸਨ। ਆਪ ਦਾ ਪਰਵਾਰ ਭਾਈ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ੩੧ ਅਕਤੂਬਰ ਨੂੰ ਬੜੀ ਸ਼ਰਧਾ ਭਾਵਨਾ ਨਾਲ ਆਕਲੈਂਡ (ਨਿਊਜ਼ੀਲੈਂਡ) ਵਿਖੇ ਵੀ ਮਨਾਉਂਦਾ ਹੈ, ਜਿਸ ਨਾਲ ਸੰਗਤ ਵਿਚ ਇਸ ਲਾਸਾਨੀ ਇਤਿਹਾਸ ਦਾ ਪ੍ਰਚਾਰ ਹੁੰਦਾ ਹੈ।

੧੬ ਸਤੰਬਰ, ੨੦੧੭ ਈ. ਨੂੰ ਬੀਬੀ ਜੋਗਿੰਦਰ ਕੌਰ ਖ਼ੁਸ਼ਹਾਲ ਅਤੇ ਸੁਖੀ ਜੀਵਨ ਬਤੀਤ ਕਰਦੇ ਹੋਏ, ੯੪ ਸਾਲ ਦੀ ਉਮਰ 'ਚ ਚਲਾਣਾ ਕਰ ਗਏ। ੧੭ ਸਤੰਬਰ, ੨੦੧੭ ਈ. ਨੂੰ ਈ-ਪੇਪਰ Indiannewslink.co.nz ਵਿਚ ਖ਼ਬਰ 'ਸਿੱਖ ਮਾਰਟਰ'ਜ਼ ਡਾਟਰ ਪਾਸਸ ਅਵੇ' (Sikh Martyr's daughter passes Away) ਟਾਈਟਲ ਹੇਠ ਛਪੀ ਸੀ ਕਿ ਬੀਜੀ ਜੋਗਿੰਦਰ ਕੌਰ (ਲੂਥਰਾ) (੧੫ ਜੁਲਾਈ, ੧੯੨੩ ਈ. - ੧੬ ਸਤੰਬਰ, ੨੦੧੭ ਈ.) ਪੁੱਤਰੀ ਸ਼ਹੀਦ ਬਾਬਾ ਪ੍ਰਤਾਪ ਸਿੰਘ ਜੀ (ਸਾਕਾ ਪੰਜਾ ਸਾਹਿਬ ਗੱਡੀ) ਨੇ ਆਖ਼ਰੀ ਸਾਹ ਸਵੇਰੇ ਸ਼ਨੀਵਾਰ ੧੬ ਸਤੰਬਰ, ੨੦੧੭ ਈ. ਨੂੰ ਆਕਲੈਂਡ ਵਿਖੇ ਲਏ। ਉਨ੍ਹਾਂ ਦੀ ਉਮਰ ੯੪ ਸਾਲ ਸੀ। ਉਨ੍ਹਾਂ ਦੇ ਪਿੱਛੇ ਚਾਰ ਪੁੱਤਰ ਅਤੇ ਨੂੰਹਾਂ, ਨੌਂ ਪੋਤੇ-ਪੋਤੀਆਂ ਦੇ ਪਰਵਾਰ ਅਤੇ ੧੪ ਪੜਪੋਤੀਆਂ-ਪੜਪੋਤੇ ਹਨ।

ਵਿਦੇਸ਼ ਵਿਚ ਇਨ੍ਹਾਂ ਦਾ (ਲੂਥਰਾ) ਪਰਵਾਰ ਬਹੁਤ ਪ੍ਰਸਿੱਧ ਹੈ। ਆਪ ਦੇ ਚਾਰ ਪੁੱਤਰ ਪਰਵਾਰਾਂ ਸਮੇਤ ਸੋਹਣਾ ਜੀਵਨ ਬਤੀਤ ਕਰ ਰਹੇ ਹਨ ਅਤੇ ਉੱਚ ਅਹੁਦਿਆਂ 'ਤੇ ਕਾਰਜਸ਼ੀਲ ਹਨ। ਆਪ ਜੀ ਸਾਰਿਆਂ ਨਾਲ ਬਹੁਤ ਪਿਆਰ ਸਨੇਹ ਰੱਖਦੇ ਸਨ। ਉਨ੍ਹਾਂ ਦਾ ਅੰਤਮ ਸਸਕਾਰ ੧੯ ਸਤੰਬਰ, ੨੦੧੭ ਈ. ਨੂੰ ਦੁਪਹਿਰ ੨ ਵਜੇ ਮੈਨੁਕਾਊ ਮੈਮੋਰੀਅਲ ਗਾਰਡਨ, ੩੬੧ ਪੁਹੀਨੂਈ ਰੋਡ, ਪਾਪਾਟੋਏਟੋਏ (ਆਕਲੈਂਡ) ਵਿਖੇ ਕੀਤਾ ਗਿਆ।

■

# ਖੁਸ਼ੀ, ਤੰਦਰੁਸਤੀ ਅਤੇ ਖੁਸ਼ਹਾਲੀ

*-ਸ. ਜਗਜੀਤ ਸਿੰਘ ਦੋਰਾਹਾ**

ਉਪਰੋਕਤ ਸਿਰਲੇਖ ਦਾ ਸੰਬੰਧ ਸਾਡੇ ਜੀਵਨ ਨਾਲ ਜੁੜਿਆ ਹੋਇਆ ਹੈ। ਸਾਰਾ ਸੰਸਾਰ ਸੁਖ ਦੀ ਲੋਚਾ ਕਰਦਾ ਹੈ, ਪਰ ਇਹ ਸੁਖ ਪ੍ਰਾਪਤ ਕਿਵੇਂ ਹੋਵੇ, ਇਸ ਬਾਰੇ ਗੁਰਬਾਣੀ ਦਾ ਫੁਰਮਾਨ ਹੈ: *ਮਨ ਮੇਰੇ ਸਤਿਗੁਰ ਕੈ ਭਾਣੈ ਚਲੁ॥ ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ॥੧॥ਰਹਾਉ॥* ਭਾਵ ਹੇ ਮੇਰੀ ਜਿੰਦੜੀਏ ਸਚੇ ਗੁਰਾਂ ਦੀ ਰਜ਼ਾ ਅਨੁਸਾਰ ਟੁਰ। ਤਾਂ ਤੂੰ ਆਪਣੇ ਅਸਲੀ ਘਰ ਵਾਹਿਗੁਰੂ ਦੀ ਹਜ਼ੂਰੀ ਵਿਚ ਰਹੇਂਗਾ, ਨਾਮ ਰੂਪੀ ਅੰਮ੍ਰਿਤ ਪੀਵੇਂਗਾ ਅਤੇ ਸੁਖ ਦਾ ਮਹੱਲ ਪ੍ਰਾਪਤ ਕਰੇਂਗਾ। ਪਰਮਾਤਮਾ ਦੇ ਨਾਮ ਨਾਲ ਜੁੜ ਕੇ ਹੀ ਜੀਵਨ ਵਿਚ ਖੁਸ਼ੀ, ਤੰਦਰੁਸਤੀ ਅਤੇ ਖੁਸ਼ਹਾਲੀ ਆਵੇਗੀ। ਸੰਸਾਰ ਪ੍ਰਸਿੱਧ ਹਾਸਰਸ ਕਲਾਕਾਰ ਚਾਰਲੀ ਚੈਪਲਿਨ ਕਹਿੰਦਾ ਹੈ ਕਿ ਹਮੇਸ਼ਾਂ ਖੁਸ਼ ਰਹੋ ਤੇ ਤੰਦਰੁਸਤੀ ਅਤੇ ਖੁਸ਼ਹਾਲੀ ਪ੍ਰਾਪਤ ਕਰੋ। ਜੀਵਨ ਵਿਚ ਤੁਸੀਂ ਕਿੰਨੇ ਖੁਸ਼ ਹੋ ਇਹ ਮਹੱਤਵਪੂਰਨ ਨਹੀਂ ਹੈ, ਸਗੋਂ ਤੁਹਾਡੀ ਵਜ੍ਹਾ ਨਾਲ ਕਿੰਨ੍ਹੇ ਲੋਕ ਖੁਸ਼ ਹਨ, ਇਹ ਮਹੱਤਵਪੂਰਨ ਹੈ।

ਜੀਵਨ ਵਿਚ ਹਰ ਵੇਲੇ ਖੁਸ਼ ਰਹਿਣਾ ਹੀ ਸਫਲ ਜੀਵਨ ਦੀ ਨਿਸ਼ਾਨੀ ਹੈ। ਇਸ ਤੋਂ ਬਿਨਾਂ ਤਾਂ ਬਾਕੀ ਸਾਰੇ ਜੂਨ ਹੀ ਭੋਗਦੇ ਹਨ। ਅਜਿਹੇ ਵਿਅਕਤੀ ਕਿਸੇ ਵੀ ਥਾਂ ਅਤੇ ਕਿਸੇ ਵੀ ਨਾਲ ਖੁਸ਼ ਨਹੀਂ ਹੋ ਸਕਦੇ ਹਨ। ਖੁਸ਼ ਰਹਿਣਾ ਤੁਹਾਡੇ ਸੁਭਾਅ 'ਤੇ ਨਿਰਭਰ ਕਰਦਾ ਹੈ। ਤੁਹਾਡਾ ਸੁਭਾਅ ਹੀ ਤੁਹਾਡਾ ਆਲੇ-ਦੁਆਲੇ ਦੇ ਪ੍ਰਭਾਵ ਨੂੰ ਕਬੂਲਦੇ ਹੋਏ ਜੀਵਨ ਦੀ ਬਣਤਰ ਬਣਾਉਂਦਾ ਹੈ।

ਜੀਵਨ ਵਿਚ ਖੁਸ਼ ਰਹਿਣ ਦੇ ਅਹਿਮ ਨੁਕਤੇ ਹਨ, ਜਿਵੇਂ ਕਿ ਸ਼ਾਂਤ ਰਹੋ, ਸਿਆਣੇ ਬਣੋ ਅਤੇ ਦੂਜਿਆਂ ਪ੍ਰਤੀ ਦਯਾ ਭਾਵਨਾ ਧਾਰਨ ਕਰੋ। ਜਦੋਂ ਇਨਸਾਨ ਸ਼ਾਂਤ ਰਹਿੰਦਾ ਹੈ ਤਾਂ ਉਸ ਦਾ ਮਨ ਸਹਿਜ ਅਵਸਥਾ ਵਿਚ ਆ ਜਾਂਦਾ ਹੈ। ਸ਼ਾਂਤ ਹੋਇਆ ਮਨ ਚੰਗਾ-ਮੰਦਾ ਵਿਚਾਰਨ ਦੀ ਸਮਰੱਥਾ ਰੱਖਦਾ ਹੈ। ਇਸ ਅਵਸਥਾ ਦੇ ਵਿਚ ਮਨ ਸਿਆਣਾ ਬਣ ਜਾਂਦਾ ਹੈ। ਸਿਆਣੇ ਹੋਏ ਇਨਸਾਨ ਨੂੰ ਸਾਰੇ ਸਤਿਕਾਰ ਦੇਂਦੇ ਹਨ। ਉਸ ਦੀ ਹਰ ਕੰਮ ਦੇ ਵਿਚ ਸਲਾਹ ਵੀ ਲੈਂਦੇ ਹਨ ਜਿਸ ਕਰਕੇ ਇਨਸਾਨ ਦੀ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ। ਸ਼ਾਂਤੀ ਵਿਚ ਹੀ ਸਾਡੇ ਅੰਦਰ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਅਸੀਂ ਦਯਾਲੂ ਬਣ ਜਾਂਦੇ ਹਾਂ।

ਇਸ ਦੁਨੀਆ ਵਿਚ ਅਜਿਹਾ ਕੁਝ ਬਹੁਤ ਹੈ ਜੋ ਸਾਡੇ ਵੱਸ ਤੋਂ ਬਾਹਰ ਹੈ। ਪਰੰਤੂ ਅਸੀਂ ਕੋਸ਼ਿਸ਼ ਉਸ ਨੂੰ ਪ੍ਰਾਪਤ ਕਰਨ ਦੀ ਕਰਦੇ ਹਾਂ। ਇਸ ਕੋਸ਼ਿਸ਼ ਦੇ ਵਿਚ

**# ੬੪੭/੫, ਜੈਪੁਰਾ ਰੋਡ, ਮੁਹੱਲਾ ਸੁੰਦਰ ਨਗਰ, ਦੋਰਾਹਾ, ਜ਼ਿਲ੍ਹਾ ਲੁਧਿਆਣਾ-੧੪੧੪੨੧; ਮੋ:੯੪੧੭੨-੦੨੬੨੧*

ਅਸੀਂ ਥੱਕ-ਹਾਰ ਵੀ ਜਾਂਦੇ ਹਾਂ। ਇਸ ਅਵਸਥਾ ਵਿਚ ਸਾਨੂੰ ਸਬਰ ਦਾ ਪੱਲਾ ਫੜਨਾ ਚਾਹੀਦਾ ਹੈ। ਜਿਸ ਸਮੇਂ ਅਸੀਂ ਇਹ ਮਹਿਸੂਸ ਕਰਾਂਗੇ ਕਿ ਇਸ ਦੁਨੀਆ ਵਿਚ ਅਜਿਹਾ ਕੁਝ ਬਹੁਤ ਹੈ ਜੋ ਸਾਡੇ ਵੱਸ ਤੋਂ ਬਾਹਰ ਹੈ ਤਾਂ ਉਸ ਸਮੇਂ ਅਸੀਂ ਆਪਣੇ ਮਨ ਨੂੰ ਹਲਕਾ ਹੋਇਆ ਮਹਿਸੂਸ ਕਰਾਂਗੇ। ਜਿਸ ਦੇ ਨਾਲ ਸਾਡੇ ਮਨ ਵਿਚ ਖੁਸ਼ੀ ਆ ਜਾਵੇਗੀ।

ਸੰਸਾਰਕ ਵਿਦਵਾਨ ਇਹ ਮੰਨਦੇ ਹਨ ਕਿ ਖੁਸ਼ ਰਹਿਣ ਦਾ ਅਰਥ ਇਹ ਹਰਗਿਜ਼ ਨਹੀਂ ਹੈ ਕਿ ਤੁਹਾਡੀ ਜ਼ਿੰਦਗੀ ਵਿਚ ਸਭ ਕੁਝ ਠੀਕ ਹੈ, ਸਗੋਂ ਇਸ ਦਾ ਮਤਲਬ ਇਹ ਹੁੰਦਾ ਹੈ ਕਿ ਤੁਸੀਂ ਆਪਣੇ ਦੁੱਖਾਂ ਤੋਂ ਉੱਪਰ ਉੱਠ ਕੇ ਜੀਣਾ ਸਿੱਖ ਲਿਆ ਹੈ। ਇਹ ਸਭ ਕੁਝ ਗੁਰੂ ਦੀ ਕਿਰਪਾ ਨਾਲ ਹੀ ਹੁੰਦਾ ਹੈ। ਇਸ ਅਵਸਥਾ ਦੇ ਵਿਚ ਇਨਸਾਨ ਦੁੱਖ-ਸੁੱਖ ਤੋਂ ਉੱਪਰ ਉੱਠ ਕੇ ਅਨੰਦ ਦੀ ਸਥਿਤੀ ਵਿਚ ਜੀਵਨ ਬਤੀਤ ਕਰਨ ਲੱਗ ਜਾਂਦਾ ਹੈ:

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)*

ਅਸੀਂ ਇਹ ਖੁਸ਼ੀ ਦੁਨਿਆਵੀ ਪਦਾਰਥਾਂ ਵਿਚ ਨਹੀਂ ਲੱਭਣੀ, ਸਗੋਂ ਤੁਹਾਡੇ ਮਨ ਦੀ ਸਥਿਤੀ ਕਿਹੋ ਜਿਹੀ ਹੈ ਇਹ ਧਿਆਨ ਰੱਖਣ ਯੋਗ ਗੱਲ ਹੈ। ਸਭ ਤੋਂ ਵੱਡੀ ਇਨਸਾਨ ਦੀ ਸੰਤੁਸ਼ਟੀ ਹੈ। ਜੇਕਰ ਇਨਸਾਨ ਸੰਤੁਸ਼ਟ ਰਹਿਣ ਲੱਗ ਪੈਂਦਾ ਹੈ ਤਾਂ ਇਸ ਸੰਤੁਸ਼ਟੀ ਦੇ ਨਾਲ ਇਨਸਾਨ ਅੰਦਰ ਸਰੀਰਕ ਤੰਦਰੁਸਤੀ ਆ ਜਾਂਦੀ ਹੈ। ਤੰਦਰੁਸਤੀ ਦੀ ਨਿਸ਼ਾਨੀ ਵਿਚ ਇਨਸਾਨ ਮਾਨਸਿਕ ਅਤੇ ਸਰੀਰਕ ਤੌਰ 'ਤੇ ਰਿਸ਼ਟ-ਪੁਸ਼ਟ ਹੋ ਜਾਂਦਾ ਹੈ। ਹਰ ਕੰਮ ਕਰਨ ਲਈ ਤਿਆਰ ਹੋ ਜਾਂਦਾ ਹੈ। ਮਤਲਬ ਕਿ ਇਨਸਾਨ ਤਨ ਤੇ ਮਨ ਕਰਕੇ ਬਲਵਾਨ ਹੋ ਜਾਂਦਾ ਹੈ।

ਮਨ ਦੀ ਖੁਸ਼ੀ ਅਤੇ ਤੰਦਰੁਸਤੀ ਨਾਲ ਹੀ ਇਨਸਾਨ ਵਿਚ ਖੁਸ਼ਹਾਲੀ ਆ ਜਾਂਦੀ ਹੈ। ਫਿਰ ਇਨਸਾਨ ਨੂੰ ਆਪਣਾ ਆਲਾ-ਦੁਆਲਾ ਹਮੇਸ਼ਾਂ ਹੀ ਹਰਿਆ-ਭਰਿਆ ਦਿਖਾਈ ਦਿੰਦਾ ਹੈ। ਇਸ ਖੁਸ਼ਹਾਲੀ ਵਿਚ ਇਨਸਾਨ ਆਪਣੇ ਫ਼ਰਜ਼ਾਂ ਪ੍ਰਤੀ ਚੌਕੰਨਾ ਹੋ ਜਾਂਦਾ ਹੈ। ਉਸ ਦੇ ਹਰ ਕਾਰਜ ਦੇ ਵਿਚ ਚੰਗੀ ਸੋਚ, ਬਰਾਬਰਤਾ ਅਤੇ ਮਾਨਵੀ ਵਿਚਾਰਧਾਰਾ ਭਾਰੂ ਹੁੰਦੀ ਹੈ।

ਅਖੀਰ 'ਤੇ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਜਦੋਂ ਅਕਾਲ ਪੁਰਖ ਜੀ ਦੀ ਕਿਰਪਾ ਹੁੰਦੀ ਹੈ ਤਾਂ ਮਨ ਦੀ ਅਵਸਥਾ ਬਦਲ ਜਾਂਦੀ ਹੈ। ਦੁਖੀ ਮਨ ਗੁਰੂ ਦੇ ਭਾਣੇ ਵਿਚ ਖੁਸ਼ ਰਹਿਣ ਲੱਗ ਪੈਂਦਾ ਹੈ। ਵਾਹਿਗੁਰੂ ਜੀ ਜੋ ਸਾਡੇ ਅੰਦਰ ਵਸਦੇ ਹਨ; ਸਾਡੇ ਮਨ ਵਿਚ ਤਾਜ਼ਗੀ, ਤੰਦਰੁਸਤੀ ਅਤੇ ਖੁਸ਼ਹਾਲੀ ਲਿਆ ਦਿੰਦੇ ਹਨ। ਵਾਹਿਗੁਰੂ ਜੀ ਇਹ ਸਾਰਾ ਕੁਝ ਗੁਰੂ ਰਾਹੀਂ ਹੀ ਕਰਾਉਂਦੇ ਹਨ।

ਕਵਿਤਾ

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

*-ਡਾ. ਹਰੀ ਸਿੰਘ ਜਾਚਕ**

*ਸੱਤਵੇਂ ਮਾਂਹ ਦੀ ਸੱਤ ਤਾਰੀਖ ਸੋਹਣੀ, ਪ੍ਰਗਟੇ ਗੁਰੂ ਅੱਠਵੇਂ ਕੀਰਤਪੁਰ ਹੈਸੀ।*
*ਖਿੜਿਆ ਫੁੱਲ ਤੇ ਭੌਰਿਆਂ ਗੀਤ ਗਾਏ, ਕੱਢੀ ਕੋਇਲਾਂ ਨੇ ਮਿੱਠੀ ਜਿਹੀ ਸੁਰ ਹੈਸੀ।*
*ਰਹਿ ਕੇ ਬਾਣੀ 'ਚ ਸ਼ੁਰੂ ਤੋਂ ਲੀਨ ਹਰਦਮ, ਗੁਰੂ ਪਿਤਾ ਦੇ ਰਸਤੇ ਪਏ ਤੁਰ ਹੈਸੀ।*
*ਪੰਜ ਸਾਲਾਂ ਦੀ ਨਿਕੜੀ ਉਮਰ ਸੀ ਜਦ, ਮਿਲੀ ਗੁਰਿਆਈ ਅੱਠਵੇਂ ਗੁਰ ਹੈਸੀ।*

*ਬਾਲ ਗੁਰੂ ਗੁਰਿਆਈ ਆਸੀਨ ਹੋ ਕੇ, ਦੈਵੀ ਚਾਨਣ ਤੇ ਬਖਸ਼ੀ ਅਗਵਾਈ ਸੋਹਣੀ।*
*ਨਾਨਕ ਜੋਤ ਨੂਰਾਨੀ ਹੁਣ ਬਦਲ ਚੋਲਾ, ਏਸ ਬਾਲਕ ਦੇ ਰੂਪ ਵਿਚ ਆਈ ਸੋਹਣੀ।*
*ਦੈਵੀ ਸ਼ਕਤੀਆਂ ਸਦਕਾ ਹੀ ਪਾਤਸ਼ਾਹ ਨੇ, ਜ਼ਿੰਮੇਵਾਰੀ ਸੀ ਤੋੜ ਨਿਭਾਈ ਸੋਹਣੀ।*
*ਜਿਸ ਡਿਠੈ ਸਭਿ ਦੁਖ ਜਾਇ' ਦਸਮ ਪਿਤਾ ਨੇ ਕੀਤੀ ਵਡਿਆਈ ਸੋਹਣੀ।*

*ਸੱਦਾ ਆਇਆ ਸੀ ਜਦੋਂ ਫਿਰ ਬਾਦਸ਼ਾਹ ਦਾ, ਗੁਰਾਂ ਜਾਣ ਤੋਂ ਕੀਤਾ ਇਨਕਾਰ ਓਦੋਂ।*
*ਅਰਜ਼ ਮੰਨ ਐਪਰ ਰਾਜਾ ਜੈ ਸਿੰਘ ਦੀ, ਹੋ ਗਏ ਗੁਰੂ ਜੀ ਫੇਰ ਤਿਆਰ ਓਦੋਂ।*
*ਬਾਲਾ ਪ੍ਰੀਤਮ ਨਾਲ ਦਿੱਲੀ ਨੂੰ ਜਾਣ ਦੇ ਲਈ, ਸੰਗਤ ਤੁਰੀ ਸੀ ਬੇਸ਼ੁਮਾਰ ਓਦੋਂ।*
*ਉੱਘੇ ਸਿੱਖਾਂ ਤੋਂ ਬਿਨਾਂ ਸਭ ਮੋੜ ਦਿੱਤੇ, ਪਹੁੰਚ ਪੰਜੋਖਰੇ, ਨੂਰੀ ਨੁਹਾਰ ਓਦੋਂ।*

*ਇਕ ਬ੍ਰਾਹਮਣ ਨੇ ਪੰਜੋਖਰੇ ਵਿਖੇ ਆ ਕੇ, ਗੁਰੂ ਸਾਹਿਬ ਨਾਲ ਜਦੋਂ ਤਕਰਾਰ ਕੀਤਾ।*
*ਛੱਜੂ ਝਿਊਰ 'ਤੇ ਮਿਹਰ ਦੀ ਨਜ਼ਰ ਕਰ ਕੇ, ਅਨਪੜ੍ਹ ਤਾਈਂ ਵਿਦਵਾਨ ਦਾਤਾਰ ਕੀਤਾ।*
*ਦਿੱਬ ਦ੍ਰਿਸ਼ਟ ਨਾਲ ਛੱਜੂ ਨੇ ਮੁਖ ਵਿੱਚੋਂ, ਗੀਤਾ ਦਾ ਅਰਥ ਵਿਚਾਰ ਕੀਤਾ।*
*ਕੌਤਕ ਤੱਕ ਸਾਰਾ ਕਿਸ਼ਨ ਲਾਲ ਪੰਡਿਤ, ਚਰਨਾਂ ਵਿਚ ਰਹਿ ਕੇ ਨਮਸਕਾਰ ਕੀਤਾ।*

*ਸਾਰੇ ਰਾਹ ਵਿਚ ਤਾਰ ਕੇ ਸੰਗਤ ਨੂੰ, ਆਖ਼ਰ ਚੱਲ ਕੇ ਦਿੱਲੀ ਨੂੰ ਆਏ ਸਤਿਗੁਰ।*
*ਰਾਜਾ ਜੈ ਸਿੰਘ ਦੇ ਸੁੰਦਰ ਬੰਗਲੇ ਵਿਚ, ਨਾਲ ਅਦਬ ਦੇ ਗਏ ਠਹਿਰਾਏ ਸਤਿਗੁਰ।*
*ਸਿੱਖ ਧਰਮ ਦਾ ਕਰਨ ਪ੍ਰਚਾਰ ਲੱਗੇ, ਹਰ ਰੋਜ਼ ਦੀਵਾਨ ਸਜਾਏ ਸਤਿਗੁਰ।*
*ਔਰੰਗਜ਼ੇਬ ਨੂੰ ਮਿਲਣ ਤੋਂ ਨਾਂਹ ਕਰਕੇ, ਗੁਰੂ ਪਿਤਾ ਦੇ ਬਚਨ ਨਿਭਾਏ ਸਤਿਗੁਰ।*

*ਰਾਣੀ ਨੇ ਜਦੋਂ ਸੀ ਪਰਖ ਕੀਤੀ, ਚਰਨ ਓਸੇ ਦੀ ਗੋਦ ਵਿਚ ਪਾਏ ਓਥੇ।*
*ਸੇਵਾ ਕੀਤੀ ਸੀ ਦੁੱਖੀਆਂ ਤੇ ਰੋਗੀਆਂ ਦੀ, ਜਿਹੜੇ ਹੋਏ ਸੀ ਬੜੇ ਘਬਰਾਏ ਓਥੇ।*
*ਸਾਰੇ ਪਿੰਡੇ 'ਤੇ ਓਦੋਂ ਫਿਰ ਪਾਤਸ਼ਾਹ ਦੇ, ਛਾਲੇ ਚੇਚਕ ਦੇ ਨਿਕਲ ਸੀ ਆਏ ਓਥੇ।*
*ਮੁਖੋਂ 'ਬਾਬਾ ਬਕਾਲਾ' ਫਿਰ ਕਹਿ 'ਜਾਚਕ', ਜੋਤੀ ਜੋਤ ਸੀ, ਆਖਰ ਸਮਾਏ ਓਥੇ।*

**# ੨੭੭, ਮਾਡਲ ਗਰਾਮ, ਲੁਧਿਆਣਾ-੧੪੧੦੦੨। ਮੋ: ੦੯੯੮੮੩੨੧੨੮੫*

# ਪੁਸਤਕ ਰੀਵਿਊ

**ਪੁਸਤਕ** : ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਅਤੇ ਸਿੱਖ ਫ਼ਲਸਫ਼ਾ
**ਸੰਪਾਦਕ** : ਡਾ. ਹਰਦੇਵ ਸਿੰਘ
**ਪ੍ਰਕਾਸ਼ਕ** : ਸਿੱਖ ਇਤਿਹਾਸ ਖੋਜ ਕੇਂਦਰ, ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ।
**ਪੰਨੇ** : ੨੧੨
**ਭੇਟਾ** : ੩੯੦ ਰੁਪਏ

'ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਤੇ ਸਿੱਖ ਫ਼ਲਸਫ਼ਾ' ਪੁਸਤਕ ਉਨ੍ਹਾਂ ਦੀਆਂ ਸੰਪੂਰਨ ਦਸ ਰਚਨਾਵਾਂ ਦਾ ਸੰਗ੍ਰਹਿ ਹੈ। ਇਨ੍ਹਾਂ ਵਿਚ ਸੱਤ ਫ਼ਾਰਸੀ ਦੀਆਂ ਜ਼ਿੰਦਗੀ ਨਾਮਹ, ਗ਼ਜ਼ਲੀਅਤ ਜਾਂ ਦੀਵਾਨ-ਏ-ਗੋਯਾ, ਗੰਜ ਨਾਮਹ, ਜੋਤ ਬਿਗਾਸ, ਤੌਸੀਫ਼-ਓ-ਸਨਾ-ਵਾ-ਖ਼ਾਤਮਾ, ਦਸਤੂਰਲ-ਇਨਸ਼ਾ, ਅਰਜ਼ੁਲ ਅਲਫ਼ਾਜ ਹਨ ਅਤੇ ਜੋਤ ਬਿਗਾਸ, ਰਹਿਤਨਾਮਹ ਅਤੇ ਤਨਖ਼ਾਹ ਨਾਮਹ ਪੰਜਾਬੀ ਵਿਚ ਹਨ। ਇਸ ਪੁਸਤਕ ਦੀ ਵਿਸ਼ੇਸ਼ਤਾ ਇਹ ਹੈ ਕਿ ਲੇਖਕ ਨੇ ਹਰ ਪੁਸਤਕ ਦੀ ਸੰਖੇਪ ਜਾਣ-ਪਹਿਚਾਣ ਦੇ ਕੇ ਫਿਰ ਉਸ ਦਾ ਮੂਲ ਪਾਠ ਫ਼ਾਰਸੀ ਵਿਚ ਤੇ ਉਸ ਦੇ ਨਾਲ ਗੁਰਮੁਖੀ ਵਿਚ ਉਚਾਰਨ ਸੇਧ ਦਿੰਦਿਆਂ ਉਪਰੰਤ ਅਰਥ ਦਿੱਤੇ ਹਨ। ਸਮੁੱਚੀ ਰਚਨਾ ਦੇ ਅਰਥਾਂ ਨੂੰ ਹੋਰ ਸਪੱਸ਼ਟ ਕਰਦਿਆਂ ਗੁਰਮਤਿ ਦੀ ਦ੍ਰਿਸ਼ਟੀ ਤੋਂ ਗੁਰਬਾਣੀ ਦੇ ਹਵਾਲੇ ਦਿੱਤੇ ਗਏ ਹਨ। ਸਿੱਖ ਪੰਥ ਵਿਚ ਜਿਵੇਂ ਭਾਈ ਗੁਰਦਾਸ ਜੀ ਦੀ ਰਚਨਾ ਨੂੰ ਗੁਰਬਾਣੀ ਦੀ ਕੁੰਜੀ ਕਹਿ ਕੇ ਸਤਿਕਾਰਿਆ ਜਾਂਦਾ ਹੈ, ਇਸੇ ਤਰ੍ਹਾਂ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਸਿੱਖ ਇਤਿਹਾਸ, ਫ਼ਲਸਫ਼ਾ ਤੇ ਰਹਿਤ ਮਰਯਾਦਾ ਦੀ ਤਰਜ਼ਮਾਨੀ ਤੇ ਪ੍ਰਮਾਣਿਕ ਗਵਾਹੀ ਹਨ। ਗੁਰਮਤਿ ਕੀਰਤਨ ਮਰਯਾਦਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੇ ਸ੍ਰੀ ਦਸਮ ਬਾਣੀ ਤੋਂ ਉਪਰੰਤ ਕੇਵਲ ਦੋ ਮਹਾਨ ਰਚਨਕਾਰਾਂ ਦੀਆਂ ਰਚਨਾਵਾਂ ਨੂੰ ਕੀਰਤਨ ਸਮੇਂ ਜੇ ਕਰ ਗਾਇਨ ਕਰਨ ਦੀ ਮਾਨਤਾ ਹੈ ਤਾਂ ਉਹ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਹਨ। ਭਾਈ ਨੰਦ ਲਾਲ ਜੀ ਦਸਮ ਪਾਤਸ਼ਾਹ ਜੀ ਦੇ ਬਵਿੰਜਾ ਕਵੀਆਂ ਵਿੱਚੋਂ ਸਿਰਮੌਰ ਕਵੀ ਤੇ ਅਧਿਆਤਮਿਕ ਮੰਡਲ ਦੀ ਅਨੁਭਵੀ ਰੂਹ ਸਨ।

ਵਿਚਾਰ-ਅਧੀਨ ਪੁਸਤਕ ਵਿਚ ਨਵੀਨ ਖੋਜ ਦੇ ਰਹੱਸ ਹਨ। ਇਸ ਦੀ ਸਪੱਸ਼ਟਤਾ ਲਈ ਡਾ. ਮਹਿਲ ਸਿੰਘ, ਪ੍ਰਿੰਸੀਪਲ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਵੱਲੋਂ ਲਿਖੇ ਚੋਣਵੇਂ ਸ਼ਬਦ 'ਆਦਿਕਾ' ਅਤੇ ਲੇਖਕ ਵੱਲੋਂ ਦਿੱਤੀ ਜਾਣਕਾਰੀ ਬਹੁਪੱਖੀ ਚਾਨਣਾ ਹੈ। ਡਾ. ਹਰਦੇਵ ਸਿੰਘ ਇਸ ਸਮੇਂ ਖ਼ਾਲਸਾ ਕਾਲਜ ਵਿਖੇ ਸਿੱਖ ਇਤਿਹਾਸ ਖੋਜ ਕੇਂਦਰ ਦੇ ਮੁਖੀ ਹਨ ਅਤੇ 'ਗੁਰਮਤਿ ਸਿੱਖਿਆ ਸੈਂਟਰ' ਵਿਚ ਉਰਦੂ ਤੇ ਫ਼ਾਰਸੀ ਦੀ ਸਿਖਲਾਈ ਦਿੰਦੇ ਹਨ। ਇਹ ਪੁਸਤਕ ਆਮ ਪਾਠਕਾਂ ਤੋਂ ਇਲਾਵਾ-ਕੀਰਤਨੀਆਂ, ਖੋਜਾਰਥੀਆਂ, ਕਥਾਕਾਰਾਂ ਤੇ ਇਤਿਹਾਸਕਾਰਾਂ ਲਈ ਪੜ੍ਹਨ ਤੇ ਸਾਂਭਣਯੋਗ ਹੈ।

***ਰੀਵਿਊਕਾਰ***

*ਡਾ. ਇੰਦਰਜੀਤ ਸਿੰਘ ਗੋਗੋਆਣੀ*
*ਮੋ. ੯੯੧੫੯-੮੫੫੫੯*

# ਪਰਾਰਥਨਾਤੀਤ ਦਾਨ ਭਾਈ ਤਾਰੂ ਸਿੰਘ ਜੀ ਸ਼ਹੀਦ

*-ਸ੍ਰੀ ਰਵਿੰਦਰ ਨਾਥ ਟੈਗੋਰ*

*ਪਾਠਾਨੇਰ ਯਵੇ ਬਾਂਧਿਯਾ ਆਨਿਲ ਸੰਦੀ ਸ਼ਿਖੇਰ ਦਲ।*
*ਸੁਹਿਦਗੰਜੇ ਰਕਤਵਰਣ ਹਲਿਲ ਧਰਣੀ ਤਲ।*
*ਨਵਾਬ ਕਹਿਲ ਸ਼ੁਨ ਤਰੂ ਸਿੰ. ਤੌਮਾਰੇ ਸ਼ਮਿਤੇ ਚਾਲਿ।*
*ਤਰੂ ਸਿੰ.ਕਹੇ-ਮੌਰੇ ਕੇਨ ਤਵ ਲੇਤ ਅਵਹੇਲਾ ਮਾਝਿ।*
*ਨਵਾਬ ਕਹਿਲ-ਮਹਾਵੀਰ ਤੁਮਿ ਤੌਮਾਰੇ ਨ ਕਰਿ ਕ੍ਰੋਧ।*
*ਵੇਸਿਟਿ ਕਾਟਿਯੇ ਦਿਯੇ ਯਾਉ ਮੌਰੇ ਲ ਸ਼ੁਧੁ ਅਨੁਰੋਧ।*
*ਤਰੂ ਸਿੰ.ਕਹੇ- "ਕਰੁਣਾ ਤੌਮਾਰ , ਰਿਰਦਯ ਰਹਿਲ ਗਾਂਥਾ।*
*ਯਾ ਚੇਯੇਛ ਤਾਰ ਕਿਛੁ ਵੇਸ਼ਿ ਦਿਵ ਵੇਣੀਰ ਸੰਗੇ ਮਾਥਾ। "*

**ਭਾਵ ਅਰਥ:** ਜਦ ਬੰਦੀ ਸਿੱਖਾਂ ਦੇ ਦਲ ਨੂੰ ਪਠਾਣ ਬੰਨ੍ਹ ਕੇ ਲਿਆਏ, ਤਾਂ ਸ਼ਹੀਦ ਗੰਜ (ਲਾਹੌਰ ਦਾ ਕਿਲ੍ਹਾ) ਦੀ ਧਰਤੀ ਖ਼ੂਨ ਨਾਲ ਲਾਲ ਹੋ ਗਈ। ਨਵਾਬ (ਜ਼ਕਰੀਆ ਖਾਨ) ਨੇ ਕਿਹਾ— "ਤਾਰੂ ਸਿੰਘ ਸੁਣ, ਕੀ ਤੈਨੂੰ ਮੁਆਫ਼ੀ ਚਾਹੀਦੀ ਹੈ? ਇਹ ਸੁਣ ਕੇ ਤਾਰੂ ਸਿੰਘ ਨੇ ਕਿਹਾ— ਮੈਂ ਕਿਹੜੀ ਗਲਤੀ ਕੀਤੀ ਹੈ, ਜਿਸ ਲਈ ਮੈਂ ਮੁਆਫ਼ੀ ਚਾਂਹਾ। ਨਵਾਬ ਨੇ ਤਾਰੂ ਸਿੰਘ ਨੂੰ ਕਿਹਾ—"ਹੇ ਮਹਾਂਸ਼ੂਰਵੀਰ! ਤੁਸੀਂ ਗੁ'ਸਾ (ਕ੍ਰੋਧ) ਨਾ ਕਰੋ, ਮੇਰਾ ਤਾਂ ਇਹੋ ਅਨੁਰੋਧ ਹੈ ਕਿ ਤੁਸੀਂ ਆਪਣੇ ਸਿਰ ਦੇ ਕੇਸ (ਵਾਲ) ਕੱਟ ਕੇ ਦੇ ਜਾਵੋ। "ਜਵਾਬ ਵਿਚ ਤਾਰੂ ਸਿੰਘ ਨੇ ਨਵਾਬ ਨੂੰ ਕਿਹਾ— "ਤੁਹਾਡੇ ਦਿਲ ਵਿਚ ਬਸ ਦਇਆ (ਕਰੁਣਾ) ਬਣੀ ਰਹੇ ਪਰ ਜੋ ਕੁਝ ਤੁਸੀਂ ਚਾਹੁੰਦੇ ਹੋ, ਉਸ ਤੋਂ ਭੀ ਵਧੀਕ ਮੈਂ ਦੇਣਾ ਚਾਹੁੰਦਾ ਹਾਂ, ਤੁਸੀਂ ਕੇਸਾਂ (ਵਾਲਾਂ) ਸਹਿਤ ਸੰਪੂਰਨ ਮੇਰੀ ਖੋਪੜੀ (ਮੱਥਾ) ਭੀ ਨਾਲ ਲੈ ਲਵੋ। ਅਰਥਾਤ ਕੇਸਾਂ ਨਾਲ ਹੀ ਖੋਪੜੀ ਭੀ ਉਤਾਰ ਲਈ ਜਾਵੇ। "

ਨਾਮ ਜਪੋ, ਕਿਰਤ ਕਰੋ, ਵੰਡ ਛਕੋ

ਖ਼ਬਰਨਾਮਾ

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਪੱਛਮੀ ਬੰਗਾਲ 'ਚ ਪੰਜ ਦਿਨਾਂ ਗੁਰਮਤਿ ਕੈਂਪ ਆਯੋਜਿਤ

ਸ੍ਰੀ ਅੰਮ੍ਰਿਤਸਰ, ੩ ਜੂਨ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਪੱਛਮੀ ਬੰਗਾਲ ਦੇ ਆਸਨਸੋਲ ਵਿਖੇ ਲਗਾਏ ਗਏ ਪੰਜ ਰੋਜ਼ਾ ਗੁਰਮਤਿ ਸਮਰ ਕੈਂਪ ਦੇ ਸਮਾਪਤੀ ਸਮਾਗਮ ਮੌਕੇ ਬੱਚਿਆਂ ਨੇ ਧਾਰਮਿਕ ਮੁਕਾਬਲਿਆਂ ਵਿਚ ਉਤਸ਼ਾਹ ਨਾਲ ਹਿੱਸਾ ਲਿਆ। ਇਸ ਗੁਰਮਤਿ ਕੈਂਪ ਵਿਚ ੩੫੦ ਬੱਚਿਆਂ ਨੇ ਸ਼ਮੂਲੀਅਤ ਕਰ ਕੇ ਸਿੱਖ ਇਤਿਹਾਸ, ਸਿੱਖ ਰਹਿਤ ਮਰਯਾਦਾ, ਗੁਰਬਾਣੀ ਨਿਤਨੇਮ ਦੀ ਸੰਥਿਆ ਅਤੇ ਗੁਰਮਤਿ ਸਿਧਾਂਤਾਂ ਬਾਰੇ ਜਾਣਕਾਰੀ ਹਾਸਲ ਕੀਤੀ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਹਰ ਸਾਲ ਲਗਾਏ ਜਾਂਦੇ ਇਸ ਕੈਂਪ ਵਿਚ ਪੱਛਮੀ ਬੰਗਾਲ ਦੀਆਂ ਵੱਖ-ਵੱਖ ਗੁਰਦੁਆਰਾ ਕਮੇਟੀਆਂ ਅਤੇ ਸਭਾ-ਸੁਸਾਇਟੀਆਂ ਵੱਲੋਂ ਭਰਵਾਂ ਸਹਿਯੋਗ ਕੀਤਾ ਜਾਂਦਾ ਹੈ। ਇਸ ਵਾਰ ਆਸਨਸੋਲ ਕੈਂਪ ਦੇ ਮੁੱਖ ਸੰਚਾਲਕ ਵਜੋਂ ਸ. ਗੁਰਿੰਦਰ ਸਿੰਘ ਨੇ ਅਹਿਮ ਭੂਮਿਕਾ ਨਿਭਾਈ।

ਗੁਰਮਤਿ ਸਮਰ ਕੈਂਪ ਦੀ ਸਮਾਪਤੀ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪੁੱਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਜਿਹੇ ਕੈਂਪ ਸਿੱਖ ਨੌਜੁਆਨੀ ਅੰਦਰ ਸਿੱਖੀ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਅਹਿਮ ਸਾਬਤ ਹੁੰਦੇ ਹਨ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਨੌਜੁਆਨਾਂ ਅਤੇ ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਵਾਸਤੇ ਪੰਜਾਬ ਦੇ ਨਾਲ-ਨਾਲ ਦੇਸ਼ ਦੇ ਹੋਰਨਾਂ ਸੂਬਿਆਂ ਵਿਚ ਲਗਾਤਾਰ ਕਾਰਜ ਕਰ ਰਹੀ ਹੈ। ਜਿਹੜੀਆਂ ਸਿੱਖ ਸੰਸਥਾਵਾਂ ਸਿੱਖੀ ਪ੍ਰਚਾਰ ਲਈ ਕਾਰਜਸ਼ੀਲ ਹਨ, ਉਨ੍ਹਾਂ ਦਾ ਸਹਿਯੋਗ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹਿਲ ਦੇ ਅਧਾਰ 'ਤੇ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਿੱਖੀ ਪ੍ਰਚਾਰ ਲਈ ਕਾਰਜਸ਼ੀਲ ਸੰਸਥਾਵਾਂ ਵਿਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਡੇ ਕਾਰਜ ਕਰ ਰਿਹਾ ਹੈ, ਜਿਸ ਤਹਿਤ ਇਸ ਗੁਰਮਤਿ ਸਮਰ ਕੈਂਪ ਵਿਚ ਬੱਚਿਆਂ ਨੇ ਭਰਵੀਂ ਸ਼ਮੂਲੀਅਤ ਕਰ ਕੇ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਵੱਖ-ਵੱਖ ਮੁਕਾਬਲਿਆਂ ਵਿਚ ਹਿੱਸਾ ਲੈ ਕੇ ਸਿੱਖੀ ਪ੍ਰਤੀ ਸ਼ਰਧਾ ਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਜਿਹੇ ਕਾਰਜਾਂ ਵਿਚ ਸਹਿਯੋਗੀ ਬਣੀ ਰਹੇਗੀ।

ਇਸ ਦੌਰਾਨ ਵੱਖ-ਵੱਖ ਗੁਰਦੁਆਰਾ ਕਮੇਟੀਆਂ ਵੱਲੋਂ ਪ੍ਰਚਾਰਕਾਂ ਦੀ ਕੀਤੀ ਮੰਗ

’ਤੇ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਵਿਚਾਰ ਕਰ ਕੇ ਲੋੜ ਅਨੁਸਾਰ ਜਥੇ ਭੇਜੇ ਜਾਣਗੇ। ਇਸ ਮੌਕੇ ਗੁਰਦੁਆਰਾ ਕਮੇਟੀਆਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗੀ ਬਣ ਕੇ ਸਿੱਖੀ ਪ੍ਰਚਾਰ ਦੀ ਵਚਨਬੱਧਤਾ ਵੀ ਪ੍ਰਗਟਾਈ ਗਈ।

ਗੁਰਮਤਿ ਸਮਰ ਕੈਂਪ ਦੌਰਾਨ ਧਾਰਮਿਕ ਮੁਕਾਬਲਿਆਂ ਵਿਚ ਬੇਹਤਰ ਕਾਰਗੁਜ਼ਾਰੀ ਦਿਖਾਉਣ ਵਾਲੇ ਅਤੇ ਕੈਂਪ ਵਿਚ ਸ਼ਮੂਲੀਅਤ ਕਰਨ ਵਾਲੇ ਸਮੂਹ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਸ. ਸੂਰਤ ਸਿੰਘ ਨਲਵਾ, ਸ. ਅਮਰਜੀਤ ਸਿੰਘ ਬਰਾਰਾ, ਸ. ਤੇਜਿੰਦਰ ਸਿੰਘ, ਸ. ਦਵਿੰਦਰ ਸਿੰਘ, ਸ. ਸੁਖਦੇਵ ਸਿੰਘ, ਸ. ਨਿਰਮਲ ਸਿੰਘ, ਸ. ਇੰਦਰ ਸਿੰਘ, ਸ. ਮਨਜੀਤ ਸਿੰਘ ਨਿਰਸਾ, ਸ. ਜਤਿੰਦਰ ਸਿੰਘ, ਸ. ਗੁਰਦੀਪ ਸਿੰਘ ਆਸਨਸੋਲ, ਸ. ਦਲਵਿੰਦਰ ਸਿੰਘ, ਸ. ਜੋਗਿੰਦਰ ਸਿੰਘ, ਸ. ਬਲਜੀਤ ਸਿੰਘ, ਸ. ਮਲਕੀਤ ਸਿੰਘ, ਸ. ਜਸਪਾਲ ਸਿੰਘ, ਬੀਬੀ ਦਲਜੀਤ ਕੌਰ, ਬੀਬੀ ਮਨਿੰਦਰ ਕੌਰ, ਸ. ਗੁਰਵਿੰਦਰ ਸਿੰਘ, ਸ. ਹਰਦੀਪ ਸਿੰਘ, ਸ. ਪਰਮਜੀਤ ਸਿੰਘ, ਸ. ਹਰਭਜਨ ਸਿੰਘ, ਸ. ਗੁਰਮੀਤ ਸਿੰਘ, ਸ. ਜਗਮੀਤ ਸਿੰਘ ਆਦਿ ਹਾਜ਼ਰ ਸਨ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉੱਤਰ ਪ੍ਰਦੇਸ਼ ਦੇ ਮਗਹਰ ’ਚ ਗੁਰਦੁਆਰਾ ਭਗਤ ਕਬੀਰ ਜੀ ਵਿਖੇ ਵਿਸ਼ਾਲ ਗੁਰਮਤਿ ਸਮਾਗਮ

ਸ੍ਰੀ ਅੰਮ੍ਰਿਤਸਰ, ੫ ਜੂਨ-ਸਿੱਖ ਪੰਥ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਉੱਤਰ ਪ੍ਰਦੇਸ਼ ਸਿੱਖ ਮਿਸ਼ਨ ਹਾਪੜ ਰਾਹੀਂ ਸੰਗਤ ਦੇ ਸਹਿਯੋਗ ਨਾਲ ਭਗਤ ਕਬੀਰ ਜੀ ਦੇ ਜਨਮ ਦਿਹਾੜੇ ਮੌਕੇ ਗੁਰਦੁਆਰਾ ਭਗਤ ਕਬੀਰ ਜੀ ਮਗਹਰ (ਗੋਰਖਪੁਰ) ਵਿਖੇ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਗਿਆ। ਸਮਾਗਮ ’ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਧਰਮ ਪ੍ਰਚਾਰ ਲਹਿਰ ਦੇ ਮੁਖੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਅਤੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਵਿਸ਼ੇਸ਼ ਤੌਰ ’ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਸੰਗਤ ਦੀ ਮੰਗ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਤ ਦੇ ਠਹਿਰਣ ਲਈ ਸਰਾਂ (ਯਾਤਰੀ ਨਿਵਾਸ) ਅਤੇ ਲੰਗਰ ਹਾਲ ਦਾ ਨੀਂਹ ਪੱਥਰ ਵੀ ਰੱਖਿਆ, ਜਿਸ ਦੀ ਕਾਰ-ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਵੱਲੋਂ ਕਰਵਾਈ ਜਾਵੇਗੀ।

ਸਮਾਗਮ ਦੌਰਾਨ ਸੰਬੋਧਨ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਭਗਤ ਵਜੋਂ ਸਤਿਕਾਰੇ

ਜਾਂਦੇ ਭਗਤ ਕਬੀਰ ਜੀ ਨੇ ਕ੍ਰਾਂਤੀਕਾਰੀ ਉਪਦੇਸ਼ਾਂ ਰਾਹੀਂ ਧਾਰਮਿਕ ਨਿਘਾਰ 'ਤੇ ਕਰਾਰੀ ਚੋਟ ਮਾਰੀ। ਭਗਤ ਕਬੀਰ ਜੀ ਨੇ ਮਾਨਵਤਾ ਨੂੰ ਸੱਚ ਦਾ ਉਪਦੇਸ਼ ਦਿੰਦਿਆਂ ਸਮਾਜ ਵਿਚ ਆ ਚੁੱਕੀਆਂ ਕੁਰੀਤੀਆਂ ਦਾ ਵਿਰੋਧ ਕੀਤਾ ਅਤੇ ਕਰਤਾ ਪੁਰਖ ਦੀ ਭਗਤੀ ਲਈ ਪ੍ਰੇਰਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਸੰਗਤ ਨੂੰ ਭਗਤ ਕਬੀਰ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੰਦਿਆਂ ਉਨ੍ਹਾਂ ਦੇ ਉਪਦੇਸ਼ਾਂ 'ਤੇ ਚੱਲਣ ਦੀ ਅਪੀਲ ਕੀਤੀ। ਐਡਵੋਕੇਟ ਧਾਮੀ ਨੇ ਇਸ ਮੌਕੇ ਉਤਰ ਪ੍ਰਦੇਸ਼ ਅੰਦਰ ਚੱਲ ਰਹੇ ਧਰਮ ਪ੍ਰਚਾਰ ਕਾਰਜਾਂ ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ ਭਵਿੱਖ ਵਿਚ ਨਿਰੰਤਰ ਜਾਰੀ ਰੱਖਣ ਦੀ ਵਚਨਬੱਧਤਾ ਪ੍ਰਗਟਾਈ ਅਤੇ ਲੋੜ ਅਨੁਸਾਰ ਪ੍ਰਚਾਰਕ ਜਥੇ ਭੇਜੇ ਜਾਣ ਦਾ ਵੀ ਜ਼ਿਕਰ ਕੀਤਾ।

ਇਸ ਮੌਕੇ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਜਾਇਬ ਸਿੰਘ ਅਭਿਆਸੀ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਵੀ ਸੰਬੋਧਨ ਕੀਤਾ। ਇਸ ਤੋਂ ਪਹਿਲਾਂ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਭਾਈ ਬਲਦੇਵ ਸਿੰਘ ਓਗਰਾ ਅਤੇ ਢਾਡੀ ਗਿਆਨੀ ਗੁਰਮੀਤ ਸਿੰਘ ਨੇ ਸੰਗਤ ਨਾਲ ਗੁਰਮਤਿ ਵਿਚਾਰਾਂ ਅਤੇ ਸਿੱਖ ਇਤਿਹਾਸ ਦੀ ਸਾਂਝ ਪਾਈ।

ਇਸ ਮੌਕੇ ਬਾਬਾ ਸੁਖਵਿੰਦਰ ਸਿੰਘ ਕਾਰਸੇਵਾ ਭੂਰੀ ਵਾਲੇ, ਬੀਬੀ ਪਰਮਜੀਤ ਸਿੰਘ ਰਾਣਾ, ਪ੍ਰਬੰਧਕ ਗੁਰਦੁਆਰਾ ਭਗਤ ਕਬੀਰ ਜੀ ਮਗਹਰ, ਬਾਬਾ ਗੁਰਿੰਦਰ ਸਿੰਘ ਪਟਨਾ ਸਾਹਿਬ, ਸ. ਇੰਦਰਜੀਤ ਸਿੰਘ ਜਨਰਲ ਸਕੱਤਰ ਤਖ਼ਤ ਸ੍ਰੀ ਪਟਨਾ ਸਾਹਿਬ, ਯੂਪੀ ਸਿੱਖ ਮਿਸ਼ਨ ਦੇ ਇੰਚਾਰਜ ਸ. ਬ੍ਰਿਜਪਾਲ ਸਿੰਘ, ਸਾਬਕਾ ਮੀਤ ਸਕੱਤਰ ਸ. ਰਾਮ ਸਿੰਘ ਭਿੰਡਰ, ਐਸਡੀਓ ਸ. ਅਮਨਦੀਪ ਸਿੰਘ, ਕੇਂਦਰੀ ਗੁਰਦੁਆਰਾ ਬੋਰਡ ਜਮਸ਼ੇਦਪੁਰ ਦੇ ਪ੍ਰਧਾਨ ਸ. ਗੁਰਚਰਨ ਸਿੰਘ ਵਿਰਕ, ਮੀਤ ਪ੍ਰਧਾਨ ਸ. ਕੁਲਦੀਪ ਸਿੰਘ, ਜਨਰਲ ਸਕੱਤਰ ਸ. ਸੁਰਜੀਤ ਸਿੰਘ, ਸ. ਭਗਵਾਨ ਸਿੰਘ, ਸ. ਸੋਹਣ ਸਿੰਘ, ਬਾਬਾ ਜੱਗਾ ਸਿੰਘ, ਬਾਬਾ ਹਰੀ ਸਿੰਘ, ਬਾਬਾ ਕਰਨ ਸਿੰਘ, ਬਾਬਾ ਰਤਨ ਸਿੰਘ, ਬਾਬਾ ਯੁੱਧਵੀਰ ਸਿੰਘ, ਬਾਬਾ ਗੁਰਵੰਤ ਸਿੰਘ, ਬਾਬਾ ਚਮਕੌਰ ਸਿੰਘ, ਗਿਆਨੀ ਸਤਨਾਮ ਸਿੰਘ, ਸ. ਗੁਰਜਿੰਦਰ ਸਿੰਘ, ਬਾਬਾ ਭਾਨ ਸਿੰਘ, ਸ. ਹਰਮੀਤ ਸਿੰਘ, ਸ. ਲਖਬੀਰ ਸਿੰਘ, ਗਿਆਨੀ ਜਸਜੀਤ ਸਿੰਘ ਲਖਨਊ, ਡਾ. ਦਵਿੰਦਰ ਸਿੰਘ, ਸ. ਗੁਰਦੀਪ ਸਿੰਘ ਆਦਿ ਹਾਜ਼ਰ ਸਨ।

## ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜੂਨ ੧੯੮੪ ਦੇ ਸ਼ਹੀਦਾਂ ਦੀ ਯਾਦ ਵਿਚ ਸ਼ਹੀਦੀ ਸਮਾਗਮ

ਸ੍ਰੀ ਅੰਮ੍ਰਿਤਸਰ, ੬ ਜੂਨ- ਜੂਨ ੧੯੮੪ 'ਚ ਭਾਰਤ ਦੀ ਤਤਕਾਲੀ ਕਾਂਗਰਸ ਸਰਕਾਰ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਤੇ ਗਏ ਫ਼ੌਜੀ ਹਮਲੇ ਦੌਰਾਨ ਸ਼ਹੀਦ ਹੋਏ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਬਾਬਾ ਠਾਰਾ ਸਿੰਘ ਤੇ ਜਨਰਲ ਸ਼ਬੇਗ ਸਿੰਘ ਸਮੇਤ ਹੋਰ ਸ਼ਹੀਦਾਂ ਦੀ ਯਾਦ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਲਾਨਾ

ਸ਼ਹੀਦੀ ਸਮਾਗਮ ਕਰਵਾਇਆ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਇਸ ਸਮਾਗਮ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਬਾਬਾ ਨਿਹਾਲ ਸਿੰਘ ਤਰਨਾ ਦਲ ਹਰੀਆਂ ਵੇਲਾਂ, ਦਲ ਬਾਬਾ ਬਿਧੀ ਚੰਦ ਸੰਪ੍ਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਖਾਲਸਾ ਸਮੇਤ ਕਈ ਪੰਥਕ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ।

ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਸ਼ਕਤੀ ਨੂੰ ਸੰਗਠਿਤ ਹੋਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਜੂਨ ੧੯੮੪ ਦੇ ਘੱਲੂਘਾਰੇ ਨੂੰ ਸਿੱਖ ਕਦੇ ਨਹੀਂ ਭੁੱਲ ਸਕਦੇ। ਇਹ ਘੱਲੂਘਾਰਾ ਕੇਵਲ ਸਿੱਖਾਂ ਦੇ ਪਿੰਡੇ 'ਤੇ ਝਰੀਟਾਂ ਹੀ ਨਹੀਂ, ਸਗੋਂ ਦਿਲ 'ਤੇ ਲੱਗੇ ਗਹਿਰੇ ਜ਼ਖ਼ਮ ਹਨ। ਉਨ੍ਹਾਂ ਕਿਹਾ ਕਿ ਅਸੀਂ ਸਰਕਾਰਾਂ ਨੂੰ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ੧੯੮੪ ਈ. ਦਾ ਘੱਲੂਘਾਰਾ ਸਿੱਖਾਂ ਦੀ ਕਮਜ਼ੋਰੀ ਨਹੀਂ ਹੈ ਬਲਕਿ ਇਸ ਨੂੰ ਯਾਦ ਕਰ ਕੇ ਕੌਮ ਹੋਰ ਮਜ਼ਬੂਤ ਹੁੰਦੀ ਹੈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਕਿਹਾ ਕਿ ਭਾਰਤ ਦੀ ਤਤਕਾਲੀ ਸਰਕਾਰ ਵੱਲੋਂ ਕੀਤੇ ਇਸ ਜ਼ੁਲਮ ਦੇ ਇਨਸਾਫ਼ ਦੀ ਸਰਕਾਰਾਂ ਤੋਂ ਕੌਮ ਨੂੰ ਕੋਈ ਉਮੀਦ ਨਹੀਂ ਕਰਨੀ ਚਾਹੀਦੀ, ਬਲਕਿ ਇੱਕਜੁਟ ਹੋ ਕੇ ਸਵੈ-ਮੰਥਨ ਕਰਦਿਆਂ ਸਿੱਖ ਸ਼ਕਤੀ ਨੂੰ ਮਜਬੂਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹੁਣ ਤਕ ਕਈ ਸਰਕਾਰਾਂ ਬਣੀਆਂ ਪਰ ਸਿੱਖਾਂ ਨੂੰ ਕਿਸੇ ਨੇ ਵੀ ਨਿਆਂ ਨਹੀਂ ਦਿੱਤਾ। ਸਿੱਖ ਸ਼ਕਤੀ ਇੱਕਜੁਟ ਹੋਵੇਗੀ ਤਾਂ ਸਰਕਾਰਾਂ ਖੁਦ ਚੱਲ ਕੇ ਆਉਣਗੀਆਂ।

ਆਪਣੇ ਸੰਬੋਧਨ ਦੌਰਾਨ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਜਥੇਬੰਦੀਆਂ, ਮਹਾਂਪੁਰਖਾਂ, ਸਾਬਕਾ ਜਥੇਦਾਰਾਂ ਅਤੇ ਕੌਮ ਦੇ ਪ੍ਰਚਾਰਕਾਂ ਨੂੰ ਅਪੀਲ ਕੀਤੀ ਕਿ ਕਾਫਲੇ ਬਣਾ ਕੇ ਪਿੰਡ-ਪਿੰਡ ਸਿੱਖੀ ਪ੍ਰਚਾਰ ਦੀ ਲਹਿਰ ਸਿਰਜਣ ਲਈ ਅੱਗੇ ਆਉਣ। ਕਿਉਂਕਿ ਇਹ ਸਮਾਂ ਕੌਮ ਨੂੰ ਆਪਸੀ ਮਤਭੇਦ ਭੁਲਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਇਕੱਠੇ ਹੋਣ ਦਾ ਹੈ। ਉਨ੍ਹਾਂ ਆਖਿਆ ਕਿ ਅੱਜ ਨਸ਼ਿਆਂ ਰਾਹੀਂ ਨੌਜੁਆਨੀ ਨੂੰ ਬਰਬਾਦ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ, ਸੋਸ਼ਲ ਮੀਡੀਆ 'ਤੇ ਗੁੰਮਰਾਹਕੁਨ ਸਮੱਗਰੀ ਨਾਲ ਨੌਜੁਆਨੀ ਦੀ ਮਾਨਸਿਕਤਾ ਤਬਦੀਲ ਕੀਤੀ ਜਾ ਰਹੀ ਹੈ। ਸਾਨੂੰ ਇਸ ਵਰਤਾਰੇ ਵੱਲ ਧਿਆਨ ਦੇਣਾ ਪਵੇਗਾ ਅਤੇ ਸਭ ਨੂੰ ਨਾਲ ਜੋੜ ਕੇ ਚੱਲਣਾ ਪਵੇਗਾ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਿੱਖ ਸੰਸਥਾਵਾਂ ਨੂੰ ਮਜਬੂਤ ਕਰਨ ਲਈ ਵੀ ਸੁਨੇਹਾ ਦਿੱਤਾ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾਵਾਂ ਸਿੱਖ ਸ਼ਕਤੀ ਦਾ ਸਰੋਤ ਹਨ, ਪਰ ਦੁੱਖ ਦੀ ਗੱਲ ਹੈ ਕਿ ਬੀਤੇ 'ਚ ਕੁਝ ਸਿੱਖ ਸੰਸਥਾਵਾਂ ਸਰਕਾਰੀ ਹੱਥਾਂ ਵਿਚ ਚਲੇ ਗਈਆਂ ਹਨ। ਇਸ ਵੱਲ ਕੌਮ ਨੂੰ ਧਿਆਨ ਦੇਣਾ ਪਵੇਗਾ ਤਾਂ ਜੋ ਸਿੱਖ ਸੰਸਥਾਵਾਂ ਸਿੱਖ

ਪ੍ਰਭਾਵ ਹੇਠ ਹੀ ਰਹਿਣ। ਗਿਆਨੀ ਹਰਪ੍ਰੀਤ ਸਿੰਘ ਨੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਵਾਲੇ, ਭਾਈ ਅਮਰੀਕ ਸਿੰਘ, ਬਾਬਾ ਠਾਰਾ ਸਿੰਘ ਅਤੇ ਜਨਰਲ ਸ਼ਬੇਗ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਯਾਦ ਕੀਤਾ।

ਸਮਾਗਮ ਦੌਰਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵੀ ਸੰਗਤ ਨਾਲ ਵਿਚਾਰ ਸਾਂਝੇ ਕੀਤੇ ਅਤੇ ਜੂਨ ੧੯੮੪ ਦੇ ਘੱਲੂਘਾਰੇ ਨੂੰ ਉਸ ਸਮੇਂ ਦੀ ਕਾਂਗਰਸ ਸਰਕਾਰ ਦੀ ਮਨੁੱਖਤਾ ਮਾਰੂ ਕਾਰਵਾਈ ਕਿਹਾ। ਉਨ੍ਹਾਂ ਕਿਹਾ ਕਿ ਜੋ ਜ਼ੁਲਮ ਉਸ ਵਕਤ ਭਾਰਤ ਸਰਕਾਰ ਨੇ ਸਿੱਖਾਂ 'ਤੇ ਕੀਤਾ, ਉਸ ਨੇ ਅਬਦਾਲੀ ਵੱਲੋਂ ਕੀਤੇ ਜ਼ੁਲਮਾਂ ਨੂੰ ਵੀ ਪਿੱਛੇ ਛੱਡ ਦਿੱਤਾ। ਸਰਕਾਰ ਵੱਲੋਂ ਦਿੱਤੇ ਇਹ ਜ਼ਖ਼ਮ ਖਾਲਸਾ ਪੰਥ ਦੇ ਦਿਲਾਂ ਵਿੱਚੋਂ ਕਦੇ ਨਹੀਂ ਮਿਟ ਸਕਦੇ।

ਇਸ ਮੌਕੇ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੰਤ ਬਾਬਾ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ, ਸ਼ਹੀਦ ਭਾਈ ਅਮਰੀਕ ਸਿੰਘ ਦੀ ਸਪੁੱਤਰੀ ਬੀਬੀ ਸਤਵੰਤ ਕੌਰ, ਭਰਾ ਭਾਈ ਮਨਜੀਤ ਸਿੰਘ ਭੂਰਾਕੋਹਨਾ, ਸ਼ਹੀਦ ਭਾਈ ਨਛੱਤਰ ਸਿੰਘ ਭਲਵਾਨ ਦੇ ਸਪੁੱਤਰ ਭਾਈ ਭੁਪਿੰਦਰ ਸਿੰਘ ਭਲਵਾਨ, ਫੈਡਰੇਸ਼ਨ ਆਗੂ ਸ. ਕੰਵਰਚੜ੍ਹਤ ਸਿੰਘ ਸਮੇਤ ਸ਼ਹੀਦਾਂ ਦੇ ਕਈ ਪਰਵਾਰਕ ਮੈਂਬਰਾਂ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਸਿੱਖ ਸੰਘਰਸ਼ ਨਾਲ ਸਬੰਧਤ ਹੋਰ ਸ਼ਖ਼ਸੀਅਤਾਂ ਨੂੰ ਵੀ ਇਸ ਦੌਰਾਨ ਸਿਰੋਪਾਓ ਦੇ ਕੇ ਨਿਵਾਜਿਆ ਗਿਆ।

ਸਮਾਗਮ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ, ਗਿਆਨੀ ਸੁਲਤਾਨ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮੁੱਖ ਸਿੰਘ ਤੇ ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਜੂਨੀਅਰ ਮੀਤ ਪ੍ਰਧਾਨ ਸ. ਅਵਤਾਰ ਸਿੰਘ ਰਿਆ, ਅੰਤ੍ਰਿੰਗ ਮੈਂਬਰ ਸ. ਪਰਮਜੀਤ ਸਿੰਘ ਖਾਲਸਾ, ਸ. ਮਲਕੀਤ ਸਿੰਘ ਚੰਗਾਲ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਮਨਜੀਤ ਸਿੰਘ ਭੂਰਾਕੋਹਨਾ, ਭਾਈ ਰਾਮ ਸਿੰਘ, ਸ. ਸੁਰਜੀਤ ਸਿੰਘ ਭਿੱਟੇਵੱਡ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਹਰਜਾਪ ਸਿੰਘ ਸੁਲਤਾਨਵਿੰਡ, ਸ. ਭੁਪਿੰਦਰ ਸਿੰਘ ਭਲਵਾਨ, ਸ. ਅਮਰਜੀਤ ਸਿੰਘ ਭਲਾਈਪੁਰ, ਸ. ਜਗਸੀਰ ਸਿੰਘ ਮਾਂਗੇਆਣਾ, ਭਾਈ ਅਜਾਇਬ ਸਿੰਘ ਅਭਿਆਸੀ, ਸ. ਸੁਖਵਰਸ਼ ਸਿੰਘ ਪੰਨੂ, ਸ. ਬਲਦੇਵ ਸਿੰਘ ਚੂੰਘਾਂ, ਸ. ਅਮਰੀਕ ਸਿੰਘ ਵਿਛੋਆ, ਬਾਬਾ ਚਰਨਜੀਤ ਸਿੰਘ ਜੱਸੋਵਾਲ, ਸ. ਗੁਰਪ੍ਰੀਤ ਸਿੰਘ ਝੱਬਰ, ਬਾਬਾ ਟੇਕ ਸਿੰਘ, ਸੀਨੀਅਰ ਅਕਾਲੀ ਆਗੂ ਸ. ਵਿਰਸਾ ਸਿੰਘ ਵਲਟੋਹਾ, ਫੈਡਰੇਸ਼ਨ ਪ੍ਰਧਾਨ ਸ. ਕੰਵਰਚੜ੍ਹਤ ਸਿੰਘ, ਗੁਰਦੁਆਰਾ ਯਾਦਗਾਰ ਸ਼ਹੀਦਾਂ ਦੇ ਮੁੱਖ ਸੇਵਾਦਾਰ ਭਾਈ ਸੁਖਵਿੰਦਰ ਸਿੰਘ ਅਗਵਾਨ, ਬਾਬਾ ਸੁਖਵਿੰਦਰ ਸਿੰਘ ਮਲਕਪੁਰ, ਸ. ਅਮਰਬੀਰ ਸਿੰਘ ਢੋਟ, ਮੈਂਬਰ ਪਾਰਲੀਮੈਂਟ ਸ. ਸਿਮਰਨਜੀਤ ਸਿੰਘ ਮਾਨ, ਸ. ਈਮਾਨ ਸਿੰਘ ਮਾਨ, ਸ. ਨਰਾਇਣ

ਸਿੰਘ ਚੌੜਾ, ਸ. ਕੰਵਰਪਾਲ ਸਿੰਘ, ਭਾਈ ਜਸਬੀਰ ਸਿੰਘ ਘੁੰਮਣ, ਸ. ਹਰਸਿਮਰਨ ਸਿੰਘ, ਸਕੱਤਰ ਸ. ਪ੍ਰਤਾਪ ਸਿੰਘ, ਓਐਸਡੀ ਸ. ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸ. ਸੁਖਮਿੰਦਰ ਸਿੰਘ, ਸ. ਕੁਲਵਿੰਦਰ ਸਿੰਘ ਰਮਦਾਸ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਬਿਜੈ ਸਿੰਘ, ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਗੁਰਮੀਤ ਸਿੰਘ ਬੁੱਟਰ, ਸ. ਸਿਮਰਜੀਤ ਸਿੰਘ, ਮੈਨੇਜਰ ਸ. ਸਤਨਾਮ ਸਿੰਘ ਮਾਂਗਾਸਰਾਏ, ਮੀਤ ਸਕੱਤਰ ਸ. ਤੇਜਿੰਦਰ ਸਿੰਘ ਪੱਡਾ, ਸ. ਗੁਰਚਰਨ ਸਿੰਘ ਕੁਹਾਲਾ, ਸ. ਕੁਲਦੀਪ ਸਿੰਘ ਰੋਡੇ, ਸ. ਜਸਵਿੰਦਰ ਸਿੰਘ ਜੱਸੀ, ਪ੍ਰੋ. ਸੁਖਦੇਵ ਸਿੰਘ, ਸ. ਸ਼ਾਹਬਾਜ਼ ਸਿੰਘ, ਸ. ਪਰਮਜੀਤ ਸਿੰਘ, ਸੁਪਰਡੰਟ ਸ. ਮਲਕੀਤ ਸਿੰਘ ਬਹਿੜਵਾਲ ਤੇ ਸ. ਰਾਜਿੰਦਰ ਸਿੰਘ ਰੂਬੀ, ਆਨਰੇਰੀ ਸਕੱਤਰ ਸ. ਗੁਰਮੀਤ ਸਿੰਘ, ਮੈਨੇਜਰ ਸ. ਸੁਖਰਾਜ ਸਿੰਘ, ਸ. ਬਘੇਲ ਸਿੰਘ, ਸਾਬਕਾ ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ, ਡਾ. ਅਮਰਜੀਤ ਸਿੰਘ, ਸ. ਉਪਕਾਰ ਸਿੰਘ ਸੰਧੂ, ਭਾਈ ਬਲਵੰਤ ਸਿੰਘ ਗੋਪਾਲਾ ਆਦਿ ਮੌਜੂਦ ਸਨ।

## ਜੂਨ ੧੯੮੪ ਦੇ ਘੱਲੂਘਾਰੇ ਦੌਰਾਨ ਜ਼ਖ਼ਮੀ ਹੋਏ ਪਾਵਨ ਸਰੂਪ ਦੇ ਸੰਗਤ ਨੂੰ ਕਰਵਾਏ ਦਰਸ਼ਨ

ਜੂਨ ੧੯੮੪ ’ਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ’ਤੇ ਤਤਕਾਲੀ ਭਾਰਤ ਸਰਕਾਰ ਵੱਲੋਂ ਕੀਤੇ ਗਏ ਫ਼ੌਜੀ ਹਮਲੇ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੇ ਸੰਗਤ ਨੂੰ ਦਰਸ਼ਨ ਕਰਵਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਨਜ਼ਦੀਕ ਗੁਰਦੁਆਰਾ ਸ਼ਹੀਦ ਗੰਜ ਬਾਬਾ ਗੁਰਬਖ਼ਸ਼ ਸਿੰਘ ਜੀ ਵਿਖੇ ਸੁਸ਼ੋਭਿਤ ਕੀਤਾ ਗਿਆ। ਇਸ ਜ਼ਖ਼ਮੀ ਹੋਏ ਪਾਵਨ ਸਰੂਪ ਦੇ ਨਾਲ ਇਸ ਵਿਚ ਲੱਗੀ ਗੋਲੀ ਵੀ ਸੰਗਤ ਨੂੰ ਦਿਖਾਈ ਗਈ। ਇਹ ਪਾਵਨ ਸਰੂਪ ਗੁਰਦੁਆਰਾ ਸਾਹਿਬ ਵਿਖੇ ਸੁਸ਼ੋਭਿਤ ਕਰਨ ਲਈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਨੇ ਸੇਵਾ ਨਿਭਾਈ, ਜਦਕਿ ਇਸ ਬਾਰੇ ਸੰਗਤ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਨੇ ਜਾਣਕਾਰੀ ਦਿੱਤੀ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਜਦੋਂ ਤਕ ਦੁਨੀਆ ਰਹੇਗੀ ਕਾਂਗਰਸ ਵੱਲੋਂ ਸਿੱਖਾਂ ’ਤੇ ਵਰਤਾਇਆ ਕਹਿਰ ਯਾਦ ਕੀਤਾ ਜਾਂਦਾ ਰਹੇਗਾ। ਹਰ ਸਾਲ ਜੂਨ ਮਹੀਨੇ ਅੰਦਰ ਸਿੱਖ ਕੌਮ ਦੀਆਂ ਭਾਵਨਾਵਾਂ ਗਹਿਰੀ ਪੀੜਾ ’ਚੋਂ ਲੰਘਦੀਆਂ ਹਨ ਅਤੇ ਹਰ ਸੰਜੀਦਾ ਮਨੁੱਖ ਸਰਕਾਰ ਦੀ ਇਸ ਘਟੀਆ ਹਰਕਤ ਨੂੰ ਨਿੰਦਦਾ ਹੈ। ਐਡਵੋਕੇਟ ਧਾਮੀ ਨੇ ਆਖਿਆ ਕਿ ਜੂਨ ੧੯੮੪ ’ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਜ਼ਖ਼ਮੀ ਕਰਨਾ ਸਿੱਖ ਮਾਨਸਿਕਤਾ ਨੂੰ ਗਹਿਰਾ ਜ਼ਖ਼ਮ ਹੈ। ਉਨ੍ਹਾਂ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਕੌਮ ਦੇ ਜੁਝਾਰੂ ਨਾਇਕ ਕਰਾਰ ਦਿੰਦਿਆਂ ਕੌਮ ਦੀ ਚੜ੍ਹਦੀ ਕਲਾ ਵਾਸਤੇ ਕਾਮਨਾ ਕੀਤੀ। ■

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ

## ਸਿੱਖ ਮਿਸ਼ਨ ਕਲਕੱਤਾ ਵੱਲੋਂ ਅੰਮ੍ਰਿਤ-ਸੰਚਾਰ

ਸ. ਜਗਮੋਹਨ ਸਿੰਘ, ਇੰਚਾਰਜ, ਸਿੱਖ ਮਿਸ਼ਨ ਕਲਕੱਤਾ (ਪੂਰਬੀ ਭਾਰਤ) ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸਿੱਖ ਸੰਗਤ, ਬਰਨਪੁਰ ਆਸਨਸੋਲ, ਧੰਨਬਾਦ ਵਿਖੇ ੭ ਜਨਵਰੀ, ੨੦੨੩ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ੧੨ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

## ਪਿੰਡ ਕੱਦ ਗਿੱਲ ਵਿਖੇ ਅੰਮ੍ਰਿਤ-ਸੰਚਾਰ

ਭਾਈ ਲਖਮੀਰ ਸਿੰਘ ਕੱਕਾ ਕੰਡਿਆਲਾ, ਭਾਈ ਗੁਰਵਿੰਦਰ ਸਿੰਘ ਭੰਗਵਾਂ ਪ੍ਰਚਾਰਕ ਸਾਹਿਬਾਨ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਬਾਬਾ ਜੀਵਨ ਸਿੰਘ, ਪਿੰਡ ਕੱਦ ਗਿੱਲ, ਜ਼ਿਲ੍ਹਾ ਤਰਨ ਤਾਰਨ ਸਾਹਿਬ ਵਿਖੇ ੧੯ ਜਨਵਰੀ, ੨੦੨੩ ਨੂੰ ਕਰਵਾਏ ਅੰਮ੍ਰਿਤ-ਸੰਚਾਰ ਦੌਰਾਨ ੪੫ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਅੰਮ੍ਰਿਤ-ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ ਵੱਲੋਂ ਕਕਾਰ ਭੇਟਾ ਰਹਿਤ ਦਿੱਤੇ ਗਏ।


## ਬੁਤਾਲਾ ਵਿਖੇ ਅੰਮ੍ਰਿਤ-ਸੰਚਾਰ

ਭਾਈ ਜਸਪਾਲ ਸਿੰਘ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਪਾਤਸ਼ਾਹੀ ਛੇਵੀਂ, ਬੁਤਾਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ੦੧ ਮਾਰਚ, ੨੦੨੩ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੨੮ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਅੰਮ੍ਰਿਤ ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ ਵੱਲੋਂ ਭੇਟਾ ਰਹਿਤ ਦਿੱਤੇ ਗਏ।

## ਪਿੰਡ ਜਸਰਾਊਰ ਵਿਖੇ ਅੰਮ੍ਰਿਤ-ਸੰਚਾਰ

ਭਾਈ ਸੁਖਵੰਤ ਸਿੰਘ ਸਭਰਾ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਬੋਹੜੀ ਸਾਹਿਬ, ਪਿੰਡ ਜਸਰਾਊਰ, ਤਹਿਸੀਲ ਅਜਨਾਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ੧੦ ਮਾਰਚ, ੨੦੨੩ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੨੦ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

■



ਭਾਈ ਮਨੀ ਸਿੰਘ ਜੀ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕੀਤੇ ਜਾਣ ਦਾ ਦ੍ਰਿਸ਼

Registered with Registrar of Newspaper at No. 354/57
Postal Regd.No.L-I/PB-ASR/007/2022-2024 Without Pre-payment of Postage under License no. PB/370/2022-2024


# GURMAT PARKASH

July 2023


Dharam Parchar Committee, Shiromani Gurdwara Parbandhak Committee, Sri Amritsar Sahib



ਗੁਰਦੁਆਰਾ ਥੜ੍ਹਾ ਸਾਹਿਬ ਪਾ. ਨੌਵੀਂ, ਸ੍ਰੀ ਅਨੰਦਪੁਰ ਸਾਹਿਬ



ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਪਾ. ਨੌਵੀਂ, ਸ੍ਰੀ ਅਨੰਦਪੁਰ ਸਾਹਿਬ



ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਰੱਲਾ (ਮਾਨਸਾ)



ਗੁਰਦੁਆਰਾ ਬੇਰ ਸਾਹਿਬ ਪਾਤਸ਼ਾਹੀ ਨੌਵੀਂ, ਖਿਆਲਾ ਕਲਾਂ (ਮਾਨਸਾ)

Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh

Date: 2-7-2023